
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ
# ਦੇਸ਼ ਦੁਆਬਾ
VOL - 5 ISSUE - 22
September 7, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਮਦਰ ਟੈਰੇਸਾ ਨੂੰ "ਸੰਤ" ਦੀ ਉਪਾਧੀ

ਵੈਟੀਕਨ ਸਿਟੀ- ਕੋਲਕਾਤਾ ਦੇ ਨਿਆਸਰਿਆਂ ਅਤੇ ਦੁਰਕਾਰੇ ਲੋਕਾਂ ਦੀ ਸੇਵਾ ਕਰਨ ਕਾਰਨ ਇਸਾਈ ਪਰਉਪਕਾਰ ਦੀ ਆਲਮੀ ਮੂਰਤ ਬਣੀ ਮਦਰ ਟੈਰੇਸਾ ਨੂੰ ਉਨ੍ਹਾਂ ਦੀ ਮੌਤ ਤੋਂ ਬਾਅਦ ਸੰਤ ਦੀ ਉਪਾਧੀ ਦਿੱਤੀ ਗਈ। ਰੋਮਨ ਕੈਥੋਲਿਕਵਾਦ ਦੇ ਦੈਵਿਕ ਸੰਸਾਰ ਵਿੱਚ ਉਨ੍ਹਾਂ ਦੀ ਤਰੱਕੀ ਵੈਟੀਕਨ ਦੇ ਸੇਂਟ ਪੀਟਰਜ਼ ਸਕੁਏਰ ਵਿੱਚ ਹੋਏ ਸਮਾਰੋਹ ਦੌਰਾਨ ਹੋਈ। ਇਕ ਲੱਖ ਸ਼ਰਧਾਲੂਆਂ ਦੀ ਹਾਜ਼ਰੀ ਵਾਲਾ ਇਹ ਸਮਾਰੋਹ ਪੋਪ ਫਰਾਂਸਿਸ ਦੀ ਅਗਵਾਈ ਹੇਠ ਨੇਪਰੇ ਚੜ੍ਹਿਆ।



ਰੋਮਨ ਕੈਥੋਲਿਕ ਚਰਚ ਦੇ ਮੁਖੀ ਨੇ ਲਾਤੀਨੀ ਭਾਸ਼ਾ ਵਿੱਚ ਕਿਹਾ ਕਿ ''ਪਵਿੱਤਰ ਤ੍ਰਿਦੇਵ ਦੇ ਸਨਮਾਨ ਵਿੱਚ ਅਸੀਂ ਇਹ ਐਲਾਨ ਕਰਦੇ ਹਾਂ ਕਿ ਕਲਕੱਤਾ ਦੀ ਰੱਬੀ ਮਿਹਰ ਵਾਲੀ ਟੈਰੇਸਾ ਸੰਤ ਹੋਵੇਗੀ ਅਤੇ ਅਸੀਂ ਉਸ ਨੂੰ ਸੰਤਾਂ ਵਿੱਚ ਸ਼ਾਮਲ ਕਰਦੇ ਹਾਂ। ਸਮੁੱਚਾ ਚਰਚ ਉਨ੍ਹਾਂ ਨੂੰ ਸੰਤ ਦੀ ਉਪਾਧੀ ਦੇਣ ਦੇ ਫੈਸਲੇ ਨੂੰ ਮੰਨੇਗਾ।'' ਇਹ ਸਮਾਰੋਹ ਕੋਲਕਾਤਾ ਵਿੱਚ ਮਦਰ ਟੈਰੇਸਾ ਦੀ 19ਵੀਂ ਬਰਸੀ ਤੋਂ ਇਕ ਦਿਨ ਪਹਿਲਾਂ ਹੋਇਆ। ਜ਼ਿਕਰਯੋਗ ਹੈ ਕਿ ਮਦਰ ਟੈਰੇਸਾ ਨੇ ਕੋਲਕਾਤਾ ਵਿੱਚ ਤਕਰੀਬਨ ਚਾਰ ਦਹਾਕੇ ਮਸਕੀਨਾਂ ਦੀ ਸੇਵਾ ਕੀਤੀ। ਨੀਲੇ ਅੰਬਰ ਦੇ ਪਿਛੋਕੜ ਵਿੱਚ ਸੇਂਟ ਪੀਟਰਜ਼ ਦੀ 16ਵੀਂ ਸਦੀ ਦੀ ਬੈਸੀਲਿਕਾ (ਪ੍ਰਸ਼ਾਸਕੀ ਕੰਮਾਂ ਲਈ ਵਰਤੀ ਜਾਂਦੀ ਰੋਮਨ ਕੈਥੋਲਿਕ ਚਰਚ ਦੀ ਇਮਾਰਤ) ਵਿੱਚ ਪੋਪ ਫਰਾਂਸਿਸ ਦੀ ਅਗਵਾਈ ਹੇਠ ਸਦੀਆਂ ਤੋਂ ਹੂ-ਬ-ਹੂ ਚੱਲ ਰਹੇ ਧਾਰਮਿਕ ਰੀਤੀ ਰਿਵਾਜ ਨੇਪਰੇ ਚਾੜ੍ਹੇ ਗਏ।

ਸ਼ਰਧਾਲੂਆਂ ਦੀ ਮੰਗ ਅਨੁਸਾਰ ਵੈਟੀਕਨ ਸਮਾਰੋਹ ਦੀਆਂ ਟਿਕਟਾਂ ਦੀ ਗਿਣਤੀ ਆਸਾਨੀ ਨਾਲ ਹੀ ਦੁੱਗਣੀ ਕਰ ਸਕਦਾ ਸੀ ਪਰ ਥਾਂ ਤੇ ਸੁਰੱਖਿਆ ਪਾਬੰਦੀਆਂ ਕਾਰਨ ਇਸ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਸਮਾਰੋਹ ਦੌਰਾਨ ਰੋਮਨ ਕੈਥੋਲਿਕ ਚਰਚ ਦੇ ਹੈੱਡ ਕੁਆਰਟਰ ਉਤੇ ਹੈਲੀਕਾਪਟਰ ਮੰਡਰਾਉਂਦੇ ਰਹੇ। ਸਮਾਰੋਹ ਨੂੰ ਸ਼ਾਂਤੀਪੂਰਵਕ ਨੇਪਰੇ ਚਾੜ੍ਹਨ ਲਈ

(ਬਾਕੀ ਸਫਾ 21 'ਤੇ)

# ਚੜ੍ਹਦੇ ਸਾਲ ਦੇ ਪਹਿਲੇ ਜਨਵਰੀ ਮਹੀਨੇ ਹੀ ਹੋਣਗੀਆਂ ਪੰਜਾਬ ਵਿਚ ਚੋਣਾਂ

## ਆਮ ਆਦਮੀ ਪਾਰਟੀ ਦੇ ਗੁਰਪ੍ਰੀਤ ਸਿੰਘ 'ਘੁੱਗੀ' ਬਣੇ ਨਵੇਂ ਕਨਵੀਨਰ, ਅਮਰੀਕਾ ਦੀ ਪਹਿਲੀ ਸਿਆਸੀ ਫੇਰੀ 'ਤੇ 15 ਸਤੰਬਰ ਨੂੰ ਫਰਿਜਨੋ ਆਉਣਗੇ

ਚੰਡੀਗੜ੍ਹ (ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਅਗਲੇ ਵਰ੍ਹੇ ਜਨਵਰੀ ਦੇ ਤੀਜੇ ਜਾਂ ਚੌਥੇ ਹਫ਼ਤੇ ਹੋਣਗੀਆਂ ਅਤੇ ਚੋਣ ਜ਼ਾਬਤਾ ਦਸੰਬਰ ਵਿੱਚ ਲੱਗੇਗਾ। ਅੱਜ ਇੱਥੇ ਵਿਧਾਨ ਸਭਾ ਚੋਣਾਂ ਲਈ ਵੋਟ ਸੂਚੀਆਂ ਦੀ ਸੁਧਾਈ ਦਾ ਅਮਲ ਸ਼ੁਰੂ ਹੋਣ ਦਾ ਐਲਾਨ ਕਰਦਿਆਂ ਸਾਲ ਤੋਂ ਉੱਪਰਲੀ ਉਮਰ ਦੇ ਨੌਜਵਾਨ ਜਿਨ੍ਹਾਂ ਦੀਆਂ ਵੋਟਾਂ ਬਣਨੀਆਂ ਚਾਹੀਦੀਆਂ ਹਨ, ਦੀ ਗਿਣਤੀ 11 ਲੱਖ 50 ਹਜ਼ਾਰ 357 ਹੈ। ਇਨ੍ਹਾਂ ਵਿੱਚੋਂ 95 ਹਜ਼ਾਰ 22 ਵੋਟਾਂ ਹੀ ਬਣੀਆਂ ਹਨ। ਇਸ ਤਰ੍ਹਾਂ ਨਾਲ 10 ਲੱਖ ਤੋਂ ਜ਼ਿਆਦਾ ਨੌਜਵਾਨਾਂ ਦੀਆਂ ਵੋਟਾਂ ਬਣਨ ਵਾਲੀਆਂ ਹਨ। ਔਰਤਾਂ ਦੀ ਗਿਣਤੀ ਇਕ ਕਰੋੜ 99 ਲੱਖ 49 ਹਜ਼ਾਰ 125 ਦੇ ਕਰੀਬ ਹੈ।

ਇਸੇ ਸਮੇਂ ਇਕ ਕਰੋੜ 92 ਲੱਖ 14 ਹਜ਼ਾਰ 509 ਦੀਆਂ ਵੋਟਾਂ ਬਣੀਆਂ ਹੋਈਆਂ ਹਨ ਤੇ ਇਹ ਅੰਕੜਾ 96.32 ਫ਼ੀਸਦੀ ਬਣਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ






ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵਿਜੈ ਕੁਮਾਰ ਸਿੰਘ ਨੇ ਕਿਹਾ ਕਿ ਮੁੱਖ ਚੋਣ ਕਮਿਸ਼ਨਰ ਇਸ ਮਹੀਨੇ ਦੇ ਤੀਜੇ ਹਫ਼ਤੇ ਦੌਰਾਨ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਆਉਣਗੇ।

ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਨੌਜਵਾਨਾਂ ਦੀਆਂ ਵੋਟਾਂ ਘੱਟ ਬਣੀਆਂ ਹਨ। ਇਸ ਲਈ ਭਲਕੇ ਸ਼ੁਰੂ ਹੋਣ ਵਾਲੀ ਮੁਹਿੰਮ ਦੌਰਾਨ ਨੌਜਵਾਨਾਂ ਦੀਆਂ ਵੋਟਾਂ ਬਣਾਉਣ 'ਤੇ ਜ਼ੋਰ ਦਿੱਤਾ ਜਾਵੇਗਾ। ਪੰਜਾਬ ਵਿੱਚ 18 ਨੌਜਵਾਨਾਂ ਦੀਆਂ ਵੋਟਾਂ ਬਣਾਉਣ ਲਈ ਵਿਦਿਅਕ ਸੰਸਥਾਵਾਂ ਵਿੱਚ ਵਿਸ਼ੇਸ਼ ਕੈਂਪ ਲਾਏ ਜਾਣਗੇ। ਉਨ੍ਹਾਂ ਦੱਸਿਆ ਕਿ ਸਾਰੀਆਂ ਸਿਆਸੀ ਧਿਰਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਵੋਟਾਂ ਬਣਾਉਣ 'ਚ ਮਦਦ ਕਰਨ ਲਈ ਕਿਹਾ ਗਿਆ ਹੈ।

ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਸੂਬੇ ਦੀ ਕੁੱਲ ਵਸੋਂ 2 ਕਰੋੜ 95 ਲੱਖ 23 ਹਜ਼ਾਰ 569 ਹੈ। ਇਸ ਵਿੱਚੋਂ 18 ਸਾਲ ਤੋਂ ਉਪਰਲੀ ਉਮਰ ਦੇ ਪੁਰਸ਼ਾਂ ਤੇ ਚੰਡੀਗੜ੍ਹ ਭਾਵੇਂ ਪੰਜਾਬ ਦੀ ਰਾਜਧਾਨੀ ਹੈ ਪਰ ਕੇਂਦਰ ਸ਼ਾਸਿਤ ਪ੍ਰਦੇਸ਼ ਹੋਣ ਕਾਰਨ ਇੱਥੋਂ ਦੇ ਵੋਟਰ ਪੰਜਾਬ ਦੀਆਂ ਚੋਣਾਂ ਲਈ ਯੋਗ ਨਹੀਂ ਮੰਨੇ ਜਾਂਦੇ। ਵੀ. ਕੇ. ਸਿੰਘ ਨੇ ਕਿਹਾ ਕਿ ਇਸ ਵਾਰੀ ਚੋਣ ਪ੍ਰਕਿਰਿਆ ਗੁੰਝਲਦਾਰ ਹੈ। ਇਸ ਲਈ ਸੁਪਰਵਾਈਜ਼ਰ ਪੱਧਰ ਦੇ ਅਫ਼ਸਰਾਂ ਨੂੰ ਹੁਣੇ ਤੋਂ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਗਈ ਹੈ।

**ਜਗਮੀਤ ਬਰਾੜ 'ਆਪ' ਨਾਲ ਤੁਰਿਆ**

(ਬਾਕੀ ਸਫਾ 21 ਤੇ)



### ਕਿਉਂ ਅਧਿਆਪਕ ਦਿਵਸ 'ਤੇ ਮਾਂ ਸਵਿੱਤਰੀਬਾਈ ਫੂਲੇ ਦਾ ਜ਼ਿਕਰ ਨਹੀਂ ਹੁੰਦਾ?

ਅਧਿਆਪਕ ਦਿਵਸ ਨੂੰ ਸਮਰਪਿਤ **ਸ੍ਰੀ ਵਿਮਲ ਵਰੁਣ** ਦੁਆਰਾ ਲਿਖਤ ਵਿਸ਼ੇਸ਼ ਲੇਖ

**ਦੇਖੋ ਸਫਾ 21 'ਤੇ**

## ਬ੍ਰਿਟੇਨ ਕਰੇਗਾ ਜਾਤੀ 'ਤੇ ਚਰਚਾ, ਭਾਰਤੀ ਸੰਸਦ ਹਾਲੇ ਵੀ ਚੁੱਪ


ਇਹ ਚਰਚਾ ਕਾਇਦੇ ਮੁਤਾਬਕ ਦੱਖਣੀ ਏਸ਼ੀਆ ਵਿਚ ਹੋਣੀ ਚਾਹੀਦੀ ਹੈ। ਜਾਤੀ ਦੀ ਜਨਮਭੂਮੀ ਇੱਥੇ ਹੀ ਹੈ ਪਰ ਇਹ ਚਰਚਾ ਬ੍ਰਿਟੇਨ ਵਿਚ ਹੋਵੇਗੀ। ਬ੍ਰਿਟੇਨ ਸਰਕਾਰ ਦੇ ਗੌਰਮਿੰਟ ਇਕਲਿਟੀਜ ਆਫਿਸ ਨੇ ਸ਼ੁੱਕਰਵਾਰ ਯਾਨਿ ਦੋ ਸਤੰਬਰ ਨੂੰ ਇਕ ਅਧਿਸੂਚਨਾ ਜਾਰੀ ਕੀਤੀ ਹੈ ਕਿ ਜਾਤੀ ਅਤੇ ਇਕਲਿਟੀਜ਼ ਐਕਟ-2010 'ਤੇ ਜਨਤਾ ਵਿਚਕਾਰ ਵਿਚਾਰ-ਵਟਾਂਦਰਾ ਚਲਾਇਆ ਜਾਵੇਗਾ। ਬ੍ਰਿਟੇਨਦੀ ਸੰਸਦ ਪਹਿਲਾਂ ਹੀ ਇਸ ਵਿਸ਼ੇ 'ਤੇ ਚਰਚਾ ਕਰ ਚੁੱਕੀ ਹੈ। ਇਸ ਚਰਚਾ ਦਾ ਮਕਸਦ ਇਹ ਜਾਨਣਾ ਹੈ ਕਿ ਬ੍ਰਿਟੇਨ ਦੇ ਇਕਲਿਟੀਜ ਐਕਟ 2010 ਵਿਚ ਕੀ ਇਥ ਗੱਲ ਦੀ ਲੋੜੀਂਦੀ ਵਿਵਸਥਾ ਹੈ, ਜਿਸ ਤੋਂ ਜਾਤੀ ਸ਼ੋਸ਼ਣ ਦੇ ਸ਼ਿਕਾਰ ਲੋਕਾਂ ਨੂੰ ਨਿਆਂ ਮਿਲ ਸਕੇ। ਨਾਲ ਹੀ ਇਹ ਜਾਨਣ ਦੀ ਕੋਸ਼ਿਸ਼ ਹੋਵੇਗੀ ਕਿ ਜਾਤੀ ਤੋਂ ਪੀੜਤ ਲੋਕਾਂ ਨੂੰ ਨਿਆਂਇਕ ਸੁਰੱਖਿਆ ਦੇਣ ਦੇ ਲਈ ਹੋਰ ਕਿਹੜੇ ਉਪਾਅ ਕਰਨ ਦੀ ਜ਼ਰੂਰਤ ਹੈ। ਇਹ ਚਰਚਾ ਪੂਰੇ 12 ਹਫਤੇ ਚੱਲੇਗੀ ਅਤੇ ਇਸ ਦਰਮਿਆਨ ਸਰਕਾਰ ਇਸ ਤੋਂ ਉਭਰੇ ਮੁੱਦਿਆਂ 'ਤੇ ਵਿਚਾਰ ਕਰਨ ਤੋਂ ਬਾਅਦ ਹੀ ਕੋਈ ਫੈਸਲਾ ਕਰੇਗੀ। ਇਸ ਚਰਚਾ ਵਿਚ ਵਿਆਪਕ ਲੋਕਾਂ ਦੀ ਹਿੱਸੇਦਾਰੀ ਯਕੀਨੀ ਬਣਾਈ ਜਾਵੇਗੀ। ਭਾਰਤ ਵਿਚ ਜਾਤੀ ਤੇ ਅਜਿਹੀ ਕੋਈ ਵੀ ਅਧਿਕਾਰਿਤ ਚਰਚਾ ਆਖਰੀ ਵਾਰ ਸੰਵਿਧਾਨ ਸਭਾ ਦੀ ਬੈਠਕ ਵਿਚ ਹੋਈ ਸੀ। ਉਹ ਵੀ ਇਸ ਸੋਚ ਦੇ ਤਹਿਤ ਕਿ ਆਧੁਨਿਕ ਲੋਕਤੰਤਰ ਵਿਚ ਜਾਤੀ ਦੀ ਸਮੱਸਿਆ ਸ਼ਾਇਦ ਆਪਣੇ ਆਪ ਖਤਮ ਹੋ ਜਾਵੇਗੀ।

**- ਦਲੀਪ ਮੰਡਲ**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409



RIYA'S FASHION
9165 ELK GROVE
FLORIN RD.
ELK GROVE CA 95624
Tel : 916-647-3708
Follow us on
RIYAFASHION16

SAROAY INVESTMENT REALTY
Ram Saroay Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# INDIA BAZAAR




**INDIAN, PAKISTANI & FIJJIAN GROCERIES**

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (415) 706-7027
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

**EVERY SATURDAY & SUNDAY SPECIAL DISCOUNT ON GROCERIES**

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# Raja SWEETS & CATERING



AUTHORIZED CATERER FOR MAJOR 5-STAR HOTELS

**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

## Kash FABRICS



## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



## KASH FABRICS

ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

# INDIA MARKET

SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

**Super Eyebrow Threading Now Open**

Eyebrow Threading & Henna Tattoo

7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell :
916- 396-8939
916-338-5511
Email: IndiaMarketRoseville@gmail.com

# ਸਹੀਦ ਬਾਬਾ ਜੀਵਨ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਬਸਪਾ ਵੱਲੋਂ ਸੂਬਾ ਪੱਧਰੀ ਸਮਾਗਮ

## ਬਸਪਾ ਨੇ ਪੰਥਕ ਮੁੱਦਿਆਂ ਤੇ ਅਕਾਲੀ ਭਾਜਪਾ ਸਰਕਾਰ ਨੂੰ ਘੇਰਿਆ





**ਤਲਵੰਡੀ ਸਾਬੋ (ਕੁਲਵੰਤ ਸਿੰਘ ਟਿੱਬਾ)-** ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਚਾਂਦਨੀ ਚੌਂਕ ਦਿੱਲੀ ਤੋਂ ਅਨੰਦਪੁਰ ਸਾਹਿਬ ਤੱਕ ਪੁੱਜਦਾ ਕਰਨ ਵਾਲੇ ਲਾਸਾਨੀ ਯੋਧੇ ਸਹੀਦ ਬਾਬਾ ਜੀਵਨ ਸਿੰਘ (ਭਾਈ ਜੈਤਾ ) ਜੀ ਦੇ 368ਵੇਂ ਜਨਮ ਦਿਹਾੜੇ ਮੌਕੇ ਬਹੁਜਨ ਸਮਾਜ ਪਾਰਟੀ ਵੱਲੋਂ ਸੂਬਾ ਪੱਧਰੀ ਸਮਾਗਮ ਤਲਵੰਡੀ ਸਾਬੋ (ਸ੍ਰੀ ਦਮਦਮਾ ਸਾਹਿਬ) ਵਿਖੇ ਆਯੋਜਿਤ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਬਸਪਾ ਪੰਜਾਬ ਦੇ ਇੰਚਾਰਜ ਡਾ. ਮੇਘਰਾਜ ਸਿੰਘ,ਪ੍ਰਕਾਸ਼ ਭਾਰਤੀ ਅਤੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ (ਸਾਬਕਾ ਮੈਂਬਰ ਰਾਜ ਸਭਾ) ਸ਼ਾਮਿਲ ਹੋਏ। ਇਸ ਮੌਕੇ ਹੋਏ ਭਰਵੇਂ ਇਕੱਠ ਨੂੰ ਸੰ-ਬੋਧਨ ਕਰਦਿਆਂ ਬਸਪਾ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਪੰਥਕ ਮੁੱਦਿਆਂ ਨੂੰ 'ਤੇ ਪੰਜਾਬ ਦੀ ਅਕਾਲੀ ਭਾਜਪਾ ਨੂੰ ਘੇਰਿਆ। ਉਨ੍ਹਾਂ ਕਿਹਾ ਕਰੀਮਪੁਰੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ 1 ਹਜਾਰ 64 ਕਰੋੜ ਰੁਪੈ ਸਾਲਾਨਾ ਬਜਟ ਹੈ ਪਰ ਅਜੇ ਤੱਕ ਬਾਬਾ ਜੀਵਨ ਸਿੰਘ ਜੀ ਦਾ ਸਮਾਰਕ ਜਾਂ ਯਾਦਗਾਰ ਕਾਇਮ ਨਹੀਂ ਕੀਤੀ ਗਈ। ਜਦਕਿ ਬਾਦਲ ਪਰਿਵਾਰ ਵੱਲੋਂ ਆਪਣੇ ਚਹੇਤਿਆਂ ਦੇ ਟਰੱਸਟ ਰਾਹੀਂ 'ਤੇ ਹਰਿਆਣਾ ਵਿੱਚ ਬਣਾਏ ਜਾ ਰਹੇ ਮੈਡੀਕਲ ਕਾਲਜ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 106 ਕਰੋੜ ਰੁਪੈ ਗੁਰੂ ਦੀ ਗੋਲਕ ਦਾ ਵਰਤਿਆ ਗਿਆ ਹੈ। ਅਵਤਾਰ ਸਿੰਘ ਕਰੀਮਪੁਰੀ ਨੇ ਗੁਰੂ ਕੀ ਗੋਲਕ ਦੀ ਲੁੱਟ ਬਿਆਨ ਕਰਦਿਆਂ ਕਿਹਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ ਚੱਲ ਰਹੇ ਮੈਡੀਕਲ ਕਾਲਜ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ, ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਜਥੇਦਾਰਾਂ ਨੇ ਆਪਣੇ ਬੱਚਿਆਂ ਨੂੰ ਮਹਿੰਗੇ ਮੈਡੀਕਲ ਕੋਰਸ ਤਾਂ ਕਰਵਾ ਲਏ ਪਰ ਫ਼ੀਸਾਂ ਨਹੀਂ ਭਰੀਆਂ ਅਤੇ ਕਰੋੜਾ ਰੁਪੈ ਦੱਬ ਲਏ ਹਨ। ਉਨ੍ਹਾਂ ਕਿਹਾ ਕਿ ਸਿੱਖ ਵਿਰੋਧੀ ਦੌਰ ਵਿੱਚ ਬੇਕਸੂਰ ਸਿੱਖ ਨੌਜਵਾਨਾਂ ਨੂੰ ਘਰਾਂ ਚੋਂ ਕੱਢ ਕੇ ਮਾਰਨ ਵਾਲੇ ਪੁਲਿਸ ਅਫ਼ਸਰਾਂ ਨੂੰ ਬਾਦਲ ਸਰਕਾਰ ਵੱਲੋਂ ਵੱਡੇ ਅਹੁਦੇ ਦਿੱਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਬਸਪਾ ਦੀ ਸਰਕਾਰ ਆਉਣ ਤੇ ਉਨ੍ਹਾਂ ਸਮੂਹ ਪੁਲਿਸ ਅਫ਼ਸਰਾਂ ਨੂੰ ਜੇਲ੍ਹਾਂ ਅੰਦਰ ਸੁੱਟਿਆ ਜਾਵੇਗਾ ਜਿਨ੍ਹਾਂ ਨੇ ਸਿੱਖਾਂ ਵਿਰੁੱਧ ਦਮਨਕਾਰੀ ਨੀਤੀ ਤੇ ਪਹਿਰਾ ਦਿੱਤਾ ਭਾਵੇਂ ਕਿ ਉਹ ਪੰਜਾਬ ਪੁਲਿਸ ਦਾ ਮੁਖੀ ਹੀ ਕਿਉਂ ਨਾ ਹੋਵੇ। ਕਰੀਮਪੁਰੀ ਨੇ ਪੰਜਾਬ ਦੇ ਪਾਣੀਆਂ ਦੇ ਮੁੱਦੇ ਤੇ ਕਾਂਗਰਸ, ਅਕਾਲੀ ਦਲ ਨੂੰ ਬਰਾਬਰ ਦੇ ਦੋਸੀ ਦੱਸਦਿਆਂ ਕਿਹਾ ਕਿ ਇਹ ਦੋਵੇਂ ਪਾਰਟੀਆਂ ਪੰਜਾਬੀਆਂ ਨੂੰ ਗੁੰਮਰਾਹ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਪੰਜਾਬ ਦੇ ਪਾਣੀਆਂ ਨੂੰ ਲੁੱਟਣ ਦੀ ਕਹਾਣੀ ਸ਼ੁਰੂ ਕੀਤੀ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਹਰਿਆਣਵੀ ਦੋਸਤ ਦੇਵੀ ਲਾਲ ਦੇ ਕਹਿਣ ਤੇ 1978 ਵਿੱਚ ਸਤਲੁਜ ਯਮੁਨਾ ਲਿੰਕ ਨਹਿਰ ਦੇ ਨਿਰਮਾਣ ਲਈ ਜ਼ਮੀਨ ਪ੍ਰਾਪਤ ਕਰਨ ਲਈ 4/77 ਨੋਟੀਫ਼ਿਕੇਸ਼ਨ ਕੀਤਾ ਸੀ ਅਤੇ ਹੁਣ ਆਮ ਆਦਮੀ ਪਾਰਟੀ ਨੇ ਵੀ ਪਾਣੀਆਂ ਦੇ ਮਸਲੇ ਤੇ ਦੋਹਰੀ ਰਾਜਨੀਤੀ ਕੀਤੀ ਹੈ, ਜੋ ਸਭ ਦੇ ਸਾਹਮਣੇ ਹੈ। ਉਨ੍ਹਾਂ ਕਿਹਾ ਕਿ ਬਸਪਾ ਹੀ ਪੰਜਾਬ ਅਤੇ ਪੰਜਾਬ ਦੇ ਹਿਤਾਂ ਲਈ ਲੜ ਸਕਦੀ ਹੈ। ਇਸ ਲਈ ਪੰਜਾਬ ਦੇ ਲੋਕ 2017 ਵਿੱਚ ਬਸਪਾ ਨੂੰ ਇੱਕ ਮੌਕਾ ਪ੍ਰਦਾਨ ਕਰਨ। ਨਸ਼ਿਆਂ ਦੇ ਮੁੱਦੇ ਤੇ ਗੱਲ ਕਰਦਿਆਂ ਕਿਹਾ ਕਿ ਇੱਕ ਪਾਸੇ ਤਾਂ ਪ੍ਰਕਾਸ਼ ਸਿੰਘ ਬਾਦਲ ਸੂਬੇ ਅੰਦਰ ਨਸ਼ਿਆਂ ਦੇ ਰੁਝਾਨ ਤੋਂ ਇਨਕਾਰ ਕਰ ਰਿਹਾ ਹੈ ਜਦਕਿ ਦੂਜੇ ਪਾਸੇ ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਦੇ ਢਾਈ ਲੱਖ ਵਿਅਕਤੀ ਪੰਜਾਬ ਸਰਕਾਰ ਵੱਲੋਂ ਚਲਾਏ ਗਏ ਨਸਾ ਛਡਾਊ ਕੇਂਦਰਾਂ ਵਿੱਚ ਆਪਣਾ ਇਲਾਜ ਕਰਾਉਣ ਲਈ ਆਏ ਹਨ। ਉਨ੍ਹਾਂ ਕਿਹਾ ਕਿ ਕਿੰਨੀ ਸਰਮ ਦੀ ਗੱਲ ਹੈ ਕਿ ਪਵਿੱਤਰ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੂਬਾ ਸਰਕਾਰ ਵੱਲੋਂ ਔਰਤਾਂ ਲਈ ਨਸਾਂ ਛਡਾਊ ਕੇਂਦਰ ਵੀ ਖੋਲਿਆ ਗਿਆ। ਪੰਜਾਬ ਵਿੱਚ ਅਮਨ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਹੈ ਅਤੇ ਸੂਬੇ ਅੰਦਰ ਦਲਿਤਾਂ, ਪਛੜਿਆਂ ਤੇ ਜੁਲਮ ਲਗਾਤਾਰ ਵੱਧ ਰਹੇ ਹਨ।

ਪੰਜਾਬ ਬਸਪਾ ਦੇ ਇੰਚਾਰਜ ਡਾ. ਮੇਘਰਾਜ ਸਿੰਘ ਨੇ ਕਿਹਾ ਕਿ ਪੰਜਾਬ ਦੀ ਅਕਾਲੀ ਭਾਜਪਾ ਸਰਕਾਰ ਅਤੇ ਕੇਂਦਰ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐੱਨ.ਡੀ.ਏ ਸਰਕਾਰ ਕਿਸਾਨ ਪੱਖੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਇੱਕ ਹਜਾਰ ਕਰੋੜ ਅਤੇ ਕੇਂਦਰ ਨੇ 1ਲੱਖ 14 ਹਜਾਰ ਕਰੋੜ ਰੁਪੈ ਵੱਡੇ ਉਦਯੋਗਪਤੀਆਂ ਦਾ ਮੁਆਫ਼ ਕੀਤਾ ਹੈ ਜਦਕਿ ਕਰਜ਼ੇ ਤੋਂ ਪ੍ਰੇਸ਼ਾਨ ਦੇਸ ਦਾ ਅੰਨਦਾਤਾ ਕਿਸਾਨ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਿਹਾ ਹੈ ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਵੱਡੇ ਉਦਯੋਗਪਤੀਆਂ ਨੂੰ 48 ਲੱਖ ਰੁਪੈ ਸਬਸਿਡੀ ਦੇ ਰੂਪ ਵਿੱਚ ਲੁਟਾ ਦਿੱਤਾ ਹੈ ਜਦਕਿ ਦੇਸ ਦਾ ਦਲਿਤ, ਪਛੜਾ, ਕਿਸਾਨ, ਮਜ਼ਦੂਰ ਭੁੱਖਾ ਮਰ ਰਿਹਾ ਹੈ । ਇਸ ਮੌਕੇ ਵੱਖ ਵੱਖ ਪਾਰਟੀਆਂ ਦੇ ਦਰਜਨਾਂ ਆਗੂਆਂ ਨੇ ਬਸਪਾ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਅਜੀਤ ਸਿੰਘ ਭੈਣੀ, ਹਰਭਜਨ ਸਿੰਘ ਬਜਹੇੜੀ,ਰਛਪਾਲ ਰਾਜੂ,ਡਾ. ਮੱਖਣ ਸਿੰਘ ਸੰਗਰੂਰ, ਜੋਗਾ ਸਿੰਘ ਪਨੌਂਦੀਆਂ,ਚੌਧਰੀ ਗੁਰਨਾਮ ਸਿੰਘ, ਸੰਤ ਸਿੰਘ ਮੱਲੀਆਂ, ਕੁਲਦੀਪ ਸਿੰਘ ਸਰਦੂਲਗੜ੍ਹ, ਰਾਮ ਸਿੰਘ ਆਜ਼ਾਦ, ਰਾਮ ਲੁਭਾਇਆ, ਹਰਜਿੰਦਰ ਸਿੰਘ ਮਿਥੁਨ,ਜਗਦੀਪ ਸਿੰਘ ਗੋਗੀ,ਡਾ. ਨਛੱਤਰਪਾਲ ਸਿੰਘ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# "ਨੋ ਯੁਅਰ ਨੇਬਰ" ਰਾਹੀਂ ਅਮਰੀਕੀ ਸਰਕਾਰ ਵਿਚ ਤਬਦੀਲੀ ਲਿਆਉਣ ਦਾ ਯਤਨ

**ਵਾਸ਼ਿੰਗਟਨ, (ਹੁਸਨ ਲੜੋਆ ਬੰਗਾ)-** ਪਿਛਲੇ ਸਾਲ ਨੈਸ਼ਨਲ ਸਿਖ ਮੁਹਿੰਮ ਨੇ ਅਗਵਾਈ ਕਰਦਿਆਂ ਵਾਈਟ ਹਾਊਸ ਵਿਖੇ ਕੌਮੀ ਨਾਗਰਿਕ ਅਧਿਕਾਰ ਅਤੇ ਧਰਮ ਅਧਾਰਿਤ ਗਰੁੱਪਾਂ ਦਾ ਇਕ ਗਠਜੋੜ ਬਣਾਇਆ ਸੀ ਜਿਸ ਦਾ ਨਾਂਅ ਸੀ ' ਨੋ ਯੁਅਰ ਨੇਬਰ'। ਨੋ ਯੁਅਰ ਨੇਬਰ ਦਾ ਮਿਸ਼ਨ ਹੈ ਦੇਸ਼ ਦੀ ਧਾਰਮਿਕ ਵਿਭਿੰਨਤਾ ਬਾਰੇ ਦੇਸ਼ ਵਿਆਪੀ ਚਰਚਾ ਕਰਨੀ ਅਤੇ ਸਾਰੇ ਧਰਮਾਂ ਤੇ ਰਵਾਇਤਾਂ ਦੀ ਮਨੁੱਖਤਾ ਨੂੰ ਸਮੁੱਚੇ ਅਮਰੀਕਾ ਵਿਚ ਫੈਲਾਉਣਾ। ਇਸੇ ਮਿਸ਼ਨ ਤਹਿਤ ਪਿਛਲੇ ਸਾਲ ਕੁਲੀਸ਼ਨ ਨੇ ਪ੍ਰੋੜਤਾ ਕੀਤੀ ਸੀ ਕਿ ਵਖ ਵੱਖ ਸਰਕਾਰੀ ਏਜੰਸੀਆਂ ਆਪਣੇ ਧਾਰਮਿਕ ਵਖਰੇਵੇ ਵਾਲੀਆਂ ਨੀਤੀਆਂ ਨੂੰ ਅਪਡੇਟ ਕਰਨ ਅਤੇ ਇਨਾਂ ਦੀ ਸਮੀਖਿਆ ਕਰਨ। ਇਸ ਅਪੀਲ 'ਤੇ ਵਾਈਟ



ਹਾਊਸ ਅਤੇ ਨਿਆਂ ਵਿਭਾਗ ਨੇ ਇਸ ਦੀ ਪਾਲਣਾ ਵੀ ਕੀਤੀ ਤੇ ਨਿਆਂ ਵਿਭਾਗ ਦੀ ਅਗਵਾਈ ਵਿਚ ਦੇਸ਼ ਵਿਆਪੀ ਵਿਚਾਰ ਚਰਚਾ ਵੀ ਕੀਤੀ। ਪਿਛਲੇ ਮਹੀਨੇ ਵਾਈਟ ਹਾਊਸ ਨੇ ਨਿਆਂ ਵਿਭਾਗ ਦੀ ਇਸ ਸਬੰਧੀ ਰਿਪੋਰਟ ਨੂੰ ਲੈਕੇ ਇਕ ਵਿਆਪਕ ਗੱਲਬਾਤ ਕੀਤੀ। ਇਸ ਰਿਪੋਰਟ ਵਿਚ ਦਰਸਾਇਆ ਗਿਆ ਹੈ ਕਿ ਆਪਣੀ ਦੇਸ਼ ਵਿਆਪੀ ਵਿਚਾਰ ਚਰਚਾ ਤੋਂ ਨਿਆਂ ਵਿਭਾਗ ਨੇ ਕੀ ਸਿਖਿਆ ਹੈ। ਇਹ ਰਿਪੋਰਟ ਚਾਰ ਵਿਸ਼ੇਸ਼ ਚਿੰਤਾਵਾਂ ਦੇ ਖੇਤਰ 'ਤੇ ਕੇਂਦਰਿਤ ਸੀ ਜਿਨਾਂ ਵਿਚ ਸਿਖਿਆ, ਰੋਜ਼ਗਾਰ, ਨਫਰਤੀ ਹਿੰਸਾ ਅਤੇ ਲੈਂਡ ਯੂਜ਼ ਸ਼ਾਮਿਲ ਸਨ। ਨਿਆਂ ਵਿਭਾਗ ਨੇ ਇਸੇ ਆਧਾਰ 'ਤੇ ਆਪਣੀਆਂ ਨੀਤੀਆਂ ਵਿਚ ਕੁਝ ਤਬਦੀਲੀਆਂ ਦਾ ਐਲਾਨ ਵੀ ਕੀਤਾ। ਸਾਡੇ ਗਰੁੱਪ ਦੇ ਕਹਿਣ 'ਤੇ ਹੀ ਨਿਆਂ ਵਿਭਾਗ ਦੇ ਨਾਲ ਨਾਲ ਸਿਖਿਆ ਵਿਭਾਗ ਅਤੇ ਗ੍ਰਹਿ ਵਿਭਾਗ ਨੇ ਵੀ ਨੀਤੀਆਂ ਵਿਚ ਤਬਦੀਲੀਆਂ ਕੀਤੀਆਂ ਹਨ। ਵਾਈਟ ਹਾਊਸ ਨੇ ਵੀ ਇਕ ਬਲਾਗ ਜਾਰੀ ਕੀਤਾ ਹੈ ਜਿਸ ਵਿਚ ਨੀਤੀ ਤਬ-ਦੀਲੀਆਂ ਵਿਚ ਨੋ ਯੁਅਰ ਨੇਬਰ ਦੇ ਯੋਗਦਾਨ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ।

# ਅੰਤਰਰਾਸ਼ਟਰੀ ਸਿੱਖਿਆ ਸੰਸਥਾਨਾਂ ਦੇ ਵੀ ਹਨ ਮਾਪਦੰਡ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਅੰਤਰਰਾਸ਼ਟਰੀ ਸਿਖਿਆ ਸੰਸਥਾਨਾਂ ਦੀ ਉਚ-ਮਿਆਰੀ ਚੈਕ ਕਰਨ ਵਾਸਤੇ ਵੀ ਬਹੁਤ ਸਾਰੇ ਮਾਪਦੰਢ ਹਨ। ਅੰਤਰਰਾਸ਼ਟਰੀ ਸੰਸਥਾ 'ਕਿਉ ਐਸ. ਵਰਲਡ ਯੂਨੀਵਰਸਿਟੀ ਰੈਂਕਿੰਗਜ਼' ਦੇ ਆਏ ਤਾਜ਼ਾ ਸਰਵੇ ਅਨੁਸਾਰ ਪਹਿਲੇ ਤਿੰਨ ਸਥਾਨ ਅਮਰੀਕਾ ਦੇ ਨਾਂਅ ਰਹੇ। ਪਹਿਲਾ ਸਥਾਨ ਮਾਸਾਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਨੂੰ, ਦੂਜਾ ਸਟੈਂਡਫੋਰਡ ਯੂਨੀਵਰਸਿਟੀ ਨੂੰ ਅਤੇ ਤੀਜਾ ਹਾਰਵਰਡ ਯੂਨੀਵਰਸਿਟੀ ਨੂੰ ਪ੍ਰਾਪਤ ਹੋਇਆ।

ਨਿਊਜ਼ੀਲੈਂਡ ਦੀ ਮੋਹਰੀ ਸਿਖਿਆ ਸੰਸਥਾ 'ਦਾ ਯੂਨੀਵਰਸਿਟੀ ਆਫ ਆਕਲੈਂਡ' ਨੂੰ 81ਵਾਂ ਸਥਾਨ ਪ੍ਰਾਪਤ ਹੋਇਆ ਹੈ। ਇਸ ਤੋਂ ਬਾਅਦ ਯੂਨੀਵਰਸਿਟੀ ਆਫ ਓਟਾਗੋ ਨੂੰ 169ਵਾਂ, ਯੂਨੀਵਰਸਿਟੀ ਆਫ ਕੈਂਟਰਬਰੀ ਨੂੰ 214ਵਾਂ, ਵਿਕਟੋਰੀਆ ਯੂਨੀਵਰਸਿਟੀ ਵਲਿੰਗਟਨ ਨੂੰ 228ਵਾਂ, ਯੂਨੀਵਰਸਿਟੀ ਆਫ ਵਾਇਕਾਟੋ ਨੂੰ 324ਵਾਂ, ਮੈਸੀ ਯੂਨੀਵਰਸਿਟੀ ਨੂੰ 340ਵਾਂ, ਲਿੰਕਨ ਯੂਨੀਵਰਸਿਟੀ ਨੂੰ 343ਵਾਂ, ਅਤੇ ਆਕਲੈਂਡ ਯੂਨੀਵਿਰਸਟੀ ਆਫ ਟੈਕਨਾਲੋਜੀ ਨੂੰ 441-450ਵਾਂ ਸਥਾਨ ਪ੍ਰਾਪਤ ਹੋਇਆ ਹੈ।

ਇਨ੍ਹਾਂ ਅੰਕੜਿਆਂ ਵਿਚ ਕਈ ਥਾਂ ਭਾਰਤ ਨੇ ਨਿਊਜ਼ੀਲੈਂਡ ਨੂੰ ਪਿੱਛੇ ਛੱਡਿਆ ਹੈ। ਭਾਰਤ ਦੇ ਵਿਚ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਬੰਗਲੌਰ ਨੂੰ 152ਵਾਂ, ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਦਿੱਲੀ ਨੂੰ 185ਵਾਂ ਸਥਾਨ ਪ੍ਰਾਪਤ ਹੋਇਆ ਹੈ। ਇਸ ਤੋਂ ਇਲਾਵਾ 219, 249, 302, 313, 399, 481, 490, 501, 550, 651, 700, 701 ਸਥਾਨ ਵੀ ਭਾਰਤ ਦੇ ਹਿੱਸੇ ਆਏ ਹਨ। ਪੰਜਾਬ ਦੀ ਕੋਈ ਵੀ ਯੂਨੀਵਰਸਿਟੀ ਇਨ੍ਹਾਂ ਅੰਕੜਿਆਂ ਦੇ ਨੇੜੇ-ਤੇੜੇ ਵੀ ਨਹੀਂ ਰਹੀ। ਭਾਰਤ ਦੇ ਗੁਆਂਢੀ ਮੁਲਕ ਪਾਕਿਸਤਾਨ ਦੀ ਨੈਸ਼ਨਲ ਯੂਨੀਵਰਸਿਟੀ ਆਫ ਸਾਇੰਸ ਅਤੇ ਟੈਕਨਾਲੋਜੀ ਨੂੰ 501 ਵਾਂ ਅਤੇ 550 ਵਾਂ ਸਥਾਨ ਪ੍ਰਾਪਤ ਹੋਇਆ ਹੈ। ਪੰਜ ਹੋਰ ਸਿਖਿਆ ਸੰਸਥਾਵਾਂ ਨੂੰ 701ਵਾਂ ਸਥਾਨ ਪ੍ਰਾਪਤ ਹੋਇਆ ਹੈ।

# ਗੁਰਪ੍ਰੀਤ ਘੁੱਗੀ 15 ਸਤੰਬਰ ਨੂੰ ਫਰਿਜਨੋ ਪਹੁੰਚਣਗੇ




**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ-** ਆਮ ਆਦਮੀਂ ਪਾਰਟੀ ਦੇ ਨਵੇਂ ਬਣੇ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਆਪਣੀ ਪਹਿਲੀ ਸਿਆਸੀ ਫੇਰੀ ਤੇ ਅਮਰੀਕਾ ਪਹੁੰਚ ਰਹੇ ਹਨ। ਇਸ ਫੇਰੀ ਦੌਰਾਨ ਉਹ ਅਮਰੀਕਾ ਦੇ ਵੱਖੋ ਵੱਖ ਸ਼ਹਿਰਾ ਵਿੱਚ ਪਾਰਟੀ ਵਰਕਰਾਂ ਨਾਲ ਮੀਟਿੰਗਾ ਕਰਨਗੇ ਅਤੇ ਕੁਝ ਸ਼ਹਿਰਾ ਵਿੱਚ ਰੈਲੀਆਂ ਵੀ ਕਰਨਗੇ ਅਤੇ ਪਾਰਟੀ ਏਜੰਡੇ ਤੋਂ ਪ੍ਰਵਾਸੀਆਂ ਨੂੰ ਜਾਣੂ ਕਰਵਾਉਣਗੇ।

ਇਸੇ ਕੜੀ ਤਹਿਤ 15 ਸਤੰਬਰ ਦਿਨ ਵੀਰਵਾਰ ਸ਼ਾਮੀਂ ਛੇ ਵਜੇ ਉਹ ਇੱਕ ਵਿਸ਼ਾਲ ਰੈਲੀ ਨੂੰ ਫਰਿਜ਼ਨੋ ਸ਼ਹਿਰ ਦੇ ਐਡੀਸਨ ਸ਼ੋਸ਼ਲ ਕਲੱਬ ਵਿਖੇ ਸਬੰਧਨ ਕਰਨਗੇ ਅਤੇ ਆਪ ਪਾਰਟੀ ਸਬੰਧੀ ਲੋਕਾਂ ਦੇ ਸ਼ੰਕੇ ਨਵਿੱਰਤ ਕਰਨਗੇ।

ਇਸ ਰੈਲੀ ਸਬੰਧੀ ਪ੍ਰਬੰਧਾ ਦਾ ਜਾਇਜਾ ਲੈਣ ਲਈ ਆਪ ਇਕਾਈ ਫਰਿਜਨੋ ਵਲੰਟੀਅਰਾਂ ਦੀ ਇੱਕ ਅਹਿੰਮ ਮੀਟਿੰਗ ਐਨ ਕੇ ਆਰ ਐਸ ਟਰੱਕਿੰਗ ਦੇ ਦਫਤਰ ਵਿੱਚ ਹੋਈ, ਜਿਥੇ ਪ੍ਰਬੰਧਕਾਂ ਵਿੱਚੋਂ ਗੁਰਨੇਕ ਸਿੰਘ ਬਾਗੜੀ, ਸੁਖਬੀਰ ਭੰਡਾਲ, ਰਣਜੀਤ ਗਿੱਲ ਨੇ ਸਮੂਹ ਪੰਜਾਬ ਦਰਦੀ ਪ੍ਰਵਾਸੀਆਂ ਨੂੰ ਇਸ ਰੈਲੀ ਵਿੱਚ ਪਹੁੰਚਣ ਦੀ ਬੇਨਤੀ ਕੀਤੀ ਅਤੇ ਕਿਹਾ ਕਿ ਇਸ ਮੌਕੇ ਸਕਿਉਰਟੀ ਦੇ ਸਖਤ ਪ੍ਰਬੰਧ ਹੋਣਗੇ ਅਤੇ ਚਾਹ ਪਕੌੜਿਆ ਤੋਂ ਬਿਨਾਂ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਇਸ ਮੌਕੇ ਤਰਲੋਚਨ ਸਿੰਘ ਦੁਪਾਲਪੁਰ ਅਤੇ ਹੋਰ ਪੰਜਾਬ ਦਰਦੀ ਵੀ ਆਪਣੇ ਵਿਚਾਰ ਰੱਖਣਗੇ। ਲੋਕਾਂ ਦੇ ਮਨੋਰੰਜਨ ਲਈ ਗਾਇਕ ਧਰਮਵੀਰ ਥਾਂਦੀ ਵੀ ਇਨਕਲਾਬੀ ਗੀਤਾਂ ਨਾਲ ਹਾਜਰੀ ਭਰਨਗੇ। ਹੋਰ ਜਾਣਕਾਰੀ ਲਈ ਦੇਖੋ ਸਫਾ 23 'ਤੇ।

# ਸਟੇਟ ਐਵਾਰਡੀ ਸਤਿੰਦਰ ਕੌਰ ਕਾਹਲੋ ਦਾ ਨਿੱਘਾ ਸਵਾਗਤ

**ਬਟਾਲਾ (ਬਰਨਾਲ)-** ਬੀਤੇ ਦਿਨੀ ਪੰਜ ਸਤੰਬਰ ਨੂੰ ਅਧਿਆਪਕ ਦਿਵਸ ਤੇ ਪੰਜਾਬ ਪੱਧਰੀ ਸਮਾਗਮ ਵਿਚ ਵੱਖ ਵਖ ਪਤੀਭਾ ਵਾਲੇ ਅਧਿਆਪਕਾ ਨੂੰ ਸਨਮਾਨਤ ਕੀਤਾ



ਗਿਆ। ਅਧਿਆਪਕ ਦਿਵਸ ਤੇ ਸਟੇਟ ਪਧਰੀ ਸਮਾਗਮ ਵਿਚ ਸਰਕਾਰੀ ਸੀਨੀਅਰ ਸੈਕਡਰੀ ਸਕੂਲ ਦੀ ਲੈਕਚਰਾਰ ਸਤਿੰਦਰ ਕੌਰ ਕਾਹਲੋ ਨੂੰ ਸਟੇਟ ਐਵਾਰਡ ਮਿਲਿਆ। ਧੁਪਸੜੀ ਸਕੂਲ ਵਿਖੇ ਪਹੁੰਚਣ ਤੇ ਪ੍ਰਿੰਸੀਪਲ ਪਰਮਜੀਤ ਕੌਰ ਦਾ ਦੇਖ ਰੇਖ ਵਿਚ ਸਤਿੰਦਰ ਕੋਰ ਦਾ ਵਿਸ਼ੇਸ ਸਨਮਾਨ ਕੀਤਾ ਗਿਆ। ਸਕੂਲ ਵਿਚ ਵਿਸ਼ੇਸ ਤੌਰ ਤੇ ਜਿਲ੍ਹਾ ਸਿਖਿਆ ਅਫਸਰ ਸੈਕੰਡਰੀ ਅਮਰਦੀਪ ਸਿੰਘ ਸੈਣੀ ਤੇ ਡਿਪਟੀ ਡੀ ਈ ਓ ਭਾਂਰਤ ਭੂਸਨ ਪਹੁੰਚੇ ਤੇ ਸਟੇਟ ਐਵਾਰਡੀ ਸਤਿੰਦਰ ਕੌਰ ਨੂੰ ਵਧਾਈਆ ਦਿਤੀਆਂ।

# ਤੱਤ ਗੁਰਮਤਿ ਦਾ ਪ੍ਰਚਾਰ ਕਰਨ ਵਾਲਿਆਂ ਪ੍ਰਚਾਰਕਾਂ ਦਾ ਪੰਜਾਬ ਅੰਦਰ ਵਿਰੋਧ ਕਰਨ ਵਾਲਿਆਂ ਖਿਲਾਫ਼ ਪ੍ਰਵਾਸੀ ਸਿੱਖਾਂ ਅੰਦਰ ਭਾਰੀ ਰੋਸ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪੰਜਾਬ ਅੰਦਰ ਨਸ਼ਿਆ ਦੇ ਵਗਦੇ ਦਰਿਆ, ਵਹਿਮਾਂ-ਭਰਮਾਂ ਅਤੇ ਡੇਰਾਵਾਦ ਦੇ ਪ੍ਰਪੰਚ ਵਿੱਚ ਫਸੀ ਸਿੱਖ ਕੌਮ ਨੂੰ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਗਿਆਨ ਦੀ ਰੌਸ਼ਨੀ ਵਿੱਚ ਗੁਰਮਤਿ ਵਿਚਾਰ ਅਤੇ ਗੁਰੂ ਸ਼ਬਦ ਦੀ ਵਿਆਖਿਆ ਕਰਕੇ ਪਖੰਡਵਾਦ ਚੋਂ ਕੱਢਣ ਲਈ ਤੱਤਪਰ ਕਥਾਵਾਚਕ ਭਾਈ ਸਰਬਜੀਤ ਸਿੰਘ ਧੂੰਦਾ, ਪੰਥ ਪ੍ਰੀਤ ਸਿੰਘ, ਹਰਜਿੰਦਰ ਸਿੰਘ ਮਾਂਝੀ, ਅਮਰੀਕ ਸਿੰਘ ਚੰਡੀਗੜ੍ਹ, ਅਤੇ ਹੋਰ ਬਹੁਤ ਸਾਰੇ ਮਿਸ਼ਨਰੀ ਵੀਰਾਂ ਦੇ ਪ੍ਰਚਾਰ ਵਿੱਚ ਰੁਕਾਵਟ ਪਾਉਣ ਲਈ ਅੜਚਨਾਂ ਖੜੀਆਂ ਕੀਤੀਆਂ ਜਾ ਰਹੀਆਂ ਹਨ। ਪਿਛਲੇ ਦਿਨੀਂ ਭਾਈ ਸਰਬਜੀਤ ਸਿੰਘ ਧੂੰਦਾ ਦੇ ਬਠਿੰਡਾ ਅਤੇ ਅੰਮ੍ਰਿਤਸਰ ਜਿਲ੍ਹੇ ਦੇ ਪਿੰਡ ਬਲੱਗਣ ਵਿੱਚਲੇ ਦੀਵਾਨਾਂ ਵਿੱਚ ਇਹਨਾਂ ਸ਼ਰਾਰਤੀ ਅਨਸਰਾਂ ਵੱਲੋਂ ਖਲਣ ਪਾਉਣ ਦਾ ਅਸਫ਼ਲ ਯਤਨ ਕੀਤਾ ਗਿਆ। ਇਹਨਾਂ ਕੋਝੀਆਂ ਕੋਸ਼ਿਸ਼ਾਂ ਦਾ ਪਤਾ ਲੱਗਣ ਤੇ ਕੈਲੇਫੋਰਨੀਆਂ ਦੇ ਤੱਤ ਗੁਰਮਿਤ ਸਪੋਰਟਰਾ ਦੀ ਇੱਕ ਅਹਿਮ ਮੀਟਿੰਗ ਫਰਿਜ਼ਨੋ ਵਿੱਖੇ ਹੋਈ ਜਿੱਥੇ ਮੈਂਬਰਾਂ ਨੇ ਇਹਨਾਂ ਘਟਨਾਵਾਂ ਦੀ ਕਰੜੇ ਸ਼ਬਦਾ ਵਿੱਚ ਨਿੰਦਾ ਕੀਤੀ। ਸ. ਗੁਰਨੇਕ ਸਿੰਘ ਬਾਗੜੀ ਨੇ ਇਸ ਮੌਕੇ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਵੇਂ ਵਿਰੋਧੀ ਭਾਈ ਸਰਬਜੀਤ ਸਿੰਘ ਧੂੰਦਾ ਜਾ ਭਾਈ ਪੰਥ ਪ੍ਰੀਤ ਸਿੰਘ ਦੇ ਦੀਵਾਨਾ ਦੌਰਾਨ ਸਿਮਰਨ ਦੀ ਆੜ ਹੇਠ ਵਾਹਿਗੁਰੂ ਦਾ ਜਾਪ ਕਰਕੇ ਦੀਵਾਨਾਂ ਨੂੰ ਅਸਫ਼ਲ ਬਣਾਉਣ ਲਈ ਆਪਣੀ ਘਟੀਆਂ ਸੋਚ ਦਾ ਮੁਜ਼ਾਹਰਾ ਕਰ ਰਹੇ ਹਨ, ਇਸ ਚੀਜ ਨਾਲ ਹੁਣ ਸੰਗਤਾ ਗੁਮਰਾਹ ਨਹੀਂ ਹੋਣਗੀਆਂ ਸਗੋਂ ਜਾਗਦੀ ਜੰਮੀਰ ਵਾਲੀ ਸੰਗਤ ਪਖੰਡਵਾਦ ਚੋਂ ਹੋਰ ਤਕੜੀ ਹੋਕੇ ਉਭਰੇਗੀ। ਇਸ ਮੌਕੇ ਸੁਖਬੀਰ ਸਿੰਘ ਭੰਡਾਲ ਨੇ ਕਿਹਾ









ਕਿ ਜਿਹੜੇ ਅਸਲੀ ਸਿੱਖੀ ਸਿਧਾਂਤਾ ਤੇ ਪਹਿਰਾ ਦੇ ਰਹੇ ਹਨ ਉਹਨਾਂ ਨੂੰ ਆਰ ਐਸ ਐਸ ਦੇ ਏਜੰਟ ਦੱਸਦੇ ਹਨ, ਲੇਕਿਨ ਜਿਹੜੇ ਬੱਕਰਿਆ ਦੀਆਂ ਬਲੀਆ ਦਿੰਦੇ ਨੇ, ਗੁਰਦਵਾਰਾ ਸਹਿਬ ਅੰਦਰ ਟੱਲ ਖੜਕਾਉਦੇ ਨੇ, ਮੂਰਤੀ ਪੂਜਾ, ਸੰਪਟ ਪਾਠ ਅਤੇ ਹੋਰ ਤਰਾਂ ਤਰਾਂ ਦੇ ਹਿੰਦੂ ਏਜ਼ੰਡੇ ਨੂੰ ਲਾਗੂ ਕਰਦੇ ਨੇ, ਉਹਨਾਂ ਵਾਰੀ ਇਹਨਾਂ ਦੇ ਮੂੰਹ "ਚ ਘੁੰਗਣੀਆਂ ਕਿਉ ਪੈ ਜਾਦੀਆਂ ਹਨ। ਭਾਈ ਵਰਿੰਦਰ ਸਿੰਘ ਗੋਲਡੀ ਨੇ ਕਿਹਾ ਕਿ ਜਦੋਂ ਦੇਹਧਾਰੀ ਸਾਧਾ ਦੇ ਦੀਵਾਨ ਲਗਦੇ ਹੋਣ, ਬਾਬਿਆ ਦੀਆਂ ਖੂਡੀਆਂ, ਉਹਨਾਂ ਦੇ ਨਲਕਿਆ ਨੂੰ ਮੱਥੇ ਟਿਕਾਏ ਜਾਂਦੇ ਹੋਣ ਤਾਂ ਇਹਨਾਂ ਨੂੰ ਚਾਅ ਚੜਦਾ ਲੇਕਿਨ ਇਸ ਦੇ ਉਲਟ ਗੁਰਬਾਣੀ ਦਾ ਗਿਆਨ ਵੰਡਣ ਵਾਲੇ ਤੱਤ ਗੁਰਮਿਤ ਪ੍ਰਚਾਰਕਾਂ ਦੇ ਰਸਤੇ ਰੋਕੇ ਜਾ ਰਹੇ ਹਨ, ਕਦੇ ਪੁਲਿਸ ਦਾ ਸਹਾਰਾ ਲਿਆ ਜਾਂਦਾ ਜਦੋਂ ਉਥੋਂ ਬੇਵੱਸ ਹੋ ਜਾਂਦੇ ਨੇ ਡਾਂਗਾਂ, ਟਕੂਏ ਤੇ ਤਲਵਾਰਾ ਦਾ ਸਹਾਰਾ ਲਿਆ ਜਾਂਦਾ। ਉਹਨਾਂ ਕਿਹਾ ਕਿ ਪੰਜਾਬ ਦੀ ਸੰਗਤ ਹੁਣ ਜਾਗਰਿਤ ਹੋ ਰਹੀ ਹੈ। ਇਸ ਮੌਕੇ ਜਗਮੋਹਨ ਸਿੰਘ ਟੂਟ (ਜੱਗੀ ਟੂਟ) ਨੇ ਪੱਤਰਕਾਰਾਂ ਦੇ ਰੂਬਰੂ ਹੁੰਦਿਆ ਕਿਹਾ ਕਿ ਜਿਹੜਾ ਪ੍ਰਚਾਰਕ ਇਕ ਪੰਥ, ਇਕ ਗ੍ਰੰਥ, ਇੱਕ ਮਰਿਆਦਾ, ਇੱਕ ਸਿਧਾਂਤ ਦੀ ਗੱਲ ਕਰਦਾ ਉਹ ਇਹਨਾਂ ਅਖੌਤੀਆਂ ਤੋਂ ਬਰਦਾਸ਼ਤ ਨਹੀਂ ਹੁੰਦਾ ਲੇਕਿਨ ਜਿਹੜਾ ਦੇਹਧਾਰੀ ਸਾਧ ਇਹਨਾਂ ਨੂੰ ਕਰਮਕਾਂਡ, ਕਰਾਮਾਤਾਂ, ਅਤੇ ਝੂਠੀਆਂ ਸਾਖੀਆਂ ਸਣਾਉਣਾ ਉਹਦਾ ਕੋਈ ਵਿਰੋਧ ਨਹੀਂ। ਅਖੀਰ ਵਿੱਚ ਮੀਟਿੰਗ ਵਿੱਚ ਮਜੂਦ ਬੁਲਾਰਿਆ ਨੇ ਕਿਹਾ ਕਿ ਪਿੱਛਲੇ ਸਮੇਂ ਦੌਰਾਂਨ ਵੀ ਕੁਝ ਕੁ ਨੇ ਇਹਨਾਂ ਦੇਹਧਾਰੀ ਸਾਧਾ ਦੇ ਇਸ਼ਾਰੇ ਤੇ ਅਮਰੀਕਾ ਦੇ ਕੁਝ ਕੁ ਗੁਰੂਘਰਾ ਅੰਦਰ ਪ੍ਰੋ. ਧੂੰਦੇ ਦੇ ਪ੍ਰੋਗਰਾਮਾਂ ਦਾ ਅਸਫ਼ਲ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਇਹਦੇ ਬਾਵਜੂਦ ਲਗਭੱਗ ਸਾਰੇ ਦੀਵਾਨਾ ਅੰਦਰ ਸੰਗਤਾਂ ਵਹੀਰਾ ਘੱਤਕੇ ਪ੍ਰੋ. ਸਰਬਜੀਤ ਸਿੰਘ ਧੂੰਦੇ ਦੇ ਵਿਚਾਰ ਸੁਣਨ ਲਈ ਪਹੁੰਚਦੀਆ ਰਹੀਆਂ ਨੇ, ਇਹੀ ਕੁਝ ਹੁਣ ਤੱਤ ਗੁਰਮਿਤ ਦੀ ਅਵਾਜ ਦਬਾਉਣ ਲਈ ਪੰਜਾਬ ਅੰਦਰ ਹੋ ਰਿਹਾ ਹੈ। ਵਿਰੋਧ ਦੇ ਬਾਵਜੂਦ ਜਾਗਦੀ ਜੰਮੀਰ ਵਾਲੀ ਸੰਗਤ ਹਜ਼ਾਰਾਂ ਦੀ ਗਿਣਤੀ ਵਿੱਚ ਤੱਤ ਗੁਰਮਿਤ ਦੇ ਪ੍ਰਚਾਰਕਾਂ ਦੇ ਦੀਵਾਨਾਂ ਵਿੱਚ ਪਹੁੰਚ ਰਹੀ ਹੈ ਅਤੇ ਇਹ ਦੀਵਾਨ ਲਗਾਤਾਰ ਪੰਜਾਬ ਦੇ ਪਿੰਡ ਸ਼ਹਿਰਾ ਵਿੱਚ ਵੱਡੀ ਗਿਣਤੀ ਵਿੱਚ ਲੱਗ ਰਹੇ ਹਨ। ਇਹ ਵਿਰੋਧ ਇਸ ਗੱਲ ਦਾ ਸਬੂਤ ਹੈ ਕਿ ਪਖੰਡਵਾਦ ਸਿੱਖੀ ਦੇ ਤਰਕ ਮੂਰਹੇ ਬਹੁਤੀ ਦੇਰ ਟਿੱਕਣ ਵਾਲਾ ਨਹੀਂ। ਜਾਗਰਿਤ ਹੋ ਰਹੀ ਸੰਗਤ ਨੂੰ ਬੇਨਤੀ ਹੈ ਕਿ ਤੱਤ ਗੁਰਮਿਤ ਪ੍ਰਚਾਰਕਾਂ ਦਾ ਵੱਧ ਤੋਂ ਵੱਧ ਸਾਥ ਦਿਓ, ਤਾਂ ਜੋ ਵਹਿਮਾਂ ਭਰਮਾ ਅਤੇ ਦੇਹਧਾਰੀ ਅਖੌਤੀ ਬਾਬਿਆ ਦੇ ਚੁੰਗਲ ਵਿੱਚ ਫਸੀ ਸੰਗਤ ਨੂੰ ਗੁਰਬਾਣੀ ਦੀ ਰੌਸ਼ਨੀ ਵਿੱਚ ਗੁਰੂ ਗ੍ਰੰਥ ਸਹਿਬ ਦੇ ਲੜ ਲਾਇਆ ਜਾ ਸਕੇ।

# ਕਾਂਗਰਸ ਦੀ ਮੀਟਿੰਗ 'ਚ ਹੰਸ ਤੇ ਸਮਰਥਕਾਂ ਨੇ ਕੀਤਾ ਹੰਗਾਮਾ

**ਐਸ. ਏ. ਐਸ. ਨਗਰ–** ਇੱਥੋਂ ਦੇ ਨਾਲ ਲੱਗਦੇ ਕਸਬਾ ਨਵਾ-ਗਰਾਉਂ ਵਿਚਲੇ ਆਰ. ਏ. ਫਾਰਮ ਵਿਖੇ ਕਾਂਗਰਸ ਪਾਰਟੀ ਵੱਲੋਂ ਡਾ. ਰਾਜ ਕੁਮਾਰ ਚੇਅਰਮੈਨ ਪੱਛੜੀਆਂ ਸ਼੍ਰੇਣੀਆਂ ਵਿੰਗ ਦੀ ਅਗਵਾਈ ਹੇਠ ਐਸ. ਸੀ./ਬੀ. ਸੀ. ਵਰਗ ਦੇ ਭਾਈਚਾਰੇ ਨੂੰ ਲਾਮਬੰਦ ਕਰਨ ਲਈ ਕੀਤੀ ਗਈ ਰੈਲੀ ਵਿਚ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਚੌਧਰੀ ਸੰਤੋਖ ਸਿੰਘ ਅਤੇ ਵਿਰੋਧੀ ਧਿਰ ਦੇ ਨੇਤਾ ਚਰਨਜੀਤ ਸਿੰਘ ਚੰਨੀ ਨੇ ਕਾਂਗਰਸ ਵੱਲੋਂ ਦਲਿਤਾਂ ਨੂੰ ਬਰਾਬਰ ਦੇ ਹੱਕ ਦੇਣ ਦਾ ਦਾਅਵਾ ਕਰਦਿਆਂ ਵੱਡੇ-ਵੱਡੇ ਬਿਆਨ ਦਾਗੇ। ਇਹ ਸੁਣ ਕੇ ਇੱਥੇ ਹਾਜ਼ਰ ਰਾਜ ਗਾਇਕ ਹੰਸ ਰਾਜ ਹੰਸ ਤੁਰੰਤ ਪ੍ਰਤੀਕਿਰਿਆ ਕਰਦੇ ਹੋਏ ਖੜ੍ਹੇ ਹੋ ਕੇ ਕਿਹਾ ਕਿ ਵਾਲਮੀਕ ਸਮਾਜ ਨਾਲ ਸਦਾ ਹੀ ਧੋਖਾ ਹੁੰਦਾ ਰਿਹਾ ਹੈ।



ਉਹਨਾਂ ਨਾਲ ਰਾਜ ਸਭਾ ਦੀ ਮੈਂਬਰੀ ਦੌਰਾਨ ਉਹਨਾਂ ਖੁਦ ਨਾਲ ਵੀ ਹੋਇਆ ਹੈ, ਫਿਰ ਆਮ ਦਲਿਤ ਸਮਾਜ ਨਾਲ ਕਿਸ ਤਰ੍ਹਾਂ ਦੇ ਇਨਸਾਫ ਤੇ ਹੱਕਾਂ ਦੀ ਗੱਲ ਕੀਤੀ ਜਾ ਰਹੀ ਹੈ। ਇਸ ਤੋਂ ਬਾਅਦ ਵਾਲਮੀਕਿ ਸਮਾਜ ਦੇ ਵਰਕਰ ਭਾਰੀ ਗਿਣਤੀ ਵਿਚ ਸਟੇਜ ਦੇ ਨੇੜੇ ਹੰਸ ਦੇ ਕੋਲ ਆ ਗਏ। ਇਸ ਦਰਮਿਆਨ ਹੰਸ ਰਾਜ ਹੰਸ ਨੇ ਆਪਣੇ ਸਮਰਥਕਾਂ ਨਾਲ ਨਾਅਰੇਬਾਜ਼ੀ ਵੀ ਕੀਤੀ ਅਤੇ ਇਸ ਤੋਂ ਪਹਿਲਾਂ ਸਟੇਜ ਤੋਂ ਛਾਲ ਮਾਰ ਕੇ ਉਤਰ ਗਏ।

# ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਵੱਖਰੀ ਹਾਜ਼ਰੀ

**ਲੁਧਿਆਣਾ (ਬਿਊਰੋ)–** ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਬਾਇਓਮੈਟਰਿਕ ਮਸ਼ੀਨ ਰਾਹੀਂ ਹਾਜ਼ਰੀ ਲਵਾਉਣਾ ਕਾਲਜ ਨੂੰ ਮਹਿੰਗਾ ਪਿਆ। ਜ਼ਿਲ੍ਹਾ ਲੁਧਿਆਣਾ ਵਿੱਚ ਪੈਂਦੀ ਤਹਿਸੀਲ ਜਗਰਾਓਂ ਵਿੱਚ ਡੀ.ਏ.ਵੀ. ਕਾਲਜ ਵਿੱਚ ਐਸ.ਸੀ. ਵਿਦਿਆਰਥੀਆਂ ਦੀ ਹਾਜ਼ਰੀ ਬਾਇਓਮੈਟਰਿਕ ਮਸ਼ੀਨ ਰਾਹੀਂ ਲਵਾਈ ਜਾ ਰਹੀ ਸੀ। ਜਦੋਂਕਿ ਹੋਰ ਵਰਗਾਂ ਦੀ ਹਾਜ਼ਰੀ ਰਜਿਸਟਰ ਰਾਹੀਂ ਲਗਾਈ ਜਾ ਰਹੀ ਸੀ।

ਇਸ ਦਾ ਵਿਦਿਆਰਥੀ ਵਿਰੋਧ ਕਰ ਰਹੇ ਹਨ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਕਾਲਜ ਪ੍ਰਸ਼ਾਸਨ ਵਿਦਿਆਰਥੀਆਂ ਨਾਲ ਵਿਤਕਰਾ ਕਰ ਰਿਹਾ ਹੈ। ਦੂਜੇ ਪਾਸੇ ਪ੍ਰਸ਼ਾਸਨ ਇਸ ਨੂੰ ਆਪਣੀ ਮਜਬੂਰੀ ਦੱਸ ਰਿਹਾ ਹੈ। ਉਨ੍ਹਾਂ ਮੁਤਾਬਕ ਡੀ.ਪੀ.ਆਈ. (ਡਾਇਰੈਕਟਰ ਪਬਲਿਕ ਇੰਸਟ੍ਰਕਸ਼ਨ ਕਾਲਜ) ਕਾਲਜ ਦੀ ਹਦਾਇਤਾਂ ਮੁਤਾਬਕ ਇਹ ਕਦਮ ਚੁੱਕਿਆ ਗਿਆ ਹੈ ਤਾਂ ਕਿ ਐਸ.ਸੀ. ਵਿਦਿਆਰਥੀਆਂ ਨੂੰ ਮਿਲਣ ਵਾਲੇ ਵਜ਼ੀਫੇ ਨੂੰ ਯਕੀਨੀ ਬਣਾਇਆ ਜਾ ਸਕੇ ਤੇ ਕਿਸੇ ਤਰ੍ਹਾਂ ਦੇ ਘਪਲੇਬਾਜ਼ੀ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਐਸ.ਸੀ. ਵਿਦਿਆਰਥਿਆਂ ਨੂੰ ਮਿਲਣ ਵਾਲੇ ਵਜ਼ੀਫੇ ਲਈ ਵਿਦਿਆਰਥੀਆਂ ਦੀ 75 ਫੀਸਦੀ ਹਾਜ਼ਰੀ ਜ਼ਰੂਰੀ ਹੈ। ਬਾਇਓਮੈਟਰਿਕ ਮਸ਼ੀਨ ਨਾਲ ਸਭ ਸਾਫ ਹੋ ਜਾਂਦਾ ਹੈ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਪ੍ਰਦਰਸ਼ਨ ਕਰ ਰਹੇ ਵਿਦਿਆਰਥੀ ਬਾਹਰ ਦੇ ਹਨ। ਇਨ੍ਹਾਂ ਵਿਦਿਆਰਥੀਆਂ ਦਾ ਕਾਲਜ ਨਾਲ ਕੋਈ ਸਬੰਧ ਨਹੀਂ ਪਰ ਫਿਲਹਾਲ ਮਾਮਲੇ ਨੂੰ ਗਰਮਾਉਂਦਾ ਵੇਖ ਮਸ਼ੀਨ ਉਤਾਰ ਦਿੱਤੀ ਗਈ ਹੈ।


Speak to a SolarCity energy consultant to save on your monthly electricity bill

With no upfront cost and predictable energy rates, SolarCity makes switching to solar easy



Dilwinder Ralh

ਨੋਟ: ਤੁਸੀਂ ਮੇਰੇ ਨਾਲ ਪੰਜਾਬੀ ਅਤੇ ਹਿੰਦੀ ਵਿਚ ਵੀ ਗੱਲ ਕਰ ਸਕਦੇ ਹੋ।

ਸਾਡੇ ਕੋਲ ਲੀਜ਼ ਪ੍ਰੋਗਰਾਮ ਵੀ ਉਪਲੱਬਧ ਹਨ

For more information call me:

SolarCity

Free Installation, Maintenance, Repair & Monitoring by SolarCity for 20 years

* 10 ਸਾਲਾਂ ਲਈ ਕਰਜ਼ਾ 2.99 ਪ੍ਰਤੀਸ਼ਤ ਵਿਆਜ, 0 ਡਾਲਰ ਡਾਊਨ ਪੇਮੈਂਟ
* 20 ਸਾਲਾਂ ਲਈ ਕਰਜ਼ਾ 4.99 ਪ੍ਰਤੀਸ਼ਤ ਵਿਆਜ, 0 ਡਾਲਰ ਡਾਊਨ ਪੇਮੈਂਟ

There are special own program options 2016:

1. 10 years loan term @2.99% interest $0 down payment
2. 20 years loan term @4.99% interest $0 down payment
3. We have also speacial lease programme.
4. Also 30% off Federal Tax Credit.

ਜੇਕਰ ਕੋਈ ਸਾਨੂੰ ਕਸਟਮਰ ਰੈਫਰ ਕਰਦਾ ਹੈ ਤਾਂ ਕੰਪਨੀ ਉਸ ਨੂੰ 200 ਡਾਲਰ ਦੇਵੇਗੀ



Dilwinder Ralh
Field Energy Consultant (FEC)
Yuba City. CA 95993
dralh@solarcity.com Ph: 530-933-3938






Elm Discount Dry Cleaners

$3.50 Most Garments Dry Clean
$1.25 Laundered Shirts

Bring in 6 Garments, 1 Regulat Garment is Free
Addition 10% OFF on Business Accounts

ਗਾਰਮੈਂਟਸ ਲਿਆਓ, ਇਕ ਰੈਗੂਲਰ ਗਾਰਮੈਂਟ ਮੁਫਤ — 6 ਗਾਰਮੈਂਟਸ ਲਿਆਓ, ਇਕ ਰੈਗੂਲਰ ਗਾਰਮੈਂਟ ਮੁਫਤ
10 ਫੀਸਦੀ ਬਿਜਨਸ ਅਕਾਊਂਟਸ ਤੇ ਛੋਟ

Service Includes :
Expert Alterations, Rugs, Draperies,
Gowns, Shoes, Comforters
Households, Leather & Swede

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 7 ਤੋਂ ਸ਼ਾਮ 7 ਵਜੇ ਤੱਕ,
ਸ਼ਨਿਚਰਵਾਰ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ

Manager Shobhna Singh (650) 995-0785

www.elmdiscountdrycleaners.com

ਪੰਜਾਬੀ ਸੂਟ ਵੀ ਇੱਥੇ ਡ੍ਰਾਈਕਲੀਨ ਕੀਤੇ ਜਾਂਦੇ ਹਨ

4207 Elverta Road, Suite 111, Antelope CA 95843

(916) 729-7900 Customer Satisfaction Guaranteed

# ਫਰਿਜ਼ਨੋ ਸਿਟੀ ਕੌਂਸਲ ਵੱਲੋਂ ਸਿੱਖ ਨਸਲਕੁਸ਼ੀ 1984 ਰੈਜ਼ੂਲੇਸ਼ਨ ਭਾਰੀ ਬਹੁਮਤ ਨਾਲ ਪਾਸ

ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-1984 ਵਿੱਚ ਭਾਰਤੀ ਫੌਜ ਵੱਲੋਂ ਹਰਮਿੰਦਰ ਸਹਿਬ ਤੇ ਹਮਲਾ, ਇਸ ਪਿਛੋਂ ਇੰਦਰਾ ਗਾਂਧੀ ਦਾ ਕਤਲ ਤੇ ਫੇਰ ਸਰਕਾਰੀ ਸਹਿ ਤੇ ਤੀਹ ਹਜਾਰ ਤੋਂ ਵੱਧ ਪੂਰੇ ਭਾਰਤ ਵਿੱਚ ਸਿੱਖਾਂ ਨੂੰ ਕੋਹ ਕੋਹਕੇ ਮਾਰਿਆ ਗਿਆ ਸੀ। ਸੈਂਟਰਲ ਵੈਲੀ ਵਿੱਚ ਵਸਦੇ ਸਿੱਖ ਪਿਛਲੇ ਲੰਮੇ ਸਮੇਂ ਤੋਂ ਫਰਿਜ਼ਨੋਂ ਸਿਟੀ ਕੌਂਸਲ ਤੋਂ ਭਾਰਤ ਵਿੱਚ 1984 ਵਿੱਚ ਹੋਏ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਘੋਸ਼ਤ ਕਰਾਉਣ ਲਈ ਇੱਕ ਰੈਜ਼ੂਲੇਸ਼ਨ ਪਾਸ ਕਰਵਾਉਣਾ ਚਹੁੰਦੇ ਸਨ। ਲੰਘੇ ਵੀਰਵਾਰ ਦੇਰ ਰਾਤ ਇਹ ਰੈਜ਼ੂਲੇਸ਼ਨ ਫਰਿਜ਼ਨੋ ਸਿਟੀ ਕੌਂਸਲ ਵੱਲੋਂ ਭਾਰੀ ਬਹੁਮਤ ਨਾਲ ਪਾਸ ਕਰ ਦਿੱਤਾ ਗਿਆ। ਇਸ ਮੌਕੇ ਸੈਂਕੜੇ ਸਿੱਖ ਰੰਗ ਬਰੰਗੀਆਂ ਦਸਤਾਰਾ ਅਤੇ ਦੁਪੱਟੇ ਪਹਿਨਕੇ ਸਿਟੀ ਹਾਲ ਪਹੁੰਚੇ ਹੋਏ ਸਨ, ਇਸ ਤਰਾਂ ਮਹਿਸੂਸ ਹੋ ਰਿਹਾ ਸੀਂ ਜਿਵੇਂ ਪੂਰੇ ਫਰਿਜ਼ਨੋ ਸ਼ਹਿਰ ਦਾ ਡਾਊਨ-ਟਾਊਨ ਖਾਲਸਾਈ ਰੰਗ ਵਿੱਚ ਰੰਗਿਆ ਹੋਵੇ। ਨੌਜੁਆਨ, ਬੱਚੇ, ਬਜ਼ੁਰਗ ਅਤੇ ਔਰਤਾ ਵੱਡੀ ਤਦਾਦ ਵਿੱਚ ਬੱਸਾਂ ਅਤੇ ਆਪੋਂ ਆਪਣੀਆਂ ਕਾਰਾਂ ਰਾਹੀ ਪੰਜ ਵਜੇ ਹੀ ਸਿਟੀ ਹਾਲ ਪਹੁੰਚਣੇ ਸੁਰੂ ਹੋ ਗਏ ਸਨ। ਇਸ ਮੌਕੇ ਉਹਨਾਂ ਨੇ ਹੱਥਾਂ ਵਿੱਚ ਸਿੱਖ ਨਸਲਕੁਸ਼ੀ ਸਬੰਧੀ ਬੈਨਰ ਚੁਕੇ ਹੋਏ ਸਨ। ਦੋ ਛੱਤੇ ਸਿੱਟੀ ਹਾਲ ਅੰਦਰ ਸਿਰਫ਼ ਢਾਈ ਸੌ ਬੰਦਿਆਂ ਦੇ ਬੈਠਣ ਦੀ ਵਿਵਸਥਾ ਹੈ। ਇਸ ਰੈਜ਼ੂਲੇਸ਼ਨ ਦੇ ਹੱਕ ਵਿੱਚ ਉਥੇ ਤਕਰੀਬਨ ਸੱਤ-ਅੱਠ ਸੌ ਦੇ ਕਰੀਬ ਸਿੱਖ ਵਹੀਰਾ ਘੱਤਕੇ ਪਹੁੰਚੇ ਅਤੇ ਤਕਰੀਬਨ ਦੋ ਘੰਟੇ ਚੱਲੇ ਸ਼ੈਸ਼ਨ, ਜਿਸ ਵਿੱਚ ਸਿਟੀ ਕੌਂਸਲ ਮੈਬਰਾਂ ਅਤੇ ਸਿੱਖ ਕਮਿਊਨਿਟੀ ਦੇ ਬੁਲਾਰਿਆ ਨੇ ਆਪੋ-ਆਪਣਾ ਪੱਖ ਰੱਖਿਆ ਅਤੇ ਅਖੀਰ ਦੇਰ ਰਾਤ ਨੌ ਵਜੇ ਦੋ ਦੇ ਮੁਕਾਬਲੇ ਪੰਜ ਵੋਟਾਂ ਦੇ ਭਾਰੀ ਬਹੁਮਤ ਨਾਲ ਜੈਕਾਰਿਆ ਦੀ ਗੂਜ਼ ਵਿੱਚ ਇਹ ਰੈਜ਼ੂਲੇਸ਼ਨ ਪਾਸ ਹੋਇਆ। ਕੌਂਸਲ ਮੈਂਬਰ ਪਾਲ ਕੈਪਰੀਗਾਇਲੋ ਅਤੇ ਸਲ ਕਨਤੈਰੋ ਨੇ ਇਸ ਮੌਕੇ ਵੋਟ ਕਰਨ ਤੋਂ ਇਨਕਾਰ ਕਰ ਦਿੱਤਾ।

ਜੈਕਾਰਾ ਮੂਵਮੈਂਟ ਦੇ ਬੁਲਾਰੇ ਨੈਂਣਦੀਪ ਸਿੰਘ ਨੇ ਕਿਹਾ ਕਿ ਅੱਜ ਦਾ ਦਿਨ ਸਿੱਖ ਇਤਿਹਾਸ ਅੰਦਰ ਇੱਕ ਨਵੇ ਅਧਿਆਇ ਦੇ ਤੌਰ ਤੇ ਯਾਦ ਕੀਤਾ ਜਾਵੇਗਾ।




ਇਥੇ ਇਹ ਗੱਲ ਜਿਕਰਯੋਗ ਹੈ ਕਿ ਇਹ ਮਤਾ ਤਕਰੀਬਨ ਨੌ ਮਹੀਨੇ ਪਹਿਲਾਂ ਸਿਟੀ ਕੌਂਸਲ ਮੈਂਬਰ ਕਲਿੰਟ ਓਲੀਵੀਅਰ ਨੇ ਏਜੰਡੇ ਤੇ ਲਿਆਉਣ ਦੀ ਮੰਗ ਕੀਤੀ ਸੀ, ਲੇਕਿਨ ਫਰਿਜਨੋ ਸਟੇਟ ਯੂਨੀਵਰਸਿਟੀ ਦੇ ਰਿਟਾਇਰਡ ਪ੍ਰੋ. ਅਤੇ ਸਮਾਜ ਸੇਵੀ ਡਾ. ਸੁਦਰਸ਼ਨ ਕਪੂਰ ਅਤੇ ਸਕੂਲ ਬੋਰਡ ਦੇ ਟਰੱਸਟੀ ਮੈਂਬਰ ਰਾਮਾਕਾਂਤ ਡਾਬਰ ਦੇ ਵਿਰੋਧ ਅਤੇ ਭਾਰਤੀ ਕੌਂਸਲੇਟ ਦੇ ਦਖਲ ਕਾਰਨ ਇਹ ਰੈਜ਼ੂਲੇਸ਼ਨ ਟੇਬਲ ਤੇ ਆਉਣ ਤੋਂ ਪਹਿਲਾਂ ਹੀ ਦਮਤੋੜ ਗਿਆ ਸੀ। ਇਸ ਤੋਂ ਪਿਛੋਂ ਸਿੱਖਸ ਫਾਰ ਜਸਟਿਸ ਗਰੁਪ ਵੱਲੋਂ ਭਾਰਤੀ ਕੌਂਸਲੇਟ ਅਸ਼ੋਕ ਵੈਕਟੇਸ਼ਨ ਤੇ ਫਰਿਜ਼ਨੋ ਬੀ ਅਖਬਾਰ ਨਾਲ ਮੁਲਾਕਾਤ ਦੌਰਾਨ ਸਿੱਖਾਂ ਨੂੰ ਕੱਟੜਵਾਦੀ ਕਹਿਣ ਤੇ ਜਸਟਿਸ ਡਿਪਾਰਟਮੈਂਟ ਕੋਲ ਸਕਾਇਤ ਵੀ ਦਰਜ ਕਰਵਾਈ ਗਈ ਸੀ, ਅਤੇ ਸਿੱਖ ਕੌਂਸਲ ਆਫ਼ ਸੈਂਟਰਲ ਕੈਲੇਫੋਰਨੀਆਂ ਵੱਲੋਂ ਡਾ. ਸੁਦਰਸ਼ਨ ਕਪੂਰ ਅਤੇ ਰਾਮਾਕਾਂਤ ਡਾਬਰ ਦੇ ਬਾਈਕਾਟ ਕਰਨ ਦਾ ਐਲਾਨ ਵੀ ਕੀਤਾ ਗਿਆ ਸੀ। ਇਸ ਪਿੱਛੋਂ ਰਾਮਾਕਾਂਤ ਡਾਬਰ ਨੇ ਸਿੱਖ ਭਾਈਚਾਰੇ ਤੋਂ ਮੁਆਫ਼ੀ ਵੀ ਮੰਗੀ ਸੀ ਅਤੇ ਇਸ ਰੈਜ਼ੂਲੇਸ਼ਨ ਦੇ ਹੱਕ ਵਿੱਚ ਸਿਟੀ ਕੌਂਸਲ ਨੂੰ ਚਿੱਠੀ ਵੀ ਲਿੱਖੀ ਸੀ।

ਸਿੱਖ ਨਸਲਕੁਸ਼ੀ ਸਬੰਧੀ ਖੋਜ ਕਰਨ ਪਿਛੋਂ ਐਂਤਕੀ ਤਿੰਨ ਕੌਂਸਲ ਮੈਂਬਰ ਕਲਿੰਟ ਓਲੀਵੀਅਰ, ਓਲੀਵਰ ਬੇਂਸ, ਇਸਮਰਇਆਲਡਾ ਸਰੋਇਆ ਇਸ ਰੈਜ਼ੂਲੇਸ਼ਨ ਨੂੰ ਪਾਸ ਕਰਾਉਣ ਲਈ ਇਹ ਮਤਾ ਲੈਕੇ ਕੌਂਸਲ ਦੇ ਟੇਬਲ ਤੇ ਆਏ ਅਤੇ ਕੌਂਸਲ ਮੈਬਰ ਲੀ ਬਰੈਂਡ ਅਤੇ ਸਟੀਵ ਬਰੈਂਡਾਊ ਨੇ ਵੀ ਇਸ ਰੈਜ਼ੂਲੇਸ਼ਨ ਦੇ ਹੱਕ ਵਿੱਚ ਵੋਟ ਪਾਈ।

ਓਲੀਵਰ ਬੇਂਸ ਨੇ ਕਿਹਾ ਕਿ ਇਹ ਰੈਜ਼ੂਲੇਸ਼ਨ ਪਾਸ ਹੋਣ ਨਾਲ ਕੋਈ ਕਨੂੰਨ ਤਾਂ ਨਹੀਂ ਬਦਲੇਗਾ ਲੇਕਿਨ ਸ਼ਾਇਦ ਇਹ ਮਤਾ ਤੁਹਾਡੇ ਜਖਮਾਂ ਤੇ ਮੱਲ੍ਹਮ ਲਾਉਣ ਵਿੱਚ ਥੋੜਾ ਸਹਾਈ ਹੋਵੇਗਾ। ਇਸ ਮੌਕੇ ਬੋਲਣ ਵਾਲੇ ਬੁਲਾਰਿਆ ਵਿੱਚ ਰਾਜ ਬੀਸਲਾ, ਡਾ. ਕੰਵਰ ਸਿੰਘ, ਮੰਗਲ ਕੌਰ, ਰੂਬੀ ਧਾਲੀਵਾਲ, ਬਿੱਲ ਨਿੱਝਰ, ਮਹਿੰਦਰ ਸਿੰਘ ਕਾਹਲੋਂ, ਗੁਰਦੀਪ ਸ਼ੇਰਗਿੱਲ, ਸੁਖਦੀਪ ਚੀਮਾਂ, ਰਾਜਦੀਪ ਸਿੰਘ ਅਤੇ ਅਰਮੀਨੀਅਨ ਰੇਸ ਦੇ ਟਾਡੇ ਇਸਖਾਨੀਅਨ ਅਦਿ ਨੇ ਰੈਜ਼ੂਲੇਸ਼ਨ ਨੂੰ ਪਾਸ ਕਰਵਾਉਣ ਲਈ ਆਪਣੇਂ ਵਿਚਾਰ ਰੱਖੇ। ਦੋਭਾਸ਼ੀਏ ਦੀ ਭੂਮਿਕਾ ਰਾਜ ਸਿੰਘ ਨੇ ਬਾਖੂਬੀ ਨਿਭਾਈ। ਯਾਦ ਰਹੇ ਕਿ ਇਸ ਤੋਂ ਪਹਿਲਾਂ ਇਹ ਰੈਜ਼ੂਲੇਸ਼ਨ ਸਿਟੀ ਆਫ਼ ਸੈਨਵਾਕੀਨ, ਕਰਮਨ ਅਤੇ ਬੇਕਰਸਫੀਲਡ ਆਦਿ ਸ਼ਹਿਰਾਂ ਵਿੱਚ ਪਹਿਲਾਂ ਹੀ ਪਾਸ ਹੋ ਚੁਕਾ ਹੈ।

ਅਖੀਰ ਵਿੱਚ ਲੋਕੀਂ ਇੱਕ ਦੂਜੇ ਨੂੰ ਵਧਾਈਆ ਦਿੰਦੇ ਖੁਸ਼ੀ ਖੁਸ਼ੀ ਜਿਤ ਦੀ ਤਸੱਲੀ ਲੈ ਘਰਾਂ ਨੂੰ ਪਰਤੇ। ਕਰਮਨ ਸਿਟੀ ਕੌਂਸਲ ਮੈਂਬਰ ਬਿੱਲ ਨਿੱਝਰ ਨੇ ਕਿਹਾ ਕਿ ਅੱਜ ਬੜਾ ਖੁਸ਼ੀ ਦਾ ਦਿਨ ਹੈ ਕਿ ਸਿੱਖ ਸਭ ਗਿੱਲੇ ਛਿਕਵੇ ਭੁਲਾਕੇ ਇੱਕ ਚੰਗੇ ਕਾਰਜ ਲਈ ਇੱਕ ਪਲੇਟਫਾਰਮ ਤੇ ਇਕੱਠੇ ਹੋਏ ਹਨ ਅਤੇ ਇਹ ਜਿੱਤ ਪੂਰੇ ਭਾਈਚਾਰੇ ਦੀ ਜਿੱਤ ਹੈ।

# ਸਿੱਖ ਅਧਿਕਾਰ ਸੰਸਥਾ ਐਸ ਐਫ ਜੇ ਵਲੋਂ ਯੂ ਐਨ ਰੈਪੋਰਟਰ ਨਾਲ ਮੀਟਿੰਗ-ਪੰਜਾਬ ਇੰਡੀਪੈਂਡੈਂਸ ਰਿਫਰੈਂਡਮ ਕਾਰਕੂੰਨਾਂ ਦੇ ਤਸ਼ੱਦਦ ਬਾਰੇ ਰਿਪੋਰਟ ਸੌਂਪੀ

**ਕੈਲੇਫੋਰਨੀਆ (ਹੁਸਨ ਲੜੋਆ ਬੰਗਾ)-** ਯੂ ਐਨ ਦੇ ਵਿਸ਼ੇਸ਼ ਰੈਪੋਰਟਰ ਅਤੇ ਮਨੁੱਖੀ ਅਧਿਕਾਰਾਂ ਬਾਰੇ ਮਾਹਿਰ ਨੇ ਬੀਤੇ ਦਿਨ 30 ਅਗਸਤ ਨੂੰ ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ ਐਸ ਐਫ ਜੇ ਦੇ ਵਫਦ ਨਾਲ ਇਕ ਮੀਟਿੰਗ ਕੀਤੀ ਤੇ ਪੰਜਾਬ ਭਾਰਤ ਵਿਚ ਸਿੱਖ ਰਿਫਰੈਂਡਮ ਦੇ ਕਾਰਕੂੰਨਾਂ ਨਾਲ ਹੋਏ ਤਸ਼ਦਦ, ਵਹਿਸ਼ੀ ਵਰਤਾਅ, ਗੈਰਮਨੁੱਖੀ ਤੇ ਘਟੀਆ ਵਤੀਰੇ ਅਤੇ ਉਨ੍ਹਾਂ 'ਤੇ ਲਾਏ ਗਏ ਅੱਤਵਾਦ ਦੇ ਦੋਸ਼ਾਂ ਬਾਰੇ ਜਾਣਕਾਰੀ ਲਈ। ਐਸ ਐਫ ਜੇ ਨੇ ਜਸਪ੍ਰੀਤ ਸਿੰਘ ਜੱਸਾ, ਹਰਦੀਪ ਸਿੰਘ, ਕੁਲਦੀਪ ਸਿੰਘ ਅਤੇ ਬਿਕਰਮਜੀਤ ਸਿੰਘ ਬਾਰੇ 'ਅਰਜੈਂਟ ਅਪੀਲ ਐਂਡ ਟਾਰਚਰ ਰਿਪੋਰਟ ਪੇਸ਼ ਕੀਤੀ ਜਿਨ੍ਹਾਂ 'ਤੇ ਭਾਰਤ ਵਿਚ ਰਿਫਰੈਂਡਮ 2020 ਲਈ ਕੰਮ ਕਰਨ ਅਤੇ ਇਟਲੀ ਸਥਿਤ ਅਵਤਾਰ ਸਿੰਘ ਤੇ ਅਮਰੀਕੀ ਨਾਗਰਿਕ ਹਰਜਾਪ ਸਿੰਘ ਜਾਪੀ ਨਾਲ ਮਿਲਕੇ ਅੱਤਵਾਦੀ ਸਰਗਰਮੀਆਂ ਚਲਾਉਣ ਦਾ ਦੋਸ਼ ਲਾਇਆ ਗਿਆ ਹੈ।



ਪੰਜਾਬ ਇੰਡੀਪੈਂਡੈਂਸ ਰਿਫਰੈਂਡਮ ਦੇ ਕਾਰਕੁੰਨ ਸਿੱਖਾਂ ਬਾਰੇ ਇਹ ਟਾਰਚਰ ਰਿਪੋਰਟ ਮਨੁੱਖੀ ਅਧਿਕਾਰਾਂ ਬਾਰੇ ਮਾਹਿਰ ਵਕੀਲ ਨਵਕਿਰਨ ਸਿੰਘ ਵਲੋਂ ਤਿਆਰ ਕੀਤੀ ਗਈ ਹੈ ਜੋ ਕਿ ਲਾਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ ਦੇ ਵਕੀਲ ਹਨ ਅਤੇ ਜਿਨ੍ਹਾਂ ਨੇ ਹੁਸ਼ਿਆਰਪੁਰ ਜੇਲ੍ਹ ਵਿਚ ਰਿਫਰੈਂਡੈਮ ਸਿਖ ਕਾਰਕੁੰਨਾਂ ਨਾਲ ਇੰਟਰਵਿਊ ਕੀਤੀ ਤੇ ਉਨ੍ਹਾਂ ਦੇ ਬਿਆਨ ਦਰਜ ਕਰਵਾਏ। ਯੂ ਐਨ ਸਪੈਸ਼ਲ ਰੈਪੋਰਟਰ ਨੂੰ ਸਿੱਖ ਰਿਫਰੈਂਡਮ ਕਾਰਕੁੰਨਾਂ 'ਤੇ ਕੀਤੇ ਗਏ ਅੰਨੇ ਤਸ਼ਦਦ ਦਾ ਨੋਟਿਸ ਲੈਣ ਅਤੇ ਭਾਰਤੀ ਪੁਲਿਸ ਵਲੋਂ ਲਗਾਤਾਰ ਕੀਤੇ ਜਾ ਰਹੇ ਤਸ਼ਦਦ ਤੋਂ ਪੀੜਤਾਂ ਨੂੰ ਬਚਾਉਣ ਲਈ ਲੁੜੀਂਦੇ ਕਦਮ ਚੁਕਣ ਦੀ ਅਪੀਲ ਕਰਦਿਆਂ ਅਧਿਕਾਰ ਸੰਸਥਾ ਦੀ ਅਪੀਲ ਵਿਚ ਕਿਹਾ ਗਿਆ ਹੈ ਕਿ ਪੀੜਤ ਜਸਪ੍ਰੀਤ ਸਿੰਘ, ਕੁਲਦੀਪ ਸਿੰਘ, ਹਰਦੀਪ ਸਿੰਘ ਅਤੇ ਬਿਕਰਮਜੀਤ ਪੰਜਾਬ ਦੇ ਇਕ ਪਿੰਡ ਦੇ ਸਿੱਖ ਨੌਜਵਾਨ ਹਨ ਜੋ ਕਿ ਮਨੁੱਖੀ ਅਧਿਕਾਰ ਸੰਸਥਾ ਐਨ ਜੀ ਓ ਸਿਖਸ ਫਾਰ ਜਸਟਿਸ ਵਲੋਂ ਭਾਰਤੀ ਕਬਜੇ ਵਾਲੇ ਪੰਜਾਬ ਨੂੰ ਆਜ਼ਾਦ ਕਰਵਾਉਣ ਅਤੇ ਸਿੱਖਾਂ ਨੂੰ ਖੁਦਮੁਖਤਿਆਰੀ ਦੇ ਅਧਿਕਾਰ ਦਿਵਾਉਣ ਲਈ ਰਿਫਰੈਂਡੈਮ ਕਰਵਾਉਣ ਦੇ ਦਿੱਤੇ ਗਏ ਸੱਦੇ ਦਾ ਸਰਗਰਮੀ ਨਾਲ ਤੇ ਸ਼ਾਂਤਮਈ ਤਰੀਕੇ ਨਾਲ ਪ੍ਰਚਾਰ ਕਰ ਰਹੇ ਹਨ। ਯੂ ਐਨ ਰੈਪੋਰਟਰ ਨੂੰ ਐਸ ਐਫ ਜੇ ਦੀ ਅਪੀਲ ਵਿਚ ਹੋਰ ਕਿਹਾ ਗਿਆ ਹੈ ਕਿ ਰਿਫਰੈਂਡਮ ਦੀ ਮੰਗ ਯੂ ਐਨ ਚਾਰਟਰ ਐਂਡ ਇੰਟਰਨੈਸ਼ਨਲ ਕੋਵਨੈਂਟਸ ਆਨ ਸਿਵਲ ਐਂਡ ਪੋਲਿਟਿਕਲ ਰਾਈਟਸ ਵਲੋਂ ਲਾਜ਼ਮੀ ਕਰਾਰੇ ਅਧਿਕਾਰ 'ਤੇ ਆਧਾਰਿਤ ਹੈ ਜਿਸ ਦਾ ਆਧਾਰ ਇਹ ਹੈ ਕਿ ਸਿੱਖ ਪੰਜਾਬ ਦੇ ਮੂਲ ਵਾਸੀ ਹਨ ਜਿਨ੍ਹਾਂ ਦਾ ਵਖਰਾ ਤੇ ਵਿਲੱਖਣ ਧਰਮ, ਸਭਿਆਚਾਰ ਤੇ ਭਾਸ਼ਾਈ ਪਛਾਣ ਹੈ।

ਤਸ਼ਦਦ ਅਤੇ ਹੋਰ ਵਹਿਸ਼ੀ, ਗੈਰਮਨੁੱਖੀ ਅਤੇ ਘਟੀਆ ਵਤੀਰੇ ਜਾਂ ਸਜ਼ਾ ਖਿਲਾਫ ਸੰਯੁਕਤ ਰਾਸ਼ਟਰ ਕਨਵੈਨਸ਼ਨ ਦੀ ਧਾਰਾ 1 ਦਾ ਹਵਾਲਾ ਦਿੰਦਿਆਂ ਐਸ ਐਫ ਜੇ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਜੱਸਾ ਦੇ ਇਸ ਕੇਸ ਵਿਚ ਗ੍ਰਿਫਤਾਰੀ ਲਈ ਕਾਰਨਾਂ ਦੀ ਪੁਸ਼ਟੀ ਕਰਦੇ ਪੁਲਿਸ ਅਧਿਕਾਰੀਆਂ ਦੇ ਬਿਆਨ, ਮੀਡੀਆ ਵਿਚ ਨਸ਼ਰ ਤਥ, ਸਬੂਤ, ਐਡਵੋਕੇਟ ਨਵਕਿਰਨ ਸਿੰਘ ਵਲੋਂ ਪੀੜਤ ਦੇ ਦਰਜ ਕੀਤੇ ਬਿਆਨ ਅਤੇ ਜੱਸਾ ਦਾ ਇਲਾਜ ਕਰ ਰਹੇ ਡਾਕਟਰ ਦਾ ਬਿਆਨ ਇਹ ਸਪਸ਼ਟ ਰੂਪ ਵਿਚ ਸਾਬਿਤ ਕਰਦਾ ਹੈ ਕਿ ਭਾਰਤੀ ਪੁਲਿਸ ਹਿਰਾਸਤ ਵਿਚ ਸਿੱਖ ਪੀੜਤਾਂ ਨਾਲ ਅਪਣਾਇਆ ਗਿਆ ਵਤੀਰਾ ਤਸ਼ਦਦ ਹੋ ਨਿਬੜਦਾ ਹੈ। ਅਟਾਰਨੀ ਪੰਨੂ ਨੇ ਅੱਗੇ ਕਿਹਾ ਕਿ ਸਿੱਖ ਰਿਫਰੈਂਡਮ ਕਾਰਕੁੰਨਾਂ 'ਤੇ ਭਾਰਤੀ ਪੁਲਿਸ ਵਲੋਂ ਤਸ਼ਦਦ ਕਰਨ ਦਾ ਇਕੋ ਮਕਸਦ ਹੈ ਕਿ ਉਨ੍ਹਾਂ ਨੂੰ ਰਿਫਰੈਂਡਮ ਦਾ ਪ੍ਰਚਾਰ ਕਰਨ ਲਈ ਸਜ਼ਾ ਦੇਣਾ, ਰਿਫਰੈਂਡਮ ਮੁਹਿੰਮ ਚਲਾਉਣ ਤੋਂ ਰੋਕਣਾ ਅਤੇ ਇਸ ਦੇ ਨਾਲ ਹੀ ਸਿੱਖ ਰਿਫਰੈਂਡਮ ਦਾ ਪ੍ਰਚਾਰ ਕਰਨ ਵਾਲੇ ਹੋਰ ਸਿੱਖ ਕਾਰਕੁੰਨਾਂ ਨੂੰ ਡਰਾਉਣਾ ਹੈ।

ਯੂ ਐਨ ਰੈਪੋਰਟਰ ਨੂੰ ਸੌਂਪੀ ਗਈ ਅਰਜੈਂਟ ਐਕਸ਼ਨ ਰਿਪੋਰਟ ਵਿਚ ਭਾਰਤੀ ਪੁਲਿਸ ਦੇ ਆਈ ਜੀ ਲੋਕ ਨਾਥ ਆਂਗਰਾ, ਐਸ ਐਸ ਪੀ ਕੁਲਦੀਪ ਸਿੰਘ ਚਾਹਲ, ਐਸ ਪੀ ਕੁਲਵੰਤ ਸਿੰਘ, ਡੀ ਐਸ ਪੀ ਹਰਦੀਪ ਸਿੰਘ ਅਤੇ ਸੁਖਅੰਮ੍ਰਿਤ ਸਿੰਘ ਤੇ ਐਸ ਐਚ ਓ ਕੁਲਵਿੰਦਰ ਸਿੰਘ ਦੇ ਨਾਂਅ ਦਿੱਤੇ ਗਏ ਹਨ ਜੋ ਕਿ ਪੰਜਾਬ ਵਿਚ ਸਿੱਖ ਰਿਫਰੈਂਡਮ ਕਾਰਕੁੰਨਾਂ 'ਤੇ ਤਸ਼ਦਦ ਤੇ ਹੋਰ ਵਹਿਸ਼ੀ ਤੇ ਗੈਰ ਮਨੁੱਖੀ ਵਤੀਰੇ ਲਈ ਜ਼ਿੰਮੇਵਾਰ ਹਨ।

AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hayward, CA 94544

Prop: Jasbir Singh Takhar
510-755-2132



Harmandeep Singh

# ਅਮਰੀਕਾ ਦੀ ਚਿਤਾਵਨੀ ਨੂੰ ਚੀਨ ਨੇ ਕੀਤਾ ਨਜਰਅੰਦਾਜ

**ਬੀਜਿੰਗ-** ਅਮਰੀਕਾ ਦੀ ਚੇਤਾਵਨੀ ਨੂੰ ਨਜ਼ਰਅੰਦਾਜ਼ ਕਰਦੇ ਹੋਏ ਚੀਨ ਨੇ ਦੱਖਣੀ ਚੀਨ ਸਾਗਰ ਵਿੱਚ ਫਿਰ ਤੋਂ ਜਹਾਜ਼ ਭੇਜ ਦਿੱਤੇ ਹਨ। ਚੀਨ ਨੇ ਦੱਖਣੀ ਚੀਨ ਸਾਗਰ ਦੇ ਫਿਲੀਪੀਨਸ ਕੋਸਟ ਦੇ ਨਜ਼ਦੀਕ ਵਿਵਾਦਮਈ ਰੀਫ ਦੇ ਆਸਪਾਸ ਵੱਡੀ ਗਿਣਤੀ ਵਿੱਚ ਸਮੁੰਦਰੀ ਜਹਾਜ਼ ਤੇ ਕਿਸ਼ਤੀਆਂ ਭੇਜੀਆਂ ਹਨ। ਯਾਦ ਰਹੇ ਕਿ ਜੀ-20 ਸੰਮੇਲਨ ਦੌਰਾਨ ਓਬਾਮਾ ਨੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਚੇਤਾਵਨੀ ਦਿੱਤੀ ਸੀ ਕਿ ਉਹ ਦੱਖਣੀ ਚੀਨ ਸਾਗਰ ਵਿੱਚ ਨਿਯਮਾਂ ਦਾ ਪਾਲਣ ਕਰੇ ਨਹੀਂ ਤਾਂ ਗੰਭੀਰ ਨਤੀਜੇ ਭੁਗਤਣੇ ਹੋਣਗੇ। ਫਿਲੀਪੀਨਸ ਦੇ ਰੱਖਿਆ ਮੰਤਰੀ ਡੇਲਫਿਨ ਲਾ ਰੋਜ਼ਾ ਨੇ 'ਨਿਊਯਾਰਕ ਟਾਈਮਜ਼' ਨੂੰ ਦਿੱਤੇ ਆਪਣੇ ਇੰਟਰਵਿਊ ਵਿੱਚ ਦੱਸਿਆ ਕਿ ਸਾਡੇ ਕੋਲ ਦੱਖਣੀ ਚੀਨ ਸਾਗਰ ਵਿੱਚ ਚਾਰ ਚੀਨ ਕੋਸਟਗਾਰਡ ਸ਼ਿੱਪ ਤੇ ਛੇ ਹੋਰ ਕਿਸ਼ਤੀਆਂ ਦੀਆਂ ਫ਼ੋਟੋਆਂ ਹਨ। ਚੀਨ ਦੇ ਇਹ ਜਹਾਜ਼ ਵਿਵਾਦ ਮਈ ਇਲਾਕੇ ਵਿੱਚ ਉਸ ਸਮੇਂ ਵੀ ਸਨ ਜਦੋਂ ਜੀ-20 ਸੰਮੇਲਨ ਦੌਰਾਨ ਓਬਾਮਾ-ਜਿਨਪਿੰਗ ਦੀ ਮੁਲਾਕਾਤ ਹੋ ਰਹੀ ਸੀ। ਚੀਨ ਦੀ ਇਸ ਕਾਰਵਾਈ ਨੂੰ ਉਕਸਾਉਣ ਵਾਲੀ ਕਾਰਵਾਈ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਮਾਰਚ ਮਹੀਨੇ ਵਿੱਚ ਓਬਾਮਾ ਨੇ ਜਿਨਪਿੰਗ ਦੇ ਨਾਲ ਮੁਲਾਕਾਤ ਦੇ ਦੌਰਾਨ ਵੀ ਵਿਵਾਦਮਈ ਇਲਾਕੇ ਵਿੱਚ ਕਿਸੇ ਵੀ ਤਰ੍ਹਾਂ ਦੀ ਉਸਾਰੀ ਨਾ ਕਰਨ ਦੀ ਗੱਲ ਵੀ ਆਖੀ ਸੀ।

ਦੇਸ਼ ਦੁਆਬਾ


# ਕੀ ਆਮ ਆਦਮੀ ਪਾਰਟੀ ਕੋਲ ਕੋਈ ਲੁਕਵਾਂ ਏਜੰਡਾ ਹੈ?

ਲੋਕ ਸਭਾ ਚੋਣਾਂ ਤੋਂ ਬਾਅਦ ਇੱਕਦਮ ਚਰਚਾ ਵਿਚ ਆਈ ਨਵੀਂ ਬਣੀ ਪਾਰਟੀ ਆਮ ਆਦਮੀ ਪਾਰਟੀ ਨੂੰ ਸੁੱਚਾ ਸਿੰਘ ਛੋਟੇਪੁਰ ਦੀ ਪਾਰਟੀ ’ਚੋਂ ਬੇਦਖਲੀ ਕਾਫੀ ਮਹਿੰਗੀ ਪੈ ਰਹੀ ਹੈ। ਇਸ ਦੇ ਨਾਲ ਹੀ ਪਾਰਟੀ ਨੇ ਬੇਸ਼ੱਕ ਨੁਕਸਾਨ ਪੂਰਤੀ ਲਈ ਇਕ ਹੋਰ ਗੈਰ ਵਿਵਾਦਿਤ ਅਤੇ ਗੈਰ ਸਿਆਸੀ ਪਰਿਵਾਰ ਤੇ ਮਾਝੇ ਨਾਲ ਸਬੰਧਤ ਪ੍ਰਸਿੱਧ ਕਾਮੇਡੀਅਨ ਗੁਰਪ੍ਰੀਤ ਸਿੰਘ ਘੁੱਗੀ ਨੂੰ ਪਾਰਟੀ ਦਾ ਕਨਵੀਨਰ ਬਣਾਇਆ ਹੈ। ਪਰ ਇਹਨਾਂ ਕੁਝ ਦਿਨਾਂ ਵਿਚ ਆਮ ਆਦਮੀ ਪਾਰਟੀ ਦਾ ਪੰਜਾਬ ਵਿਚ ਗਰਾਫ ਇੰਨੀ ਤੇਜ਼ੀ ਨਾਲ ਡਿੱਗਿਆ ਹੈ ਕਿ ਇਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। ਪੰਜਾਬ ਦੇ ਲੋਕਾਂ ਵਿਚ ਆਮ ਆਦਮੀ ਪਾਰਟੀ ਬਾਰੇ ਜਿੰਨਾ ਉਤਸ਼ਾਹ ਸੀ, ਛੋਟੇਪੁਰ ਨੂੰ ਕੱਢੇ ਜਾਣ ਤੋਂ ਬਾਅਦ ਇੱਕਦਮ ਹੇਠਾਂ ਆ ਗਿਆ। ਇਸ ਦੇ ਪ੍ਰਮੁੱਖ ਕਈ ਕਾਰਨ ਹਨ ਅਤੇ ਇਸ ਪਾਰਟੀ ਦੇ ਅੰਦਰੋਂ ਜੋ ਕਨਸੋਆਂ ਆ ਰਹੀਆਂ ਹਨ, ਜੇਕਰ ਉਹ ਸਹੀ ਹਨ ਤਾਂ ਇਸ ਪਾਰਟੀ ਦਾ ਪੰਜਾਬ ਵਿਚ ਪੈਰ ਜਮਾਉਣਾ ਹੋਰ ਵੀ ਮੁਸ਼ਕਿਲ ਹੋ ਜਾਵੇਗਾ।

ਆਮ ਆਦਮੀ ਪਾਰਟੀ ਦੀ ਦਿੱਲੀ ਵਿਚ ਸਰਕਾਰ ਹੈ ਪਰ ਉਸ ਸਰਕਾਰ ਦੇ ਤਿੰਨ ਮੰਤਰੀ ਹੁਣ ਤੱਕ ਵਿਭਚਾਰ ਅਤੇ ਹੋਰ ਦੋਸ਼ਾਂ ਤਹਿਤ ਬਰਖਾਸਤ ਹੋ ਚੁੱਕੇ ਹਨ। ਕਈ ਵਿਧਾਇਕਾਂ ਦੇ ਉਤੇ ਵੀ ਅਜਿਹੇ ਹੀ ਦੋਸ਼ ਲੱਗੇ ਹਨ। ਪੰਜਾਬ ਵਿਚ ਵੀ ਕਈ ਲੀਡਰਾਂ ਤੇ ਦੋਸ਼ ਲੱਗੇ ਹਨ, ਹਾਲਾਂਕਿ ਇਹਨਾਂ ਦੋਸ਼ਾਂ ਨੂੰ ਸੱਤਾਧਾਰੀ ਧਿਰ ਦੇ ਨਾਂ ਹੇਠ ਬਹੁਤੀ ਹਵਾ ਨਹੀਂ ਮਿਲੀ ਕਿਉਂਕਿ ਆਮ ਆਦਮੀ ਪਾਰਟੀ ਇਸ ਨੂੰ ਸੱਤਾਧਾਰੀ ਅਕਾਲੀ-ਭਾਜਪਾ ਸਰਕਾਰ ਦੀ ਭੜਕਾਹਟ ਦੱਸ ਕੇ ਖਹਿੜਾ ਛੁਡਾ ਲੈਂਦੀ ਹੈ। ਪਾਰਟੀ ਦੀਆਂ ਕੁਝ ਬਾਗੀ ਸੁਰਾਂ ਕਹਿ ਰਹੀਆਂ ਹਨ ਕਿ ਇਹ ਪਾਰਟੀ ਆਪਣਾ ਇਕ ਲੁਕਵਾਂ ਏਜੰਡਾ ਰੱਖਦੀ ਹੈ, ਜਿਸ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਬਾਅਦ ਜਨਤਕ ਕੀਤਾ ਜਾਵੇਗਾ। ਇਸ ਏਜੰਡੇ ਮੁਤਾਬਕ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਆਪਣੀ ਪਤਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣਾ ਚਾਹੁੰਦੇ ਹਨ। ਇਹਨਾਂ ਕਨਸੋਆਂ ਨੂੰ ਬਲ ਇਸ ਕਰਕੇ ਵੀ ਮਿਲ ਰਿਹਾ ਹੈ ਕਿਉਂਕਿ ਇਸ ਪਾਰਟੀ ਨੇ ਹੁਣ ਤੱਕ ਆਪਣਾ ਮੁੱਖ ਮੰਤਰੀ ਦਾ ਉਮੀਦਵਾਰ ਐਲਾਨ ਨਹੀਂ ਕੀਤਾ ਹੈ, ਇਸ ਕਰਕੇ ਦੁਚਿੱਤੀ ਦਾ ਮਾਹੌਲ ਬਣਿਆ ਹੋਇਆ ਹੈ। ਸੁੱਚਾ ਸਿੰਘ ਛੋਟੇਪੁਰ ਨੇ ਜੋ ਦੋਸ਼ ਲਗਾਏ ਹਨ ਕਿ ਉਸ ਨੂੰ ਟਿਕਟਾਂ ਦੀ ਵੰਡ ਵੇਲੇ ਪੁੱਛਿਆ ਤੱਕ ਨਹੀਂ ਗਿਆ ਅਤੇ ਇਹ ਪਾਰਟੀ ਪੰਜਾਬ ਵਿਚੋਂ ਪੈਸਾ ਇਕੱਠਾ ਕਰਕੇ ਦਿੱਲੀ ਚੋਣਾਂ ਤੇ ਲਗਾਉਣ ਲਈ ਉਸ ਨੂੰ ਮਜਬੂਰ ਕਰਦੀ ਰਹੀ ਹੈ ਤਾਂ ਨਿਸਚਿਤ ਹੀ ਅਜਿਹਾ ਕੋਈ ਲੁਕਵਾਂ ਏਜੰਡਾ ਜੇਕਰ ਹੈ ਤਾਂ ਪੰਜਾਬੀਆਂ ਲਈ ਇਹ ਮੁਸ਼ਕਿਲ ਅਤੇ ਸੋਚਣ ਦੀ ਘੜੀ ਹੈ। ਸਿਆਸੀ ਹਲਕਿਆਂ ਮੁਤਾਬਕ ਪਾਰਟੀ ਦੇ ਅੰਦਰ-ਬਾਹਰ ਇਹ ਚਰਚਾ ਭਾਰੂ ਹੈ ਕਿ ਇਸ ਪਾਰਟੀ ਨੇ ਯੂ. ਪੀ. ਬਿਹਾਰ ਤੋਂ ਲਿਆ ਕੇ ਆਪਣੇ ਲੀਡਰ ਪੰਜਾਬੀਆਂ ਉਤੇ ਥੋਪ ਦਿੱਤੇ ਹਨ, ਜਿਸ ਕਰਕੇ ਪਾਰਟੀ ਦੀ ਪੰਜਾਬ ਲੀਡਰਸ਼ਿਪ ਲਾਚਾਰ ਜਿਹੀ ਹੋ ਗਈ ਹੈ ਅਤੇ ਇਸ ਬੇਚੈਨੀ ਭਰੇ ਮਾਹੌਲ ਵਿਚ ਇਸ ਪਾਰਟੀ ਦੇ ਕੁਝ ਲੀਡਰ ਆਪਣੇ ਭਵਿੱਖ ਨੂੰ ਲੈ ਕੇ ਦੁਬਿਧਾ ਵਿਚ ਹਨ। ਇਸ ਦੇ ਨਾਲ ਹੀ ਜੇਕਰ ਪਾਰਟੀ ਦੇ ਪੱਕੇ ਸਮਰਥਕਾਂ ਨਾਲ ਗੱਲ ਛੇੜ ਕੇ ਦੇਖੋ ਤਾਂ ਉਹ ਕਹਿੰਦੇ ਹਨ ਕਿ ਇਹ ਵਿਰੋਧੀਆਂ ਵੱਲੋਂ ਢਾਅ ਲਾਉਣ ਦੀਆਂ ਚਾਲਾਂ ਹਨ।

ਜਿੱਥੋਂ ਤੱਕ ਪੰਜਾਬ ਉਤੇ ਬਾਹਰਲੇ ਲੀਡਰ ਥੋਪਣ ਦਾ ਮਾਮਲਾ ਹੈ, ਪੰਜਾਬੀ ਅਜਿਹਾ ਕਤਈ ਨਹੀਂ ਹੋਣ ਦਿੰਦੇ। ਪੰਜਾਬ ਦਾ ਅੱਜ ਤੱਕ ਦਾ ਇਤਿਹਾਸ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਪੰਜਾਬੀ ਹੀ ਬਣਿਆ ਹੈ ਅਤੇ ਉਹ ਵੀ ਜੱਟ ਭਾਈਚਾਰੇ ਵਿਚੋਂ। ਪੰਜਾਬ ਵੰਡ ਤੋਂ ਬਾਅਦ ਇਕ ਵਾਰ ਗੈਰ ਜੱਟ ਗਿਆਨੀ ਜੈਲ ਸਿੰਘ ਹੀ ਮੁੱਖ ਮੰਤਰੀ ਬਣੇ ਸਨ, ਉਸ ਤੋਂ ਪਹਿਲਾਂ ਅਤੇ ਬਾਅਦ ਵਿਚ ਕਿਸੇ ਗੈਰ ਜੱਟ ਨੂੰ ਅਜਿਹਾ ਮੌਕਾ ਨਹੀਂ ਮਿਲਿਆ। ਦੂਜਾ ਪੰਜਾਬ ਦਾ ਮੁੱਖ ਮੰਤਰੀ ਕਦੀ ਵੀ ਗੈਰ ਪੰਜਾਬੀ ਨਹੀਂ ਬਣਿਆ। ਜੇਕਰ ਕੇਜਰੀਵਾਲ ਆਪਣੀ ਪਤਨੀ ਨੂੰ ਲਿਆ ਕੇ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਦੀ ਸਕੀਮ ਰੱਖਦੇ ਹਨ ਤਾਂ ਇਹ ਉਹਨਾਂ ਦੀ ਕੋਰੀ ਕਲਪਨਾ ਹੈ ਕਿਉਂਕਿ ਪੰਜਾਬੀ ਅਜਿਹਾ ਸਹਿਣ ਨਹੀਂ ਕਰ ਸਕਦੇ। ਇਹਨਾਂ ਅਫਵਾਹਾਂ ਨੂੰ ਇਸ ਕਰਕੇ ਵੀ ਜ਼ਿਆਦਾ ਬਲ ਮਿਲ ਰਿਹਾ ਹੈ ਕਿਉਂਕਿ ਪਾਰਟੀ ਦੇ ਕੋਲ ਐਚ. ਐਸ. ਫੂਲਕਾ, ਹਿੰਮਤ ਸਿੰਘ ਆਦਿ ਵਰਗੇ ਤਜਰਬੇਕਾਰ ਲੋਕ ਮੌਜੂਦ ਹੋਣ ਦੇ ਬਾਵਜੂਦ ਇਸ ਪਾਰਟੀ ਨੂੰ ਮੁੱਖ ਮੰਤਰੀ ਦੇ ਲਾਇਕ ਕੋਈ ਉਮੀਦਵਾਰ ਨਹੀਂ ਮਹਿਸੂਸ ਹੋ ਰਿਹਾ। ਹਾਲਾਂਕਿ ਪਾਰਟੀ ਦਾ ਕਹਿਣਾ ਹੈ ਕਿ ਇਸ ਨਾਲ ਧੜੇਬੰਦੀ ਵਧੇਗੀ, ਪਰ ਅਜਿਹਾ ਇਸ ਪਾਰਟੀ ਨਾਲ ਨਹੀਂ ਹੈ ਕਿਉਂਕਿ ਪਾਰਟੀ ਤਾਂ ਰਵਾਇਤੀ ਸਿਆਸੀ ਪਾਰਟੀਆਂ ਵਿਰੁੱਧ ਭੜਾਸ ਕੱਢਣ ਵਾਲੇ ਵੋਟਰਾਂ ਦੀਆਂ ਵੋਟਾਂ ਤੇ ਨਿਰਭਰ ਕਰਦੀ ਹੈ। ਖੈਰ, ਭਵਿੱਖ ਵਿਚ ਇਹ ਪਾਰਟੀ ਕੀ ਪਾਸਾ ਪਲਟਦੀ ਹੈ, ਇਹ ਤਾਂ ਅੱਗੇ ਦੇਖਣ ਵਾਲੀ ਗੱਲ ਹੋਵੇਗੀ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ



ਪੁਣਛਾਣ

## ਸਿਆਸਤ ਦੀ ਪੁਣਛਾਣ

# ਨਿਚੋੜੇ ਕੱਪੜੇ ਵਰਗੀ ਹੋ ਗਈ ਹੈ ਪੰਜਾਬ ਦੀ ਸਿਆਸੀ ਹਾਲਤ



ਪੰਮੀ ਲਾਲੋ ਮਜਾਰਾ
91-95011-43755

ਜਿਵੇਂ ਨਿਚੋੜੇ ਹੋਏ ਕੱਪੜੇ ਦਾ ਕਈ ਵਾਰ ਲੜ ਸਿਰਾ ਨਹੀਂ ਲੱਭਦਾ, ਬੱਸ ਕੁਝ ਇਸ ਤਰ੍ਹਾਂ ਦੇ ਹਾਲਾਤ ਪੰਜਾਬ ਦੀ ਸਿਆਸਤ ਦੇ ਹੋਏ ਪਏ ਹਨ। ਕੋਈ ਲੜ ਸਿਰਾ ਨਹੀਂ। ਕੋਈ ਥਹੁ ਪਤਾ ਨਹੀਂ ਲੱਗ ਰਿਹਾ। ਸਰਵੇ ਕਰਨ ਵਾਲੀਆਂ ਚੋਣ ਏਜੰਸੀਆਂ ਵੀ ਪ੍ਰੇਸ਼ਾਨ ਹਨ। ਸਿਆਸੀ ਮਾਹਿਰ ਤੇ ਸਿਆਸੀ ਪੱਤਰਕਾਰ ਸਭ ਦੁਚਿੱਤੀ ’ਚ ਹਨ। ਸਵੇਰ ਨੂੰ ਕੋਈ ਪਾਰਟੀ ਮਜ਼ਬੂਤ ਨਜ਼ਰ ਆਉਂਦੀ ਹੈ ਤੇ ਸ਼ਾਮ ਨੂੰ ਕਿਸੇ ਹੋਰ ਪਾਰਟੀ ਦਾ ਗ੍ਰਾਫ ਉਪਰ ਚੜ੍ਹਿਆ ਨਜ਼ਰ ਆਉਂਦਾ ਹੈ। ਲੈ-ਦੇ ਕੇ ਸਥਿਤੀ ਸਭ ਪਾਰਟੀਆਂ ਦੀ ਭੰਬਲਭੂਸੇ ਵਾਲੀ ਹੋਈ ਪਈ ਹੈ। ਖੁਦ ਸਿਆਸੀ ਪਾਰਟੀਆਂ ਨੂੰ ਇਹ ਸਮਝ ਨਹੀਂ ਆ ਰਿਹਾ ਕਿ ਉਹ ਇਸ ਸਿਆਸੀ ਘੁੰਮਣਘੇਰੀ ਨਾਲ ਨਜਿੱਠਣ ਲਈ ਕਿਹੜਾ ਰਾਹ ਅਪਣਾਉਣ। ਕਈ ਸਿਆਸੀ ਪਾਰਟੀਆਂ ਤਾਂ ਸੋਸ਼ਲ ਮੀਡੀਏ ਤੋਂ ਆਪਣੇ-ਆਪਣੇ ਵਰਕਰਾਂ ਤੋਂ ਦਿਸ਼ਾ ਨਿਰਦੇਸ਼ ਤੇ ਸਲਾਹਾਂ ਮੰਗ ਰਹੀਆਂ ਹਨ। ਖੁਦ ਵਰਕਰ ਤੇ ਵੋਟਰ ਨਿਰਾਸ਼ਾ ਦੇ ਆਲਮ ਵਿਚ ਡੁੱਬੇ ਹੋਏ ਹਨ। ਇਸ ਤਰ੍ਹਾਂ ਸ਼ਾਇਦ ਪੰਜਾਬ ਦੇ ਸਿਆਸੀ ਇਤਿਹਾਸ ਵਿਚ ਪਹਿਲੀ ਵਾਰ ਹੋ ਰਿਹਾ ਹੈ। ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਤੋਂ ਦੋ ਕੁ ਮਹੀਨੇ ਪਹਿਲਾਂ ਆਪ ਦੀ ਹਰ ਥਾਂ ਚਰਚਾ ਸੀ। ਪਰ ਅਗਸਤ ਮਹੀਨੇ ਵਿਚ ਆਪ ਨੂੰ ਐਸੀ ਸਿਆਸੀ ਸਾੜ੍ਹਸਤੀ ਚਿੰਬੜੀ ਕਿ ਸਭ ਕੁਝ ਤਹਿਸ ਨਹਿਸ ਹੋ ਕੇ ਰਹਿ ਗਿਆ। ਕੁਝ ਸਟਿੰਗ ਅਪਰੇਸ਼ਨ, ਕੁਝ ਵੱਡੇ ਆਗੂਆਂ ਦਾ ਪਾਰਟੀ ਛੱਡ ਜਾਣਾ ਤੇ ਕੁਝ ਨੂੰ ਕੱਢਿਆ ਜਾਣਾ, ਅਜਿਹੀਆਂ ਕਾਰਵਾਈਆਂ ਨੇ ਕਿਤੇ ਨਾ ਕਿਤੇ ਆਪ ਦੇ ਅਕਸ ਨੂੰ ਢਾਅ ਲਾਈ ਹੈ। ਹੋ ਸਕਦਾ ਹੈ ਆਪ ਨੂੰ ਇਕ ਗਹਿਰੀ ਸੱਟ ਹੋਰ ਵੱਜੇ ਜੇ ਆਪ ਨੂੰ ਛੱਡ ਕੇ ਗਏ ਆਗੂ ਇਕ ਪਲੇਟਫਾਰਮ ਤੇ ਇਕੱਠੇ ਹੋ ਕੇ ਚੋਣਾਂ ਲੜਨ ਤੇ ਆਪ ਦਾ ਉਹ ਐਨਾ ਕੁ ਨੁਕਸਾਨ ਕਰ ਦੇਣ ਜਿਸ ਨਾਲ ਫਿਰ ਕਦੇ ਪੂਰਤੀ ਹੀ ਨਾ ਹੋ ਸਕੇ। ਜਿਸ ਤਰ੍ਹਾਂ ਬਸਪਾ ਛੱਡ ਕੇ ਜਾਣ ਵਾਲੇ ਅਕਾਲੀ ਦਲ ਤੇ ਕਾਂਗਰਸ ਵਿਚ ਜਾਣ ਨੂੰ ਪਹਿਲ ਦਿੰਦੇ ਹਨ, ਕਿਉਂਕਿ ਆਪ ਰਿਜ਼ਰਵੇਸ਼ਨ ਵਿਰੋਧੀ ਸੋਚ ਰੱਖਦੀ ਹੈ ਤੇ ਇਸੇ ਤਰ੍ਹਾਂ ਆਪ ਨੂੰ ਛੱਡ ਕੇ ਜਾਣ ਵਾਲੇ ਵੀ ਨਾ ਤਾਂ ਕਾਂਗਰਸ ਦਾ ਸਮਰਥਨ ਕਰਨਾ ਚਾਹੁਣਗੇ ਤੇ ਨਾ ਹੀ ਅਕਾਲੀ ਦਲ ਦਾ। ਉਹ ਇਹੀ ਸੋਚ ਰੱਖਣਗੇ ਕਿ ਕੋਈ ਯੋਗੇਂਦਰ ਯਾਦਵ ਵਰਗਾ ਪੰਜਾਬ ’ਚ ਕਿਸੇ ਸਿਆਸੀ ਮੰਚ ਦੀ ਅਗਵਾਈ ਕਰੇ ਤੇ ਬਾਗੀ ਹੋਏ ਤੇ ਜਾਂ ਆਪ ’ਚੋਂ ਕੱਢੇ ਹੋਏ ਆਗੂ ਉਸ ਸਿਆਸੀ ਮੰਚ ਦੇ ਹੇਠਾਂ ਆਪਣੀਆਂ ਰਾਜਨੀਤਿਕ ਗੋਟੀਆਂ ਫਿੱਟ ਕਰਨ। ਇਸ ਤਰ੍ਹਾਂ ਦੀ ਘੁੰਮਣਘੇਰੀ ਵਾਲੀ ਹਾਲਤ ਇਕੱਲੀ ਆਪ ਦੀ ਹੀ ਨਹੀਂ ਹੈ, ਬਾਕੀ ਕਾਂਗਰਸ ਤੇ ਅਕਾਲੀ ਦਲ ਦਾ ਵੀ ਇਹੀ ਹਾਲ ਹੈ। ਕਿਉਂਕਿ ਕਾਂਗਰਸ ’ਚੋਂ ਗਏ ਜਗਮੀਤ ਬਰਾੜ ਨੇ ਵੀ ਇਕ ਵੱਖਰਾ ਮੰਚ ਬਣਾ ਕੇ ਕਾਂਗਰਸ ਲਈ ਪ੍ਰੇਸ਼ਾਨੀਆਂ ਦਾ ਸਬੱਬ ਸਹੇੜ ਦਿੱਤਾ ਹੈ। ਤੇ ਅਕਾਲੀ ਦਲ ’ਚੋਂ ਪਰਗਟ ਸਿੰਘ, ਬੁਲਾਰੀਆ ਤੇ ਟੌਹੜਾ ਦੇ ਧੀ-ਜਵਾਈ ਤੇ ਅਕਾਲੀ ਦਲ ਦੀ ਆਪਸੀ ਕਲਹ ਤੇ ਸਰਕਾਰ ਵਿਰੋਧੀ ਚੱਲ ਰਹੀ ਲਹਿਰ ਨੇ ਅਕਾਲੀ ਦਲ ਨੂੰ ਅੰਦਰੋਂ ਹਿਲਾ ਕੇ ਰੱਖਿਆ ਹੋਇਆ ਹੈ। ਭਾਜਪਾ ਦੀ ਤਾਂ ਗੱਲ ਹੀ ਛੱਡੋ। ਭਾਜਪਾ ਦਾ ਤਾਂ ਜਿਵੇਂ ਨਵਜੋਤ ਸਿੱਧੂ ਤੋਂ ਬਿਨਾਂ ਪੰਜਾਬ ਵਿਚ ਕੋਈ ਵਾਲੀ-ਵਾਰਸ ਹੀ ਨਾ ਬਚਿਆ ਹੋਵੇ। ਬਸਪਾ ਵਿਚ ਹਾਲ ਦੀ ਘੜੀ ਸ਼ਾਂਤੀ ਵਾਲੀ ਹੈ, ਕਿਉਂਕਿ ਦੋ-ਤਿੰਨ ਮਹੀਨੇ ਤੋਂ ਬਸਪਾ ਦੇ ਕਿਸੇ ਉਸ ਚਿਹਰੇ ਨੇ ਪਾਰਟੀ ਨਹੀਂ ਛੱਡੀ ਜੋ ਪਾਰਟੀ ਨੂੰ ਨੁਕਸਾਨ ਪਹੁੰਚਾ ਸਕਦਾ ਹੋਵੇ। ਜੇ ਆਪ ਦੇ ਝਾੜੂ ਦਾ ਮੌਜੂਦਾ ਸਮੇਂ ਮੁਤਾਬਕ ਤੀਲਾ-ਤੀਲਾ ਨਾ ਖਿੱਲਰਦਾ ਤਾਂ ਇਹਦਾ ਸਭ ਤੋਂ ਵੱਧ ਨੁਕਸਾਨ ਬਸਪਾ ਨੂੰ ਹੀ ਹੋਣਾ ਸੀ, ਜੋ ਕਿ ਅਸੀਂ ਪਿਛਲੇ ਲੋਕ ਸਭਾ ਚੋਣਾਂ ਵਿਚ ਵੇਖ ਹੀ ਚੁੱਕੇ ਹਾਂ।

### ਆਵਾਜ਼-ਏ-ਪੰਜਾਬ ਦਾ ਨਫ਼ਾ ਨੁਕਸਾਨ

8 ਸਤੰਬਰ ਨੂੰ ਬਣਨ ਜਾ ਰਹੇ ’ਆਵਾਜ਼-ਏ-ਪੰਜਾਬ’ ਵਰਗੇ ਸਿਆਸੀ ਮੰਚ ਦਾ ਸਭ ਤੋਂ ਵੱਧ ਨੁਕਸਾਨ ਆਪ, ਅਕਾਲੀ ਤੇ ਭਾਜਪਾ ਦਾ ਹੋਵੇਗਾ। ਕਿਉਂਕਿ ਬੈਂਸ ਭਰਾ ਜੋ ਕਿ ਲੁਧਿਆਣੇ ਦੀ ਰਾਜਨੀਤੀ ਵਿਚ ਆਪਣੀ ਪੂਰੀ ਸਰਦਾਰੀ ਰੱਖਦੇ ਹਨ, ਉਹ ਵੀ ਕਿਸੇ ਵਕਤ ਅਕਾਲੀ ਦਲ ਵਿਚ ਹੀ ਹੁੰਦੇ ਸੀ। ਪਰ ਹੁਣ ਜਿਸ ਤਰ੍ਹਾਂ ਰੇਤ ਬਜਰੀ ਮਾਫੀਆ ਦੇ ਖ਼ਿਲਾਫ਼ ਬੈਂਸ ਭਰਾਵਾਂ ਨੇ ਅਕਾਲੀ ਸਰਕਾਰ ਦੇ ਨੱਕ ’ਚ ਦਮ ਕਰ ਦਿੱਤਾ ਸੀ, ਉਸ ਨਾਲ ਲੋਕਾਂ ਵਿਚ ਬੈਂਸ ਭਰਾਵਾਂ ਦਾ ਕਸ ਬਹੁਤ ਸਾਫ ਸੁਥਰਾ ਬਣਿਆ ਹੈ। ਪਰਗਟ ਸਿੰਘ ਤਾਂ ਖੁਦ ਅਕਾਲੀ ਸਰਕਾਰ ਵਿਚ ਮੌਜੂਦਾ ਐਮ. ਐਲ. ਏ. ਸੀ, ਉਹ ਵੀ ਆਵਾਜ-ਏ-ਪੰਜਾਬ ਦਾ ਹਿੱਸਾ ਬਣਿਆ ਹੈ। ਨਵਜੋਤ ਸਿੱਧੂ ਕਰਕੇ ਤਾਂ ਭਾਜਪਾ ਦੀਆਂ ਜੜ੍ਹਾਂ ਵੈਸੇ ਹੀ ਸੁੱਕਣੀਆਂ ਸ਼ੁਰੂ ਹੋ ਗਈਆਂ ਹਨ। ਜਿਹਨਾਂ ਨੂੰ ਆਪ ਤੇ ਅਕਾਲੀ ਦਲ ਟਿਕਟਾਂ ਨਹੀਂ ਦੇਵੇਗਾ। ਉਹ ਵੀ ਇਸ ਮੰਚ ਨਾਲ ਜੁੜ ਜਾਣਗੇ। ਫਿਲਹਾਲ ਇਹ ਮੰਚ 117 ਸੀਟਾਂ ਤੇ ਚੋਣ ਲੜੇਗਾ, ਪਰ ਜਿੱਤਣ ਦਾ ਟਾਰਗੇਟ 20 ਕੁ ਸੀਟਾਂ ਦਾ ਹੀ ਰੱਖੇਗਾ ਤਾਂ ਜੋ ਕਿਸੇ ਦੀ ਸਪਸ਼ਟ ਬਹੁਮਤ ਨਾਲ ਸਰਕਾਰ ਨਾ ਬਣੇ।

### ਬਸਪਾ ਹੁਣ ਕੀ ਕਰੇ

ਪੰਜਾਬ ਵਿਚ ਬਣ ਰਹੇ ਚੌਥੇ ਫਰੰਟ ‘ਆਵਾਜ਼-ਏ-ਪੰਜਾਬ’ ਜਿਸ ਵਿਚ ਜਗਮੀਤ ਬਰਾੜ, ਧਰਮਵੀਰ ਗਾਂਧੀ, ਸੁੱਚਾ ਸਿੰਘ ਛੋਟੇਪੁਰ ਤੇ ਕਈ ਹੋਰ ਇਸ ਨਾਲ ਜੁੜ ਸਕਦੇ ਹਨ। ਬਸਪਾ ਨਾਲ ਜੇ ਕਾਂਗਰਸ ਸਮਝੌਤਾ (ਉੱਡ ਰਹੀਆਂ ਖ਼ਬਰਾਂ ਮੁਤਾਬਕ) ਨਹੀਂ ਕਰਦੀ ਤਾਂ ਅਵਤਾਰ ਸਿੰਘ ਕਰੀਮਪੁਰੀ ਨੂੰ ਇਸ ਫਰੰਟ ਨਾਲ ਜੁੜਨ ਦੀ ਕਵਾਇਦ ਸ਼ੁਰੂ ਕਰਨੀ ਚਾਹੀਦੀ ਹੈ। ਵੈਸੇ ਵੀ ਬੈਂਸ ਭਰਾਵਾਂ ਨਾਲ ਅਤੀਤ ਵਿਚ ਕਰੀਮਪੁਰੀ ਦੀ ਮੀਟਿੰਗ ਹੋ ਚੁੱਕੀ ਹੈ। ਲੋਕ ਰਿਜ਼ਲਟ ਚਾਹੁੰਦੇ ਹਨ ਤੇ ਰਿਜ਼ਲਟ ਤੋਂ ਬਿਨਾਂ ਸਿਆਸਤ ਦਾ ਕੋਈ ਮਤਲਬ ਨਹੀਂ। ਬਸਪਾ ਜੇ ਪਹਿਲ ਕਦਮੀ ਕਰੇ ਤਾਂ ਚੌਥਾ ਫਰੰਟ ਇਨਕਾਰ ਵੀ ਨਹੀਂ ਕਰੇਗਾ ਅਤੇ ਦਲਿਤ ਸਮਾਜ ਵੱਲੋਂ ਇਸਦਾ ਸਵਾਗਤ ਹੀ ਕੀਤਾ ਜਾਵੇਗਾ। ਫਿਰ ਕਾਂਗਰਸ ਤੇ ਅਕਾਲੀ ਦਲ ਦੇ ਮੱਥੇ ’ਤੇ ਵੱਟ ਪੈਣੇ ਸੁਭਾਵਿਕ ਹਨ।

### ਗੁਰਪ੍ਰੀਤ ਘੁੱਗੀ- ਇਕ ਤੀਰ ਨਾਲ ਕਈ ਨਿਸ਼ਾਨੇ

ਪੜ੍ਹਿਆ-ਲਿਖਿਆ ਗੁਰਪ੍ਰੀਤ ਘੁੱਗੀ ਕਮੇਡੀਅਨ ਹੀ ਨਹੀਂ, ਵਿਵਾਦ ਰਹਿਤ ਇਕ ਸਿੱਖ ਚਿਹਰਾ ਵੀ ਹੈ। ਭਗਵੰਤ ਮਾਨ ਵਾਂਗ ਉਹ ਫਾਲਤੂ ਦਾ ਨਹੀਂ ਬੋਲਦਾ। ਉਹਦੀ ਕਾਮੇਡੀ ਵਿਚ ਭੋਰਾ ਵੀ ਅਸ਼ਲੀਲਤਾ ਨਹੀਂ ਹੁੰਦੀ। ਹਮੇਸ਼ਾ ਗੰਭੀਰ ਮੁਦਰਾ ਵਿਚ ਰਹਿਣ ਵਾਲਾ ਘੁੱਗੀ ਸਿਆਸੀ ਸਰਦਲ ਤੇ ਆਪਣੀ ਕਿੰਨੀ ਕੁ ਪਕੜ ਬਣਾਵੇਗਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਕਿਉਂਕਿ ਉਹਨੂੰ ਆਪ ਵਿਚ ਆਏ ਨੂੰ ਕੋਈ ਬਹੁਤਾ ਸਮਾਂ ਨਹੀਂ ਹੋਇਆ, ਪਰ ਸਿਆਸਤ ਵਿਚ ਜੰਮਣ ਨੂੰ ਥੋੜ੍ਹਾ ਵਕਤ ਤਾਂ ਲੱਗਦਾ ਹੀ ਹੈ। ਹਿੰਮਤ ਸਿੰਘ ਸ਼ੇਰਗਿੱਲ ਦੇ ਉਲਟ ਜਾ ਕੇ ਕੇਜਰੀਵਾਲ ਵੱਲੋਂ ਗੁਰਪ੍ਰੀਤ ਘੁੱਗੀ ਨੂੰ ਪੰਜਾਬ ਦਾ ਕਨਵੀਨਰ ਲਾਉਣਾ ਆਪ ਨੇ ਇਕ ਤੀਰ ਨਾਲ ਕਈ ਨਿਸ਼ਾਨੇ ਸਾਧੇ ਹਨ। ਉਹ ਨੌਜਵਾਨ ਹੈ। ਉਹਦੀ ਬਾਡੀ ਲੈਂਗੁਏਜ਼ ਵੀ ਵੇਖਣ ਵਾਲੀ ਹੈ। ਖਾਸ ਕਰਕੇ ਉਹ ਮਾਝੇ ਨਾਲ ਸਬੰਧਤ ਹੈ। ਸਿੱਧੂ ਹੋਰ ਭਾਵੇਂ ਕਿਸੇ ਤੇ ਲੱਖ ਕੁਮੈਂਟ ਕਰੇ, ਪਰ ਉਹ ਗੁਰਪ੍ਰੀਤ ਘੁੱਗੀ ਤੇ ਸਿਆਸੀ ਨਿਸ਼ਾਨਾ ਨਹੀਂ ਵਿੰਨ ਸਕਦਾ, ਕਿਉਂਕਿ ਗੁਰਪ੍ਰੀਤ ਘੁੱਗੀ ਦੀ ਇਮੇਜ਼ ਦੀ ਉਚਾਈ ਵੀ ਅੰਬਰਾਂ ਨੂੰ ਛੂੰਹਦੀ ਹੈ। ਨਵਜੋਤ ਸਿੱਧੂ ਆਪਣੇ ਆਪ ਨੂੰ ਸਿਆਸਤ ਦਾ ਲੱਖ ਖਿਡਾਰੀ ਸਮਝੇ, ਪਰ ਸਿੱਧੂ ਨੂੰ ਘੁੱਗੀ ਤੇ ਨਿਸ਼ਾਨਾ ਵਿੰਨ੍ਹਣ ਤੋਂ ਪਹਿਲਾਂ ਸੌ ਵਾਰ ਸੋਚਣਾ ਪਵੇਗਾ। ਦੂਸਰੇ ਪਾਸੇ ਕੇਜਰੀਵਾਲ ਨੇ ਸਿੱਧੂ ਨੂੰ ਇਹ ਚਿਤਾਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸਾਡੇ ਕੋਲ ਤੇਰੇ ਵਰਗੇ ਚਿਹਰਿਆਂ ਦੀ ਕਮੀ ਨਹੀਂ ਹੈ। ਉਹ ਤਾਂ ਛੋਟੇਪੁਰ ਦੀ ਬਦਕਿਸਮਤੀ ਸਮਝੋ ਕਿ ਜਾਂ ਘੁੱਗੀ ਦੇ ਪੈਰ ਹੇਠਾਂ ਆਇਆ ਬਟੇਰ ਸਮਝੋ ਕਿ ਉਹਨੂੰ ਆਪ ਨੇ ਪੰਜਾਬ ਦਾ ਕਨਵੀਨਰ ਬਣਾ ਦਿੱਤਾ, ਵਰਨਾ ਜਿਸ ਸਮਾਜ ਦਾ ਸਿਆਸੀ ਪਿਛੋਕੜ ਬਚਪਨ ਵਰਗਾ ਹੀ ਹੋਵੇ, ਉਸ ਸ਼ਖਸ ਲਈ ਏਦਾਂ ਦੇ ਕੰਡਿਆਂ ਭਰੇ ਉੱਚ ਅਹੁਦਿਆਂ ਬਾਰੇ ਸੋਚਣਾ ਵੀ ਗਲਤ ਹੈ। ਹੁਣ ਘੁੱਗੀ ਨੂੰ ਸਾਬਤ ਕਰਨਾ ਹੋਵੇਗਾ ਕਿ ਉਹ ਇਕ ਕਮੇਡੀਅਨ ਹੀ ਨਹੀਂ, ਇਕ ਸਿਆਸੀ ਪ੍ਰਪੱਕ ਸਿਆਸਤਦਾਨ ਵੀ ਹੈ।

# ਅਕਾਲੀ ਦਲ ਦੀ ਈਸਾਈਆਂ ਪ੍ਰਤੀ ਨੀਤੀ ਦਾ ਇਤਿਹਾਸ



ਫਰੈਡੀ ਜੋਜ਼ਫ

(ੳ) 1970 ਵਿਚ ਸੰਤ ਫਤਿਹ ਸਿੰਘ ਦੀ ਅਗਵਾਈ ਵਿਚ ਅਕਾਲੀ ਦਲ ਨੇ ਇਹ ਐਲਾਨ ਕੀਤਾ ਕਿ ਅਕਾਲੀ ਸਰਕਾਰ ਬਣਨ ਤੇ ਈਸਾਈਆਂ ਨੂੰ ਸੂਚੀਦਰਜ ਜਾਤੀਆਂ ਵਿਚ ਸ਼ਾਮਲ ਕੀਤਾ ਜਾਵੇਗਾ, ਇਸ ਤੇ ਈਸਾਈਆਂ ਦੀ ਅਨਪੜ੍ਹ ਤੇ ਅਧਪੜ੍ਹ ਲੀਡਰਸ਼ਿਪ ਬਹੁਤ ਖੁਸ਼ ਹੋ ਗਈ। ਨਾ ਅਕਾਲੀਆਂ ਨੂੰ ਪਤਾ ਸੀ ਅਤੇ ਨਾ ਹੀ ਸਾਡੀ ਅਨਪੜ੍ਹ ਲੀਡਰਸ਼ਿਪ ਨੂੰ ਕਿ ਇਹ ਮਾਮਲਾ ਕੇਂਦਰ ਦਾ ਹੈ, ਪੰਜਾਬ ਸਰਕਾਰ ਦਾ ਨਹੀਂ।

ਲੱਗਭੱਗ ਅੱਧੇ ਈਸਾਈਆਂ ਨੇ ਅਕਾਲੀਆਂ ਤੇ ਵਿਸ਼ਵਾਸ ਕਰਕੇ ਅੰਨ੍ਹੇਵਾਹ ਵੋਟਾਂ ਪਾ ਦਿੱਤੀਆਂ। ਪੰਜਾਬ ਵਿਚ ਕਈ ਵਾਰੀ ਅਕਾਲੀ ਸਰਕਾਰ ਬਣੀ ਪਰ ਇਹ ਵਾਅਦਾ ਨਾ ਪੂਰਾ ਹੋਣਾ ਸੀ ਨਾ ਹੋਇਆ।

(ਅ) ਚੋਣਾਂ ਵਿਚ ਅਕਾਲੀ ਦਲ ਨੂੰ ਬਹੁਮਤ ਨਾ ਮਿਲਿਆ ਤਾਂ ਉਸਨੇ ਜਨਸੰਘ ਨਾਲ ਬੇਅਸੂਲਾ ਸਮਝੌਤਾ ਕਰਕੇ ਸਰਕਾਰ ਬਣਾ ਲਈ ਜੋ ਕਿ ਘੱਟ ਗਿਣਤੀਆਂ ਵਿਰੋਧੀ ਪਾਰਟੀ ਹੈ। ਹਾਲਾਂਕਿ ਇਹਨਾਂ ਦੋਹਾਂ ਪਾਰਟੀਆਂ ਨੇ ਇਕ ਦੂਸਰੇ ਵਿਰੁੱਧ ਲੋਕਾਂ ਨੂੰ ਭੜਕਾ ਕੇ ਚੋਣਾਂ ਜਿੱਤੀਆਂ ਸਨ।

(ੲ) 1998 ਵਿਚ ਲੁਧਿਆਣਾ ਵਿਖੇ ਅਮਰੀਕੀ ਈਸਾਈ ਮਿਸ਼ਨਰੀ ਰੋਜ਼ਰ ਹੁਸਤਮਾ ਦੇ ਧਾਰਮਿਕ ਸਮਾਗਮ ਤੇ ਹਮਲਾ ਹੋਇਆ, ਜਿਸ ਵਿਚ ਕਈ ਈਸਾਈ ਤੇ ਕਈ ਪੁਲਿਸ ਕਰਮਚਾਰੀ ਵੀ ਫੱਟੜ ਹੋ ਗਏ। ਇਨਸਾਫ ਦੀ ਮੰਗ ਨੂੰ ਲੈ ਕੇ ਫਰੈਡੀ ਜੋਜ਼ਫ ਦੀ ਅਗਵਾਈ ਵਿਚ 2 ਵਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਤੇ ਚੰਡੀਗੜ੍ਹ ਵਿਚ ਵਿਸ਼ਾਲ ਰੋਸ ਧਰਨੇ ਦਿੱਤੇ ਗਏ ਪਰ ਸ. ਬਾਦਲ ਦੇ ਕੰਨ ਤੇ ਜੂੰ ਤੱਕ ਨਹੀਂ ਸਰਕੀ।

(ਸ) 1998 ਵਿਚ ਹੀ ਅੰਮ੍ਰਿਤਸਰ ਵਿਚ ਈਸਾਈ ਮਿਸ਼ਨਰੀ ਪੀਰ ਯੰਗਰੀਨ ਦੇ ਧਾਰਮਿਕ ਸਮਾਗਮ ਨੂੰ ਆਰ. ਐਸ. ਐਸ., ਭਾਜਪਾਈਆਂ ਅਤੇ ਪੰਜਾਬ ਪੁਲਿਸ ਨੇ ਭੰਗ ਕਰ ਦਿੱਤਾ। ਪੁਲਿਸ ਲਾਠੀਚਾਰਜ ਕਾਰਨ ਅਨੇਕਾਂ ਈਸਾਈ ਫੱਟੜ ਹੋ ਗਏ- ਅਕਾਲੀ ਸਰਕਾਰ ਚੁੱਪ ਰਹੀ। ਇਹਨਾਂ ਦੋਹਾਂ ਸਮਾਗਮਾਂ ਦੇ ਕਿਸੇ ਦੋਸ਼ੀ ਨੂੰ ਅੱਜ ਤੱਕ ਕੋਈ ਸਜ਼ਾ ਨਹੀਂ ਮਿਲੀ?

(ਹ) ਇਹ ਕਾਨੂੰਨ ਹੈ ਕਿ ਬੇਘਰੇ ਈਸਾਈਆਂ ਨੂੰ 5-5 ਮਰਲੇ ਦੇ ਪਲਾਟ ਅਤੇ 50 ਹਜ਼ਾਰ ਰੁਪਏ ਗਰਾਂਟ ਦਿੱਤੀ ਜਾਵੇਗੀ ਪਰ ਅਕਾਲੀ ਸਰਕਾਰ ਨੇ ਹੁਣ ਤੱਕ ਕਿੰਨੇ ਈਸ-ਾਈਆਂ ਨੂੰ ਪਲਾਟ ਦਿੱਤੇ ਹਨ?

(ਕ) 20 ਸਾਲ ਪਹਿਲਾਂ ਸ. ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕੀਤਾ ਸੀ ਕਿ ਹਰ ਜ਼ਿਲ੍ਹਾ ਹੈਡਕੁਆਰਟਰ ਤੇ ਮਸੀਹੀ ਭਵਨ ਬਣਾਏ ਜਾਣਗੇ ਪਰ ਅੱਜ ਤੱਕ 3 ਭਵਨ ਬਣੇ ਹਨ। ਉਹਨਾਂ ਵਿਚ ਵੀ ਕੋਈ ਮਸੀਹੀ ਸਰ-ਗਰਮੀ ਨਹੀਂ ਚੱਲ ਰਹੀ। ਉਥੇ ਚੂਹੇ ਡਾਂਸ ਕਰਦੇ ਹਨ ਅਤੇ ਅਵਾਰਾ ਕੁੱਤੇ ਆਨੰਦ ਮੇਲਾ ਕਰਦੇ ਹਨ। 20 ਸਾਲ ਵਿਚ ਜੇਕਰ ਤਿੰਨ ਭਵਨ ਬਣੇ ਹਨ ਤਾਂ ਸਾਰੇ ਜ਼ਿਲ੍ਹਿਆਂ ਵਿਚ ਕਦ ਤੱਕ ਬਣਨਗੇ? 2008 ਦੇ ਕ੍ਰਿਸਮਿਸ ਸਮਾਗਮ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਨੇ ਕ੍ਰਿਸਮਿਸ ਸਮਾਗਮ ਵਿਚ ਜਲੰਧਰ ਵਿਚ ਮਸੀਹੀ ਭਵਨ ਬਣਾਉਣ ਦਾ ਐਲਾਨ ਕੀਤਾ ਸੀ, ਇਹ ਐਲਾਨ ਵੀ ਇਕ ਗਪੌੜ ਹੀ ਨਿਕਲਿਆ।

(ਖ) ਪਿਛਲੇ ਸਾਲ ਗੁਰਦਾਸਪੁਰ ਵਿਖੇ ਕ੍ਰਿਸਮਿਸ ਸਮਾਗਮ ਵਿਚ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਸੀ ਕਿ ਹਰ ਤਹਿਸੀਲ ਹੈਡਕੁਆਰਟਰ ਤੇ ਮਸੀਹੀ ਭਵਨ ਬਣਾਏ ਜਾਣਗੇ। ਅੱਜ ਇਸ ਐਲਾਨ ਨੂੰ 9 ਮਹੀਨੇ

(ਬਾਕੀ ਸਫਾ 7 ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਉਦਾਸ ਮੌਸਮ ਨੂੰ ਬਦਲਣ ਲਈ ਲੋਕ ਲੜਦੇ ਰਹਿਣਗੇ: ਡਾ. ਨਿਵੇਦਤਾ ਮੈਨਨ

**ਜਲੰਧਰ–** ਮੁਲਕ ਅੰਦਰ ਮਘੇ ਅੰਧ ਰਾਸ਼ਟਰਵਾਦ ਅਤੇ ਵਿਚਾਰਾਂ ਦੀ ਆਜ਼ਾਦੀ ਦੇ ਵਿਸ਼ੇ ਉਪਰ ਦੇਸ਼ ਭਗਤ ਯਾਦਗਾਰ ਕਮੇਟੀ, ਵੱਲੋਂ ਰੱਖੀ ਵਿਚਾਰ ਚਰਚਾ ਕੀਤੀ ਗਈ। ਵਿਚਾਰ ਚਰਚਾ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਜਨਰਲ ਸਕੱਤਰ ਡਾ. ਰਘਬੀਰ ਕੌਰ, ਕਮੇਟੀ ਮੈਂਬਰ ਡਾ. ਪਰਮਿੰਦਰ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਮੰਚ 'ਤੇ ਸਸ਼ੋਭਿਤ ਸਨ।

ਕਮੇਟੀ ਮੈਂਬਰ ਡਾ. ਪਰਮਿੰਦਰ ਨੇ ਡਾ. ਨਿਵੇਦਤਾ ਮੈਨਨ ਅਤੇ ਚਰਚਿਤ ਵਿਸ਼ੇ ਬਾਰੇ ਜਾਣਕਾਰੀ ਦਿੱਤੀ। ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਜੀ ਆਇਆਂ ਕਹਿੰਦਿਆਂ ਕਮੇਟੀ ਵੱਲੋਂ ਸਮੇਂ ਸਮੇਂ ਮਹੱਤਵਪੂਰਣ ਵਿਸ਼ਿਆਂ ਉਪਰ ਚਰਚਾ ਕਰਾਏ ਜਾਣ ਬਾਰੇ ਦੱਸਿਆ।

ਅੱਜ ਦੀ ਵਿਚਾਰ ਚਰਚਾ ਦੇ ਮੁੱਖ ਵਕਤਾ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਦੇ ਮੰਨੇ ਪਰਮੰਨੇ ਵਿਦਵਾਨ ਡਾ. ਨਿਵੇਦਤਾ ਮੈਨਨ ਨੇ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਦੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਅੰਦਰ "ਰਾਸ਼ਟਰਵਾਦ ਬਨਾਮ ਜਨਵਾਦ: 'ਉਦਾਸ ਮੌਸਮ' ਮੇਂ ਏਕ ਪੁਨਰ-ਵਿਚਾਰ" ਵਿਸ਼ੇ ਉਪਰ ਪ੍ਰਭਾਵਸ਼ਾਲੀ ਤਕਰੀਰ ਕਰਦਿਆਂ ਕਿਹਾ ਕਿ ਸਾਡੇ ਮੁਲਕ ਦੇ ਅਜੋਕੇ ਮਾਹੌਲ ਅੰਦਰ ਰਾਸ਼ਟਰਵਾਦ ਬਨਾਮ ਜਨਵਾਦ ਵਰਗੇ ਵਿਸ਼ੇ ਉਪਰ ਗੰਭੀਰ ਵਿਚਾਰ ਚਰਚਾ ਕਰਨਾ ਵੀ ਸਥਾਪਤੀ ਦੀ ਨਜ਼ਰ 'ਚ ਅਪਰਾਧ ਬਣਕੇ ਰਹਿ ਗਿਆ ਹੈ।

ਰਾਸ਼ਟਰਵਾਦ ਦੇ ਨਾਂਅ 'ਤੇ ਹੀ ਸਾਡੇ ਵਤਨ ਅੰਦਰ ਰਾਸ਼ਟਰ ਵਿਰੋਧੀ ਨੀਤੀਆਂ ਮੜ੍ਹੀਆਂ ਜਾਂਦੀਆਂ ਹਨ। ਉਹਨਾਂ ਕਿਹਾ ਕਿ ਜਦੋਂ ਇੱਕ ਪਾਸੇ ਅਮਨ-ਸ਼ਾਂਤੀ ਦੇ ਉੱਚੇ ਰਾਗ ਵੀ ਅਲਾਪੇ ਜਾਂਦੇ ਹਨ ਤਾਂ 15 ਅਗਸਤ, 26 ਜਨਵਰੀ ਨੂੰ ਪਰੇਡ ਮੌਕੇ ਅਤੀ ਆਧੁਨਿਕ ਹਥਿਆਰਾਂ ਦਾ ਪ੍ਰਦਰਸ਼ਨ ਕਿਉਂ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਰਾਸ਼ਟਰਵਾਦ ਦੀ ਧੁੰਦ ਅੰਦਰ ਲੋਕਾਂ ਨੂੰ ਆਪਣੀ ਹੀ ਧਰਤੀ 'ਤੇ ਬੇਗਾਨੇ ਬਣਾ ਧਰਿਆ ਹੈ।



ਕਿਹਾ ਜਾਂਦਾ ਹੈ ਕਿ ਨਾਗਾਲੈਂਡ ਅਸਾਡਾ ਹੈ, ਕਸ਼ਮੀਰ ਅਸਾਡਾ ਹੈ ਪਰ ਕੀ ਨਾਗਾਲੈਂਡ ਅਤੇ ਕਸ਼ਮੀਰ ਦੇ ਲੋਕ ਅਸਾਡੇ ਨਹੀਂ? ਲੋਕਾਂ ਨਾਲ ਬੇਗਾਨਿਆਂ ਵਾਲਾ ਸਲੂਕ ਕਿਉਂ ਕੀਤਾ ਜਾਂਦਾ ਹੈ?

ਰਾਸ਼ਟਰ ਨੂੰ ਹਮੇਸ਼ਾਂ ਲੋਕਤੰਤਰ ਦੀ ਦ੍ਰਿਸ਼ਟੀ ਤੋਂ ਦੇਖਣਾ ਚਾਹੀਦਾ ਹੈ ਕਿਉਂਕਿ ਰਾਸ਼ਟਰ, ਲੋਕ ਹੀ ਬਣਾਉਂਦੇ ਹਨ। ਦੇਸ਼ ਨੂੰ ਹਥਿਆਰਾਂ ਦੇ ਜ਼ੋਰ ਤੇ ਧੱਕੇ ਨਾਲ ਅਟੁੱਟ ਅੰਗ ਬਣਾਕੇ ਨਹੀਂ ਰੱਖਿਆ ਜਾ ਸਕਦਾ। ਉਹਨਾਂ ਕਿਹਾ ਕਿ ਕਿਹੋ ਜਿਹਾ ਰਾਸ਼ਟਰਵਾਦ ਹੈ ਕਿ ਸਿਰਫ਼ 'ਪਾਕਿਸਤਾਨ ਦੇ ਲੋਕ ਵੀ ਅਸਾਡੇ ਵਰਗੇ ਨੇ' ਕਹਿਣ 'ਤੇ ਹੀ ਦੇਸ਼ ਧਰੋਹ ਦੇ ਕੇਸ ਮੜ੍ਹੇ ਜਾ ਰਹੇ ਹਨ। ਡਾ. ਨਿਵੇਦਤਾ ਨੇ ਠੋਸ ਇਤਿਹਾਸਕ ਤੱਥਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਕਸ਼ਮੀਰ ਦੇ ਮੁੱਦੇ ਬਾਰੇ ਦੋ ਰਾਵਾਂ ਹੋ ਸਕਦੀਆਂ ਹਨ, ਇੱਕ ਕਸ਼ਮੀਰ, ਭਾਰਤ ਦਾ ਅਟੁੱਟ ਅੰਗ ਹੈ, ਦੂਜਾ ਕਸ਼ਮੀਰ ਦੇ ਲੋਕਾਂ ਦੀ ਰਾਏ ਜਾਨਣੀ ਚਾਹੀਦੀ ਹੈ।

ਜਦੋਂ ਹਜ਼ਾਰਾਂ-ਲੱਖਾਂ ਕਸ਼ਮੀਰੀ ਸੜਕਾਂ 'ਤੇ ਆ ਕੇ ਕੁੱਝ ਕਹਿਣਾ ਚਾਹੁੰਦੇ ਨੇ ਤਾਂ ਕਿ ਉਹਨਾਂ ਦੀ ਗੱਲ ਸੁਣੀ ਜਾਏ, ਨਾ ਕਿ ਗੋਲੀਆਂ ਦੀ ਵਰਖਾ ਕੀਤੀ ਜਾਏ।

ਉਹਨਾਂ ਕਿਹਾ ਕਿ ਕਸ਼ਮੀਰ ਦੀ ਆਜ਼ਾਦੀ ਦੇ ਸੁਆਲ ਨੂੰ ਇਉਂ ਦੇਖਣਾ ਚਾਹੀਦਾ ਹੈ ਕਿ ਕਸ਼ਮੀਰੀ ਲੋਕਾਂ ਦੀ ਰਾਏ ਨੂੰ ਪ੍ਰਮੁੱਖਤਾ ਦਿੱਤੀ ਜਾਏ। ਵਿਸ਼ੇਸ਼ ਅਧਿਕਾਰਾਂ ਦੀ ਆੜ ਹੇਠ ਫੌਜੀ, ਨੀਮ ਫੌਜੀ ਦਸਤਿਆਂ ਨੂੰ ਮਿਲੀ ਖੁੱਲ੍ਹ ਖੇਡਣ ਦੀ ਛੁੱਟੀ ਨੇ ਸਾਡੇ ਮੁਲਕ ਦੇ ਕਿੰਨੇ ਹੀ ਖਿੱਤਿਆਂ ਅੰਦਰ ਲੋਕਾਂ ਦਾ ਜੀਣਾ ਦੁੱਭਰ ਬਣਾ ਰੱਖਿਆ ਹੈ।

ਡਾ. ਨਿਵੇਦਤਾ ਨੇ ਕਿਹਾ ਕਿ ਕਸ਼ਮੀਰ ਵਿੱਚੋਂ ਤੁਰੰਤ ਫੌਜਾਂ ਬਾਹਰ ਕੱਢਣ, ਫੌਜ ਨੂੰ ਦਿੱਤੇ ਵਿਸ਼ੇਸ਼ ਅਧਿਕਾਰ ਖ਼ਤਮ ਕਰਨ, ਜਮਹੂਰੀ ਹੱਕਾਂ ਦੀ ਬਹਾਲੀ, ਮੀਡੀਆ ਦੀ ਆਜ਼ਾਦੀ, ਲੋਕਾਂ ਉਪਰ ਜ਼ਬਰ ਢਾਹੁਣਾ ਬੰਦ ਕਰਨ ਵਰਗੇ ਮੁੱਦਿਆਂ ਉਪਰ ਸਭਨਾਂ ਜਮਹੂਰੀ ਅਤੇ ਇਨਸਾਫ਼ਪਸੰਦ ਸ਼ਕਤੀਆਂ ਨੂੰ ਮਿਲਕੇ ਆਵਾਜ਼ ਉਠਾਉਣੀ ਚਾਹੀਦੀ ਹੈ।

ਸਰੋਤਿਆਂ ਨੇ ਕਸ਼ਮੀਰ ਸਮੱਸਿਆ ਦੇ ਸਾਰਥਕ ਹੱਲ, ਦਲਿਤ ਸਮੱਸਿਆ, ਮਾਰਕਸਵਾਦ ਦੀ ਸਾਰਥਕਤਾ, ਕਸ਼ਮੀਰ ਸਮੇਤ ਮੁਲਕ ਦੇ ਵੱਖ-ਵੱਖ ਖਿੱਤਿਆਂ ਅੰਦਰ ਲੋਕਾਂ ਦੇ ਵਿਚਾਰਾਂ ਦੀ ਆਜ਼ਾਦੀ ਉਪਰ ਛਾਪੇ ਮਾਰਨ, ਜਾਤ ਅਤੇ ਜਮਾਤ ਦੇ ਸੁਆਲ ਆਦਿ ਬਾਰੇ ਕਿੰਨੇ ਹੀ ਸੁਆਲ ਉਠਾਏ। ਗੰਭੀਰ ਸੰਵਾਦ ਹੋਇਆ। ਡਾ. ਨਿਵੇਦਤਾ ਮੈਨਨ ਨੇ ਆਏ ਸੁਆਲਾਂ ਦੇ ਜਵਾਬ ਦਿੱਤੇ।

ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਨੇ ਧੰਨਵਾਦ ਦੇ ਸ਼ਬਦ ਬੋਲਦਿਆਂ ਕਿਹਾ ਕਿ ਜਮਹੂਰੀ ਸ਼ਕਤੀਆਂ ਨੂੰ ਮਿਲ ਬੈਠਣ ਅਤੇ ਸਾਂਝੀ ਆਵਾਜ਼ ਉਠਾਉਣ ਲਈ ਅੱਗੇ ਆਉਣਾ ਚਾਹੀਦਾ ਹੈ, ਫੇਰ ਹੀ ਅਸੀਂ ਚੰਗਾ ਮਾਹੌਲ ਅਤੇ ਸਮਾਜ ਸਿਰਜ ਸਕਦੇ ਹਾਂ। ਇਸ ਮੌਕੇ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ, ਸੀਨੀਅਰ ਟਰੱਸਟੀ ਕਾ. ਗੰਧਰਵ ਸੇਨ ਕੋਛੜ, ਸੁਰਿੰਦਰ ਕੁਮਾਰੀ ਕੋਛੜ, ਬਲਬੀਰ ਕੌਰ ਬੁੰਡਾਲਾ, ਗੁਰਮੀਤ, ਮੰਗਤ ਰਾਮ ਪਾਸਲਾ, ਗੁਰਮੀਤ ਸਿੰਘ ਢੱਡਾ, ਹਰਵਿੰਦਰ ਭੰਡਾਲ ਅਤੇ ਦੇਵ ਰਾਜ ਨਈਅਰ ਤੋਂ ਇਲਾਵਾ ਦੁਆਬਾ ਕਾਲਜ ਦੇ ਪੱਤਰਕਾਰੀ ਵਿਭਾਗ ਦੇ ਸਿਖਿਆਰਥੀ, ਗੁਰੂ ਨਾਨਕ ਗਰਲਜ਼ ਕਾਲਜ ਬੰਗਾ ਦੇ ਪ੍ਰਿੰਸੀਪਲ ਡਾ. ਕੰਵਲਜੀਤ ਸਿੰਘ ਛੀਨਾ, ਡਾ. ਸੇਵਾ ਸਿੰਘ, ਡਾ. ਸੁਰਜੀਤ ਜੱਜ ਅਤੇ ਹੋਰ ਬੁੱਧੀਜੀਵੀ ਵੀ ਹਾਜ਼ਰ ਸਨ। ਸਮਾਗਮ 'ਚ ਮੰਚ ਸੰਚਾਲਕ ਦੀ ਭੂਮਿਕਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਅਦਾ ਕੀਤੀ।

# ਅੰਬੇਡਕਰ ਇੰਟਰਨੈਸ਼ਨਲ ਸੋਸ਼ਲ ਰੀਫੋਰਮ ਆਰਗੇਨਾਈਜ਼ੇਸ਼ਨ ਕੈਨੇਡਾ ਦੀ ਸਬ-ਯੂਨਿਟ ਦੀ ਚੋਣ

## ਸਵਰਨ ਸਿੰਘ ਸੱਗੂ ਪ੍ਰਧਾਨ ਅਤੇ ਕੁਲਵੰਤ ਸਿੰਘ ਟਿੱਬਾ ਮੀਡੀਆ ਇੰਚਾਰਜ ਚੁਣੇ ਗਏ

**ਹੁਸ਼ਿਆਰਪੁਰ (ਕੁਲਵੰਤ ਸਿੰਘ ਟਿੱਬਾ)–** ਅੰਬੇਡਕਰ ਇੰਟਰਨੈਸ਼ਨਲ ਸੋਸ਼ਲ ਰੀਫੋਰਮ ਆਰਗੇ-ਨਾਈਜ਼ੇਸ਼ਨ (ਰਜਿ.), (ਇਸਰੋ) ਕੈਨੇਡਾ ਵੱਲੋਂ ਆਪਣੇ ਜਥੇਬੰਦਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਦੇ ਮੰਤਵ ਨਾਲ ਪੰਜਾਬ ਦੀ ਸਬ ਯੂਨਿਟ ਕਾਇਮ ਕਰਨ ਲਈ ਸੰਸਥਾ ਦੇ ਪ੍ਰਧਾਨ ਰੂਪ ਲਾਲ ਗੱਡੂ ਦੇ ਦਿਸਾ ਨਿਰਦੇਸ਼ਾਂ ਤਹਿਤ ਜਥੇਬੰਦੀ ਦੇ ਜਰਨਲ ਸਕੱਤਰ ਸੁਰਿੰਦਰ ਸਿੰਘ ਸੰਧੂ ਦੀ ਅਗਵਾਈ ਹੇਠ ਹੁਸ਼ਿਆਰਪੁਰ ਵਿਖੇ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਡਾ. ਭੀਮ ਰਾਓ ਅੰਬੇਡਕਰ ਦੇ ਜੀਵਨ,ਸੰਘਰਸ਼ ਅਤੇ ਉਨ੍ਹਾਂ ਦੀ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਜਰਨਲ ਸਕੱਤਰ ਸੁਰਿੰਦਰ ਸਿੰਘ ਸੰਧੂ ਨੇ ਕਿਹਾ ਕਿ ਡਾ.ਬੀ.ਆਰ.ਅੰਬੇਡਕਰ ਸਿਰਫ਼ ਦਲਿਤਾਂ ਦੇ ਮਸੀਹਾ ਹੀ ਨਹੀ ਸਨ, ਸਗੋਂ ਉਨ੍ਹਾਂ ਨੇ ਔਰਤਾਂ ਲਈ ਬਰਾਬਰੀ ਅਤੇ ਹੋਰ ਹੱਕਾਂ ਲਈ ਵੀ ਸੰਘਰਸ਼ ਕੀਤਾ ਅਤੇ ਸੰਵਿਧਾਨ ਅੰਦਰ ਔਰਤਾਂ ਲਈ ਬਿਨਾ ਕਿਸੇ ਭੇਦਭਾਵ ਦੇ ਬਰਾਬਰ ਅਧਿਕਾਰਾਂ ਦਾ ਪ੍ਰਬੰਧ ਕੀਤਾ। ਉਨ੍ਹਾਂ ਦੱਸਿਆ ਕਿ ਸਾਡੀ ਸੰਸਥਾ ਦਾ ਮੁੱਖ ਮੰਤਵ ਦਲਿਤਾਂ ਸਮੇਤ ਸਮਾਜ ਦੇ ਹਰ ਵਰਗ ਵਿੱਚ ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੀ ਵਿਚਾਰਧਾਰਾ ਅਤੇ



ਭਾਰਤੀ ਸਮਾਜ ਨੂੰ ਉਨ੍ਹਾਂ ਦੀ ਦੇਣ ਸਬੰਧੀ ਜਾਗਰੂਕਤਾ ਪੈਦਾ ਕਰਨਾ ਹੈ।ਜਦਕਿ ਗਰੀਬ ਅਤੇ ਲੋੜਵੰਦ ਬੱਚਿਆਂ ਨੂੰ ਪੜਾਈ ਲਈ ਵਿੱਤੀ ਮਦਦ ਕਰਨ ਤੋਂ ਇਲਾਵਾ ਸਮਾਜ ਸੇਵਾ ਕੀਤੀ ਜਾਵੇਗੀ। ਇਸ ਮੌਕੇ ਹੋਈ ਪੰਜਾਬ ਦੀ ਸਬ ਯੂਨਿਟ ਵੱਜੋ ਹੋਈ ਚੋਣ ਵਿੱਚ ਸਵਰਨ ਸਿੰਘ ਸੱਗੂ ਪ੍ਰਧਾਨ, ਧਰਮਪਾਲ ਪੈਂਧਰ ਜਰਨਲ ਸਕੱਤਰ,ਐਡਵੋਕੇਟ ਜਸਵਿੰਦਰ ਸਿੰਘ ਸਹਾਇਕ ਸਕੱਤਰ,ਰੌਸ਼ਨ ਲਾਲ ਭਾਰਤੀ ਖ਼ਜ਼ਾਨਚੀ, ਰਵੀ ਕੁਮਾਰ ਸਹਾਇਕ ਖ਼ਜ਼ਾਨਚੀ ਅਤੇ ਕੁਲਵੰਤ ਸਿੰਘ ਟਿੱਬਾ ਮੀਡੀਆ ਇੰਚਾਰਜ ਆਦਿ ਆਗੂਆਂ ਦੇ ਨਾਂ ਪ੍ਰਮੁੱਖ ਹਨ।

# ਗ਼ਦਰੀ ਸ਼ਹਾਦਤਾਂ ਦੀ ਸ਼ਤਾਬਦੀ 2016 ਨੂੰ ਸਮਰਪਿਤ ਹੋਏਗਾ ਦੋ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ

ਜਲੰਧਰ- ਪਹਿਲਾ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ, ਬਰਮਾ/ਮਾਂਡਲੇ ਸਾਜ਼ਿਸ਼ ਕੇਸ ਅਤੇ ਪੱਧਰੀ ਕੇਸ ਦੇ ਸ਼ਹੀਦਾਂ ਅਤੇ ਸੰਗਰਾਮੀਆਂ, ਗ਼ਦਰੀ ਸ਼ਹਾਦਤਾਂ ਦੀ ਸ਼ਤਾਬਦੀ (1916-2016) ਨੂੰ ਸਮਰਪਤ ਹੋਏਗਾ ਦੋ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ 'ਚ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਅੰਦਰ ਹੋਈ ਬੋਰਡ ਆਫ਼ ਟਰੱਸਟ ਦੀ ਮੀਟਿੰਗ 'ਚ ਲਏ ਅਹਿਮ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਵਾਰ 30 ਅਕਤੂਬਰ ਨੂੰ ਦੀਵਾਲੀ ਤਿਓਹਾਰ ਕਾਰਨ ਮੇਲੇ ਦਾ ਆਗਾਜ਼ 31 ਅਕਤੂਬਰ 11 ਵਜੇ ਸ਼ਮ੍ਹਾਂ ਰੌਸ਼ਨ ਕਰਨ ਨਾਲ ਹੋਏਗਾ।

ਮੇਲੇ ਦੌਰਾਨ ਦੇਸ਼ ਭਗਤ ਯਾਦਗਾਰ ਹਾਲ ਦੇ ਸਮੁੱਚੇ ਕੰਪਲੈਕਸ ਨੂੰ "ਗ਼ਦਰੀ ਸ਼ਹਾਦਤਾਂ ਦੀ ਸ਼ਤਾਬਦੀ (1916-2016) ਨਗਰ" ਦਾ ਨਾਂਅ ਦਿੱਤਾ ਜਾਏਗਾ। ਮੇਲੇ 'ਚ ਲੱਗਣ ਵਾਲੇ ਵੱਖ-ਵੱਖ ਪੰਡਾਲਾਂ ਨੂੰ 'ਲਾਹੌਰ ਸਾਜ਼ਿਸ਼ ਕੇਸ, ਬਰਮਾਂ/ਮਾਂਡਲੇ ਕੇਸ ਅਤੇ ਪੱਧਰੀ ਕੇਸ ਹਾਲਾਂ ਦਾ ਨਾਂਅ ਦਿੱਤਾ ਜਾਏਗਾ।

ਸ਼ਮ੍ਹਾਂ ਰੌਸ਼ਨ ਉਪਰੰਤ ਪੇਂਟਿੰਗ ਅਤੇ ਕੁਇਜ਼ ਮੁਕਾਬਲੇ ਹੋਣਗੇ। ਬਾਅਦ ਦੁਪਹਿਰ ਦੋਵੇਂ ਮੁਕਾਬਲਿਆਂ ਦੇ ਜੇਤੂਆਂ ਨੂੰ ਸਨਮਾਨਤ ਕੀਤਾ ਜਾਏਗਾ। ਸ਼ਾਮ ਠੀਕ 4 ਵਜੇ ਕਵੀ ਦਰਬਾਰ ਅਤੇ 7 ਵਜੇ 'ਪੀਪਲਜ਼ ਵਾਇਸ' ਵੱਲੋਂ ਦਸਤਾਵੇਜ਼ੀ ਫ਼ਿਲਮ ਸ਼ੋਅ ਹੋਏਗਾ। ਪਹਿਲੀ ਨਵੰਬਰ ਸਵੇਰੇ 10 ਵਜੇ ਗ਼ਦਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ ਮਹਾਨ ਗ਼ਦਰੀ ਸ਼ਹੀਦ ਈਸ਼ਰ ਸਿੰਘ ਢੁੱਡੀਕੇ ਦੇ ਪੋਤਰੇ, ਸਰਗਰਮ ਕਾਰਕੁੰਨ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਮੈਂਬਰ ਅਮਰਜੀਤ ਸਿੰਘ ਢੁੱਡੀਕੇ। ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਮੇਲੇ 'ਚ ਆਏ ਸਭਨਾਂ ਨੂੰ ਜੀ ਆਇਆਂ ਕਹਿਣਗੇ। ਝੰਡਾ ਲਹਿਰਾਉਣ ਦੀ ਰਸਮ ਉਪਰੰਤ ਅਮੋਲਕ ਸਿੰਘ ਦਾ ਲਿਖਿਆ 'ਸ਼ਹਾਦਤਾਂ ਦੀ ਸ਼ਤਾਬਦੀ ਦਾ ਪੈਗ਼ਾਮ' ਨਾਮੀਂ ਝੰਡੇ ਦਾ ਗੀਤ ਹੋਏਗਾ।

ਪਹਿਲੀ ਨਵੰਬਰ ਮੇਲੇ 'ਚ ਇਸ ਵਾਰ ਦਿਨੇ ਅਤੇ ਰਾਤ ਨੂੰ ਮੁੱਖ ਆਕਰਸ਼ਣ ਵਜੋਂ ਭਾਸ਼ਨ ਕਰਤਾ ਹੋਣਗੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਖੋਜ਼ ਵਿਦਿਆਰਥੀ ਕਨ੍ਹਈਆ ਕੁਮਾਰ, ਆਨੀਰਬਨ ਭੱਟਾਚਾਰੀਆ ਅਤੇ ਉਮਰ ਖ਼ਾਲਿਦ। ਤਿੰਨੇ ਸਿਖਿਆਰਥੀਆਂ ਦਾ ਸਨਮਾਨ ਵੀ ਕੀਤਾ ਜਾਏਗਾ। ਤਿੰਨੇ ਇਤਿਹਾਸਕ ਘਟਨਾਵਾਂ ਨਾਲ ਸਬੰਧਿਤ ਸ਼ਹੀਦਾਂ ਦੇ ਪਰਿਵਾਰਾਂ ਅਤੇ ਨਗਰਾਂ ਦਾ ਸਨਮਾਨ ਕੀਤਾ ਜਾਏਗਾ। ਦਿਨ ਭਰ ਸਭਿਆਚਾਰਕ ਬਹੁ-ਵੰਨਗੀ ਕਲਾ ਕਿਰਤਾਂ, ਗੀਤ ਸੰਗੀਤ ਤੋਂ ਇਲਾਵਾ 3 ਤੋਂ 5 ਵਜੇ ਤੱਕ ਵਿਚਾਰ-ਚਰਚਾ ਹੋਏਗੀ। ਇਸ ਵਾਰ ਵਕਤ ਦੀ ਨਾਜ਼ੁਕਤਾ ਨੂੰ ਸਮਝਦਿਆਂ ਵਿਚਾਰ-ਚਰਚਾ ਦਾ ਸੈਸ਼ਨ ਵੀ ਸ਼ਹੀਦ ਭਗਤ ਸਿੰਘ ਯਾਦਗਾਰੀ ਸਟੇਡੀਅਮ ਵਾਲੇ ਮੁੱਖ ਪੰਡਾਲ ਵਿੱਚ ਹੀ ਮੇਲੇ ਦੀ ਨਿਰੰਤਰਤਾ ਦੇ ਹਿੱਸੇ ਵਜੋਂ ਹੀ ਹੋਏਗਾ।

ਮੇਲੇ ਵਿੱਚ ਲੰਗਰ ਵਿੱਚ ਯੋਗਦਾਨ ਪਾਉਣ ਲਈ ਦੇਸ਼ ਭਗਤ ਯਾਦਗਾਰ ਕਮੇਟੀ ਨੇ ਢੁੱਡੀਕੇ, ਸੁਰ ਸਿੰਘ, ਪੱਧਰੀ ਸਮੇਤ ਖਾਸ ਕਰਕੇ ਸਮੂਹ ਗ਼ਦਰੀ ਅਮਰ ਸ਼ਹੀਦਾਂ ਦੇ ਪਿੰਡਾਂ ਨੂੰ ਉਚੇਚੇ ਤੌਰ ਮਦਦ ਕਰਨ ਲਈ ਅਪੀਲ ਕਰਨ ਦਾ ਫੈਸਲਾ ਕੀਤਾ ਹੈ। ਇਸ ਵਾਰ ਮੇਲੇ ਮੌਕੇ ਸ਼ਹਾਦਤਾਂ ਦੀ ਸ਼ਤਾਬਦੀ ਸਬੰਧੀ ਸਮਰਪਤ ਤਿੰਨੇ ਇਤਿਹਾਸਕ ਘਟਨਾਵਾਂ ਅਤੇ ਸ਼ਹੀਦ ਨਾਇਕਾਂ ਬਾਰੇ ਉਚੇਚੇ ਤੌਰ 'ਤੇ ਪੁਸਤਕ ਲੋਕ ਅਰਪਨ ਕੀਤੀ ਜਾਏਗੀ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਦੇਸ਼-ਬਦੇਸ਼ ਵਸਦੇ ਗ਼ਦਰੀ ਦੇਸ਼ ਭਗਤਾਂ ਦੇ ਸਮੂਹ ਵਾਰਸਾਂ/ਜੱਥੇਬੰਦੀਆਂ ਨੂੰ ਮੇਲੇ ਨੂੰ ਹਰ ਪੱਖੋਂ ਸਫ਼ਲ ਬਣਾਉਣ ਲਈ ਸਹਿਯੋਗ ਦੀ ਅਪੀਲ ਕੀਤੀ ਹੈ।

# ਗੱਤਕੇ ਦੀ ਪ੍ਰਫੁੱਲਤਾ ਲਈ ਪਿੰਡ ਪੱਧਰ 'ਤੇ ਗੱਤਕਾ ਮੁਕਾਬਲੇ ਕਰਵਾਏ ਜਾਣ-ਗਰੇਵਾਲ

**ਡੇਹਲੋਂ–** ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਅਤੇ ਗੱਤਕਾ ਐਸੋਸੀਏਸ਼ਨ ਪੰਜਾਬ ਦੀ ਅਗਵਾਈ ਹੇਠ ਬੀਤੇ ਦਿਨ ਮੀਰੀ ਪੀਰੀ ਗੱਤਕਾ ਅਖਾੜਾ ਡੇਹਲੋਂ ਵੱਲੋਂ ਸਥਾਨਕ ਗੁਰੂਦਵਾਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਸਦਕਾ ਤਿੰਨਰੋਜਾ ਗੱਤਕਾ ਸਿਖਲਾਈ ਕੈਂਪ ਲਾਇਆ ਗਿਆ ਜਿਸ ਵਿੱਚ ਕਰੀਬ 230 ਗੱਤਕਾ ਖਿਡਾਰੀਆਂ ਨੇ ਗੱਤਕਾਬਾਜ਼ੀ ਦੇ ਗੁਰ ਸਿੱਖੇ। ਇਸ ਕੈਂਪ ਦੀ ਸਮਾਪਤੀ ਮੌਕੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਸਟੇਟ ਐਵਾਰਡੀ ਨੇ ਆਪਣੇ ਸੰਬੋਧਨ ਵਿੱਚ ਖਿਡਾਰੀਆਂ ਨੂੰ ਗੱਤਕੇ ਦੀ ਪ੍ਰਫੁੱਲਤਾ ਲਈ ਚੱਲ ਰਹੀਆਂ ਗਤੀਵਿਧੀਆਂ ਤੋਂ ਜਾਣੂ ਕਰਵਾਇਆ। ਉਨਾਂ ਸਮੂਹਨੌਜਵਾਨਾਂ ਅਤੇ ਖੇਡ ਕਲੱਬਾਂ ਨੂੰ ਸੱਦਾ ਦਿੱਤਾ ਕਿ ਉਹ ਨੌਜਵਾਨਾਂ ਨੂੰ ਸਮਾਜਿਕ ਕੁਰੀਤੀਆਂ, ਪਤਿਤਪੁਣੇ, ਨਸ਼ਿਆਂ ਤੋਂ ਦੂਰ ਰੱਖਣ ਅਤੇ ਸਿੱਖ ਵਿਰਸੇ ਦੀ ਸੰਭਾਲ ਖਾਤਰ ਅੱਗੇ ਆਉਣ ਅਤੇ ਪਿੰਡ ਪੱਧਰ 'ਤੇ ਗੱਤਕੇਬਾਜ਼ੀ ਦੇ ਵਿਰਾਸਤੀ ਮੁਕਾਬਲੇ ਕਰਵਾਕੇ ਨੌ-ਜਵਾਨਾਂ ਖਾਸ ਕਰਕੇ ਲੜਕੀਆਂ ਨੂੰ ਇਹਸਵੈ-ਰੱਖਿਆ ਦੀ ਮਾਣਮੱਤੀ ਖੇਡ ਅਪਨਾਉਣ ਲਈ ਪ੍ਰੇਰਿਤ ਕਰਨ। ਉਨਾਂ ਦੱਸਿਆ ਕਿ ਗੱਤਕੇ ਦੀ ਪ੍ਰਫੁੱਲਤਾ ਲਈ ਦੇਸ਼ ਭਰ ਵਿੱਚ ਗੱਤਕਾ ਸਿਖਲਾਈ ਕੈਂਪ, ਗੱਤਕਾ ਸੈਮੀਨਾਰ ਅਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਵੇਗਾ ਜਿੱਥੇ ਸਿੱਖਿਅਤ ਗੱਤਕਾ ਕੋਚ ਅਤੇ ਉਘੇ ਬੁੱਧੀਜੀਵੀ ਆਪਣੇ ਕੀਮਤੀ ਵਿਚਾਰ ਸਾਂਝੇ ਕਰਿਆ ਕਰਨਗੇ ਜਿਸ ਨਾਲ ਉੱਭਰਦੇ ਖਿਡਾਰੀਆਂ ਨੂੰ ਮਹੱਤਵਪੂਰਣ ਜਾਣਕਾਰੀ ਅਤੇ ਨੁਕਤੇ ਮਿਲ ਸਕਣਗੇ। ਹਰਜੀਤ ਸਿੰਘ ਗਰੇਵਾਲ ਨੇ ਦੱਸਿਆ ਕਿ ਅਕੈਡਮੀ ਵੱਲੋਂ ਦੁਨੀਆਂ ਭਰ ਦੇ ਗੱਤਕਾ ਅਖਾੜਿਆਂ ਦੀ ਡਾਇਰੈਕਟਰੀ ਤਿਆਰ ਕੀਤੀ ਜਾ ਰਹੀ ਹੈ ਇਸ ਲਈ ਸਮੂਹ ਗੱਤਕਾ ਅਖਾੜੇ ਅਕੈਡਮੀ ਨਾਲ ਆਪਣਾ ਨਾਂ ਰਜਿਸਟਰ ਕਰਵਾਉਣ ਤਾਂ ਜੋ ਜਾਣਕਾਰੀ ਭਰਪੂਰ ਡਾਇਰੈਕਟਰੀ ਅਤੇਹਵਾਲਾ ਪੁਸਤਕ ਦੇ ਪਹਿਲੇ ਐਡ-ਸ਼ਿਨ ਦੀ ਪ੍ਰਕਾਸ਼ਨਾ ਜਲਦ ਕਰਵਾਈ ਜਾ ਸਕੇ। ਗਰੇਵਾਲ ਨੇ ਦੱਸਿਆ ਕਿ ਵਿਸ਼ਵ ਵਿੱਚ ਇਤਿਹਾਸਕ ਖੇਡ ਗੱਤਕੇ ਸਬੰਧੀ ਜਾਗਰੂਕਤਾ ਲਈ ਵੀ ਉਚੇਚੇ ਯਤਨ ਜਾਰੀ ਹਨ ਅਤੇ ਇਨਾਂ ਯਤਨਾਂ ਤਹਿਤ ਗੱਤਕੇ ਸਬੰਧੀ ਇਕ ਮਾਸਿਕ ਰਸਾਲਾ ਵੀ ਪ੍ਰਕਾਸ਼ਿਤ ਕੀਤਾਜਾਵੇਗਾ।



ਇਸ ਮੌਕੇ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਤੇ ਅਕੈਡਮੀ ਦੇ ਵਾਈਸ ਚੇਅਰਮੈਨ ਅਵਤਾਰ ਸਿੰਘ ਤੇ ਜਨਰਲ ਸਕੱਤਰ ਉਦੇ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਹੋਰਨਾਂ ਤੋਂ ਇਲਾਵਾ ਇਸ ਮੌਕੇ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਮਨਜੀਤ ਸਿੰਘ ਬੁਟਾਹਰੀ, ਸੰਯੁਕਤ ਸਕੱਤਰ ਗੁਰਮੀਤਸਿੰਘ, ਵਿੱਤ ਸਕੱਤਰ ਬਲਜੀਤ ਸਿੰਘ ਸੈਣੀ, ਮੈਂਬਰ ਕਾਰਜਕਾਰਨੀ ਕੁਲਦੀਪ ਸਿੰਘ, ਅਮਨਦੀਪ ਸਿੰਘ ਭੱਟੀ, ਹਰਜਿੰਦਰ ਸਿੰਘ ਤਰਨਤਾਰਨ, ਸਰਪੰਚ ਡੇਹਲੋਂ ਜਗਦੀਪ ਸਿੰਘ ਬਿੱਟੂ, ਮੈਨੇਜਰ ਗੁਰਦਵਾਰਾ ਸਾਹਿਬ ਜ਼ਸਵਿੰਦਰ ਸਿੰਘ ਗੰਥੀ ਬਲਵਿੰਦਰ ਸਿੰਘ, ਮੈਂਬਰ ਰਜਿੰਦਰ ਸਿੰਘ, ਗੱਤਕਾਅਖਾੜਾ ਦੇ ਮੈਂਬਰ ਰਘਬੀਰ ਸਿੰਘ, ਬਲਰਾਜ ਸਿੰਘ, ਹਰਵਿੰਦਰ ਸਿੰਘ, ਮਨਪ੍ਰੀਤ ਸਿੰਘ, ਜਸਵੀਰ ਸਿੰਘ, ਜਸਪ੍ਰੀਤ ਸਿੰਘ, ਗਗਨਦੀਪ ਸਿੰਘ, ਸਰਬਜੀਤ ਸਿੰਘ, ਜਸਪਾਲ ਸਿੰਘ, ਪਰਮਜੀਤ ਸਿੰਘ, ਉਂਕਾਰ ਸਿੰਘ, ਸੇਵਾ ਸਿੰਘ ਤੇ ਅਰਜਨ ਸਿੰਘ ਵੀ ਹਾਜਰ ਸਨ।

# ਅਕਾਲੀ ਦਲ ਦੀ ਈਸਾਈਆਂ ਪ੍ਰਤੀ ਨੀਤੀ ਦਾ ਇਤਿਹਾਸ

**(ਸਫਾ 6 ਦੀ ਬਾਕੀ)**

ਹੋਣ ਨੂੰ ਆਏ ਹਨ, ਕਿੰਨੇ ਭਵਨ ਬਣੇ?

(ਗ) ਕਾਨੂੰਨ ਹੈ ਕਿ ਈਸਾਈਆਂ ਨੂੰ ਕਬਰਸਤਾਨਾਂ ਲਈ ਥਾਂ ਦਿੱਤੀ ਜਾਵੇਗੀ ਪਰ ਅਕਾਲੀ ਸਰਕਾਰ ਨੇ ਅੱਜ ਤੱਕ ਪੰਜਾਬ ਵਿਚ ਕਿੰਨੇ ਕਬਰਸਤਾਨਾਂ ਲਈ ਥਾਂ ਦਿੱਤੀ ਹੈ?

(ਘ) ਜਦ ਜਦ ਪੰਜਾਬ ਵਿਚ ਅਕਾਲੀ ਦਲ ਦੀ ਸਹਿਯੋਗੀ ਪਾਰਟੀ ਭਾਜਪਾ ਤੇ ਆਰ. ਐਸ. ਐਸ. ਨੇ ਈਸਾਈ ਧਾਰਮਿਕ ਸਮਾਗਮਾਂ ਉੱਤੇ ਹਮਲੇ ਕੀਤੇ ਅਕਾਲੀ ਨੇਤਾਵਾਂ ਨੇ ਚੁੱਪ ਵੱਟੀ ਰੱਖੀ। (ਙ) 2005 ਵਿਚ ਜਲੰਧਰ ਵਿਚ ਭਾਜਪਾਈਆਂ ਅਤੇ ਆਰ. ਐਸ. ਐਸ. ਵਾਲਿਆਂ ਨੇ ਈਸਾਈ ਜਲੂਸ ਤੇ ਹਮਲਾ ਕੀਤਾ। ਸਰਕਾਰ ਨੇ ਪੰਜ ਈਸਾਈ ਨੇਤਾਵਾਂ ਵਿਰੁੱਧ 307 ਦਾ ਕੇਸ ਦਰਜ ਕਰਕੇ ਉਹਨਾਂ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ। ਬਾਕੀ ਸਾਰੀਆਂ ਸਿਆਸੀ ਪਾਰਟੀਆਂ ਨੇ ਇਸ ਘਟਨਾ ਦੀ ਨਿੰਦਾ ਕੀਤੀ ਪਰ ਅਕਾਲੀਆਂ ਨੇ ਚੁੱਪ ਵੱਟੀ ਰੱਖੀ।

(ਚ) ਕੀ ਅਕਾਲੀ ਦੱਸਣਗੇ ਕਿ ਉਸਨੇ ਆਪਣੇ ਸ਼ਾਸਨ ਵਿਚ ਕਿੰਨੇ ਈਸਾਈਆਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ?

(ਛ) ਕਿੰਨੇ ਈਸਾਈਆਂ ਨੂੰ ਕਾਰੋਬਾਰੀ ਕਰਜ਼ੇ ਦੇ ਕੇ ਉਹਨਾਂ ਦੇ ਕਾਰੋਬਾਰ ਚਲਾਏ?

ਜੇਕਰ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਅਤੀ ਸਤਿਕਾਰਿਤ ਕੈਥੋਲਿਕ ਬਿਸ਼ਪ ਫਰੈਂਕੋ ਦੀ ਮੰਗ ਤੇ ਫੁੱਲ ਚੜ੍ਹਾਉਂਦੇ ਹੋਏ ਈਸਾਈਆਂ ਦੀ ਭਲਾਈ ਲਈ ਕੁਝ ਕਰਦੇ ਹਨ ਤਾਂ ਅਸੀਂ ਉਸ ਦਾ ਸਵਾਗਤ ਕਰਾਂਗੇ।

# ਨੇਤਰਦਾਨ ਪੰਦਰਵਾੜੇ ਸਬੰਧੀ ਲਗਾਇਆ ਜਾਗਰੂਕਤਾ ਕੈਂਪ

**ਸ਼ਾਮਚੁਰਾਸੀ (ਚੁੰਬਰ)–** 'ਆਓ ਰਲ ਨੇਤਰਦਾਨ ਲਈ ਪ੍ਰਣ ਪੱਤਰ ਭਰੀਏ, ਮਹਾਂਦਾਨ ਕਰਕੇ ਆਪਣਾ ਜੀਵਨ ਸਫ਼ਲ ਕਰੀਏ' ਵਿਸ਼ੇ ਤੇ ਨੇਤਰਦਾਨ ਪੰਦਰਵਾੜੇ ਨਾਲ ਸਬੰਧਿਤ ਇੱਕ ਜਾਗਰੂਕਤਾ ਵਰਕਸ਼ਾਪ ਦਾ ਆਯੋਜਨ ਡਾ. ਸਰਦੂਲ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਬਲਾਕ ਪੀ. ਐਚ. ਸੀ. ਚੱਕੋਵਾਲ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਜਿਸ ਵਿੱਚ ਸ਼੍ਰੀ ਸ਼ਾਮ ਸੁੰਦਰ ਅਪਥੈਲਮਿਕ ਅਫ਼ਸਰ, ਰਮਨਦੀਪ ਕੌਰ ਬੀ.ਈ.ਈ., ਮਨਜੀਤ ਸਿੰਘ ਹੈਲਥ ਇੰਸਪੈਕਟਰ, ਸੁਰਿੰਦਰ ਕੌਰ ਐਲ.ਐਚ.ਵੀ., ਅਜੇ ਕੁਮਾਰ ਤੋਂ ਇਲਾਵਾ ਬਲਾਕ ਦੀਆਂ ਸਮੂਹ ਐਲ.ਐਚ.ਵੀਜ਼., ਏ.ਐਨ.ਐਮਜ਼ ਅਤੇ ਮਲਟੀ ਪਰਪਸ ਮੇਲ ਹੈਲਥ ਵਰਕਰ ਸ਼ਾਮਿਲ ਹੋਏ। ਇਸ ਦੌਰਾਨ ਸਟਾਫ਼ ਮੈਂਬਰਾਂ ਵੱਲੋਂ ਨੇਤਰਦਾਨ ਕਰਨ ਲਈ ਪ੍ਰਣ ਪੱਤਰ ਭਰੇ ਗਏ ਅਤੇ ਨੇਤਰਦਾਨ ਕਰਨ ਲਈ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਪ੍ਰਣ ਕੀਤਾ। ਵਰਕਸ਼ਾਪ ਦੀ ਪ੍ਰਧਾਨਗੀ ਕਰਦਿਆਂ ਡਾ. ਸਰਦੂਲ ਸਿੰਘ ਨੇ ਨੇਤਰਦਾਨ ਕਰਨ ਸਬੰਧੀ ਜਾਣਕਾਰੀ ਦਿੰਦੇ ਦੱਸਿਆ ਕਿ ਛੇ ਸਾਲ ਤੋਂ ਉਪਰ ਕਿਸੇ ਵੀ ਉਮਰ ਦਾ ਵਿਅਕਤੀ ਜਿਸ ਦੀਆਂ ਅੱਖ ਦੀਆਂ ਪੁਤਲੀਆਂ ਸਾਫ਼ ਹੋਣ ਮਿਰਤੂ ਉਪਰੰਤ ਨੇਤਰਦਾਨ ਕਰ ਸਕਦਾ ਹੈ। ਕਮਜ਼ੋਰ ਨਜ਼ਰ, ਐਨਕ ਵਾਲੇ, ਮੋਤੀਏ ਜਾਂ ਉਪਰੇਸ਼ਨ ਵਾਲੇ ਵਿਅਕਤੀ ਵੀ, ਫਿਰ ਭਾਵੇਂ ਉਹ ਕਿਸੇ ਵੀ ਬੱਲਡ ਗਰੁੱਪ, ਕਿਸੇ ਵੀ ਧਰਮ, ਜਾਤੀ, ਲਿੰਗ, ਫਿਰਕੇ, ਕੌਮ ਜਾਂ ਇਲਾਕੇ ਆਦਿ ਦਾ ਹੀ ਕਿਉਂ ਨਾ ਹੋਵੇ, ਨੇਤਰਦਾਨ ਕਰ ਸਕਦਾ ਹੈ। ਉਹਨਾਂ ਦੱਸਿਆ ਕਿ ਸਿਰਫ਼ ਕਿਸੇ ਵਿਸ਼ੇਸ਼ ਨਾਮੁਰਾਦ ਬਿਮਾਰੀਆਂ ਜਿਵੇ ਏਡਜ਼, ਕੈਂਸਰ, ਪੀਲੀਆ, ਹਲਕਾਅ, ਦਿਮਾਗੀ ਬੁਖਾਰ ਜਾਂ ਸੈਪਟੀਪੀਸੀਆ ਆਦਿ ਕਾਰਣ ਹੋਈ ਮੌਤ ਵਾਲੇ ਵਿਅਕਤੀ ਦੇ ਨੇਤਰ ਨਹੀਂ ਲਏ ਜਾਂਦੇ ਹਨ। ਇਸ ਮੌਕੇ ਡਾ. ਸਰਦੂਲ ਸਿੰਘ ਨੇ ਕਿਹਾ ਕਿ ਇੱਕ ਨੇਤਰਦਾਨੀ ਦੋ ਨੇਤਰਹੀਣਾਂ ਦਾ ਜੀਵਨ ਰੌਸ਼ਨ ਕਰ ਜਾਂਦਾ ਹੈ। ਉਹਨਾਂ ਜਾਣਕਾਰੀ ਦਿੰਦੇ ਦੱਸਿਆ ਕਿ ਅੰਕੜਿਆਂ ਮੁਤਾਬਿਕ ਭਾਰਤ ਵਿੱਚ 1.5 ਕਰੋੜ ਤੋਂ ਜਿਆਦਾ ਲੋਕ ਅੰਨੇਪਣ ਦੇ ਸ਼ਿਕਾਰ ਹਨ, ਜਿਨ੍ਹਾਂ ਵਿਚੋਂ 46 ਲੱਖ ਕੋਰਨੀਅਲ ਬਲਾਈਂਡ ਹਨ। ਅੰਕੜਿਆਂ ਮੁਤਾਬਿਕ ਦੁਨੀਆਂ ਦਾ ਹਰ ਪੰਜਵਾ ਕੋਰਨੀਅਲ ਬਲਾਈਂਡ ਭਾਰਤੀ ਹੈ। ਜਿਨ੍ਹਾਂ ਦੇ ਲਈ ਲਗਭਗ 2.5 ਲੱਖ ਨੇਤਰਦਾਤਾਵਾਂ ਦੀ ਜਰੂਰਤ ਹੈ, ਪਰ ਹਰ ਸਾਲ 40 ਤੋਂ 45 ਹਜ਼ਾਰ ਕੋ-ਰਨੀਆ ਹੀ ਇੱਕਠਾ ਹੋ ਰਹੀਆਂ ਹਨ। ਉਹਨਾਂ ਖੁਸ਼ੀ ਪ੍ਰਕਟ ਕਰਦਿਆਂ ਦੱਸਿਆ ਕਿ ਪੰਜਾਬ ਭਰ ਵਿੱਚ ਹੁਸ਼ਿਆਰਪੁਰ ਜਿਲ੍ਹਾ ਇੱਕ ਅਜਿਹਾ ਜਿਲ੍ਹਾ ਹੈ ਜਿਸਨੂੰ ਪਿਛਲੇ ਸਮੇਂ ਦੌਰਾਨ ਕੋਰਨੀਅਲ ਬਲਾਈਂਡ ਫ੍ਰੀ ਜਿਲ੍ਹਾ ਘੋਸ਼ਿਤ ਕੀਤਾ ਜਾ ਚੁੱਕਾ ਹੈ ਜੋ ਕਿ ਹੁਸ਼ਿਆਰਪੁਰ ਦੀ ਆਈ ਡੋਨੇਸ਼ਨ ਐਸ਼ੋਸ਼ੀਏਸ਼ਨ ਦੀ ਪ੍ਰਯਤਨਾ ਸਦਕਾ ਹੋ ਸਕਿਆ ਹੈ। ਪੰਜਾਬ ਅਤੇ ਭਾਰਤ ਵਿੱਚ ਕਾਰਨੀਅਲ ਬਲਾਈਂਡ ਕੋਈ ਵਿਅਕਤੀ ਨਾ ਰਹੇ ਇਸਦੇ ਲਈ ਜਰੂਰੀ ਹੈ ਕਿ ਮਰਨ ਉਪਰੰਤ ਨੇਤਰਦਾਨ ਕਰਨ ਨੂੰ ਘਰ ਘਰ ਪਰਿਵਾਰਕ ਪਰੰਪਰਾ ਬਣਾਇਆ ਜਾਵੇ। ਇਸ ਲਈ ਸਿਹਤ ਵਿਭਾਗ ਦੇ ਨੁਮਾਂਇਦੇ ਹੋਣ ਦੇ ਨਾਤੇ ਸਾਡੀ ਜਿੰਮੇਦਾਰੀ ਬਣਦੀ ਹੈ ਕਿ ਇਸਨੂੰ ਸਭ ਤੋਂ ਪਹਿਲਾ ਅਸੀਂ ਆਪ ਅੱਖਾਂ ਦਾਨ ਕਰਕੇ ਆਪਣੇ ਘਰ ਦੀ ਪਰੰਪਰਾ ਬਣਾਈਏ ਅਤੇ ਪਿੰਡਾਂ ਵਿੱਚ ਇਸਨੂੰ ਆਪਣੀ ਪਰਿਵਾਰਕ ਪਰੰਪਰਾ ਬਣਾਉਣ ਦਾ ਸੁਨੇਹਾ ਘਰ ਘਰ ਪਹੁੰਚਾਈਏ। ਉਹਨਾਂ ਕਿਹਾ ਕਿ 25 ਅਗਸਤ ਤੋਂ 8 ਸੰਤਬਰ 2016 ਤੱਕ ਨੇਤਰਦਾਨ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਇਸ ਦੌਰਾਨ ਸਿਹਤ ਵਿਭਾਗ ਵੱਲੋਂ ਵੱਖ ਵੱਖ ਜਾਗਰੂਕਤਾ ਗਤੀਵਿਧੀਆਂ ਕਰਕੇ ਮਰਨ ਉਪਰੰਤ ਨੇਤਰਦਾਨ ਕਰਨ ਤੇ ਜਿਉਂਦੇ ਜੀਅ ਖੂਨਦਾਨ ਅਤੇ ਮਰਣ ਉਪਰੰਤ ਅੱਖਾਂ ਦਾਨ ਕਰਨ ਦਾ ਸਾਨੂੰ ਸਾਰਿਆਂ ਨੂੰ ਸਕੰਲਪ ਲੈਣਾ ਚਾਹੀਦਾ ਹੈ। ਉਹਨਾਂ ਅਪੀਲ ਕੀਤੀ ਕਿ ਉਹ ਖੁਦ ਵੀ ਨੇਤਰਦਾਨ ਕਰਨ ਅਤੇ ਦੂਸਰਿਆਂ ਨੂੰ ਵੀ ਪ੍ਰੇਰਿਤ ਕਰਨ।




# ਯੂਬਾ ਸਿਟੀ ਗੁਰੂ ਘਰ ਦੀਆਂ ਚੋਣਾਂ 'ਚ ਜੇਤੂ ਸਲੇਟ ਨੂੰ ਵਧਾਈਆਂ

ਗੁਰਦੁਆਰਾ ਟਾਇਰਾ ਬਿਓਨਾ (ਸਿੱਖ ਟੈਂਪਲ) ਯੂਬਾ ਸਿਟੀ ਦੀਆਂ ਚੋਣਾਂ ਚ ਪੰਥਕ ਸਲੇਟ ਦੀ 100% ਬਹੁਮਤ ਨਾਲ ਭਾਰੀ ਜਿੱਤ ਦੀਆਂ ਵਧਾਈਆਂ। ਦੀਦਾਰ ਸਿੰਘ ਬੈਂਸ, ਗੁਰਨਾਮ ਸਿੰਘ ਪੰਮਾ ਅਤੇ ਪੰਥਕ ਸਲੇਟ ਦੇ ਸਮੂਹ ਉਮੀਦਵਾਰ, ਵੋਟਰ ਤੇ ਸਪੋਰਟਰ ਸਾਰੇ ਹੀ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਇੱਕ ਮੱਤ ਰਹਿ ਕੇ ਇੱਕ ਝੰਡੇ ਹੇਠ ਏਕਤਾ ਰਾਹੀਂ ਜਿੱਤ ਹਾਂਸਲ ਕੀਤੀ ਹੈ। ਪੰਥਕ ਸਲੇਟ ਦੀ ਹੂੰਝਾ ਫੇਰ ਜਿੱਤ ਨੇ, ਵਿਰੋਧੀ ਕੀਤੇ ਚਿੱਤ ਨੇ। ਪੰਥਕ ਸਲੇਟ ਦੀ ਜਿੱਤ ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਹੈ। ਇਹ ਜਿੱਤ 2017 ਦੀਆਂ ਚੋਣਾਂ ਲਈ ਪੂਰੀ ਫਿੱਟ ਹੈ।



**ਵਧਾਈਆਂ ਵਧਾਈਆਂ ਵਧ-ਾਈਆਂ ਵਧਾਈਆਂ ਵਧਾਈਆਂ**

2017 'ਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੀ ਯਕੀਨੀ ਜਿੱਤ ਲਈ, ਹੰਭਲਾ ਸਾਡਾ-ਸਾਥ ਤੁਹਾਡਾ।

ਤੁਹਾਡੇ ਮਿਲਵਰਤਣ ਅਤੇ ਵਿਚਾਰਾਂ ਦੀ ਉਡੀਕ ਰਹੇਗੀ।

**ਸੀਨੀਅਰ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਵੈਸਟ :-**

ਕੁਲਵੰਤ ਸਿੰਘ ਖੈਰਾ, ਬਲਜੀਤ ਸਿੰਘ ਮਾਨ, ਰੌਣਕ ਸਿੰਘ, ਸਰਬਜੋਤ ਸਿੰਘ ਸਵਧੀ, ਪ੍ਰੀਤਮ ਸਿੰਘ ਗਰੇਵਾਲ, ਹਰਬੰਸ ਸਿੰਘ ਚਾਹਲ, ਦਲਬੀਰ ਸਿੰਘ ਸੰਘੇੜਾ, ਅਵਤਾਰ ਸਿੰਘ ਗਿਲ, ਹੈਰੀ ਗਿਲ, ਚਰਨਜੀਤ ਸਿੰਘ ਬਾਠ, ਹਰਿੰਦਰ ਸਿੰਘ ਹੁੰਦਲ, ਸੁਰਿੰਦਰ ਸਿੰਘ ਨਿਝਰ, ਨਰਿੰਦਰਪਾਲ ਸਿੰਘ ਹੁੰਦਲ।

**ਜਾਰੀ ਕਰਤਾ :- ਪਰਮਜੀਤ ਸਿੰਘ ਸੇਖੋਂ (ਦਾਖਾ)**

# ਸ਼ਾਮਚੁਰਾਸੀ 'ਚ ਸੰਸਦ ਮੈਂਬਰ ਭਗਵੰਤ ਮਾਨ ਦਾ ਪੁਤਲਾ ਫੂਕ ਕੇ ਅਕਾਲੀਆਂ ਕੱਢੀ ਭੜਾਸ

**ਸ਼ਾਮਚੁਰਾਸੀ (ਚੁੰਬਰ)–** ਆਮ ਆਦਮੀ ਪਾਰਟੀ ਦੇ ਆਗੂ ਅਤੇ ਸੰਸਦ ਮੈਂਬਰ ਭਗਵੰਤ ਮਾਨ ਵਲੋਂ ਗਰੀਬ ਪਰਿਵਾਰ ਦੀ ਰੇਖਾ ਵਿਚ ਆਉਂਦੇ ਆਟਾ-ਦਾਲ ਸਕੀਮ ਦੇ ਲਾਭਪਾਤਰੀਆਂ ਨੂੰ ਮੰਦਭਾਗੀ ਸ਼ਬਦਾਵਲੀ ਵਰਤਣ ਦੇ ਵਿਰੋਧ ਵਿਚ ਸ਼ਾਮਚੁਰਾਸੀ ਵਿਖੇ ਹਲਕਾ ਸ਼ਾਮਚੁਰਾਸੀ ਦੀ ਵਿਧਾਇਕ ਬੀਬੀ ਮਹਿੰਦਰ ਕੌਰ ਜੋਸ਼ ਦੀ ਅਗਵਾਈ ਵਿਚ ਸੰਸਦ ਮੈਂਬਰ ਭਗਵੰਤ ਮਾਨ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਬੀਬੀ ਮਹਿੰਦਰ ਕੌਰ ਜੋਸ਼ ਨੇ ਕਿਹਾ ਕਿ ਸੰਸਦ ਮੈਂਬਰ ਭਗਵੰਤ ਮਾਨ ਵਲੋਂ ਆਟਾ-ਦਾਲ ਸਕੀਮ ਦੇ ਲਾਭਪਾਤਰੀਆਂ ਨੂੰ ਭਿਖਾਰੀ ਕਹਿਣਾ ਬੇਹੱਦ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖਾਸ ਕਰਕੇ ਗਰੀਬੀ ਰੇਖਾ ਵਿਚ ਰਹਿੰਦੇ ਪਰਿਵਾਰਾਂ ਨੂੰ ਉੱਚਾ ਚੁੱਕਣ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਲਈ ਕਾਰਜਸ਼ੀਲ ਹੈ। ਇਸ ਮੌਕੇ ਕੌਂਸਲਰ ਮੰਗਲ ਕੁਮਾਰ, ਦਲਜੀਤ ਬਿੱਟੂ, ਰਣਧੀਰ ਸਿੰਘ ਕਡਿਆਣਾ, ਸੋਹਣ ਲਾਲ, ਗੁਰਮੇਲ ਸਿੰਘ ਧਾਰੀਵਾਲ, ਅਵਤਾਰ ਸਿੰਘ ਢੇਰੀ, ਗੁਰਦੇਵ ਸਿੰਘ, ਸੁਰਿੰਦਰ ਕੁਮਾਰ, ਸਰਪੰਚ ਨਸੀਬ ਚੰਦ ਜੱਸੀ, ਪ੍ਰਿਥੀ ਸਿੰਘ ਬਾਲੀ, ਲਖਵਿੰਦਰ ਸਿੰਘ, ਕਸ਼ਮੀਰੀ ਲਾਲ, ਹਰਭਜਨ ਲਾਲ, ਨਰੇਸ਼ ਸਨੀ, ਇਕਬਾਲ ਸਿੰਘ ਸਮੇਤ ਕਈ ਹੋਰ ਹਾਜ਼ਰ ਸਨ।



*****************

# ਸ੍ਰ. ਦਿਦਾਰ ਸਿੰਘ ਅਤੇ ਸਾਥੀਆਂ ਦੀ ਪੰਥਕ ਸਲੇਟ ਨੂੰ ਵਧਾਈ

ਪੰਜਾਬੀਆਂ ਦੇ ਗੜ ਯੂਬਾ ਸਿਟੀ ਵਿਖੇ ਹੋਈ ਗੁਰਦੁਵਾਰਾ ਸਾਹਿਬ ਦੀ ਚੋਣ ਵਿੱਚ ਸ੍ਰ. ਦਿਦਾਰ ਸਿੰਘ ਜੋ ਯੂਬਾ ਸਿਟੀ ਦੇ ਨਗਰ ਕੀਰਤਨ ਪਰੇਡ ਦੇ ਬਾਨੀ ਅਤੇ ਧਰਮ ਕਾਰਜਾਂ ਲਈ ਵੱਡੇ ਦਾਨੀ ਨੇ, ਉਨ੍ਹਾਂ ਸਾਥੀਆਂ ਦੀ ਪੰਥਕ ਸਲੇਟ ਨੂੰ ਸੰਗਤ ਨੇ ਭਾਰੀ ਬਹੁਮਤ ਨਾਲ ਜਿਤਾਇਆ ਹੈ ਜੋ ਪਹਿਲੇ ਵੀ ਲੰਬਾ ਸਮਾਂ, ਇਸ ਗੁਰਦੁਆਰੇ ਦੇ ਮੁੱਖ ਪ੍ਰਬੰਧਕ ਰਹੇ ਹਨ। ਸਬੱਬ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਵਾਲੇ ਹਫਤੇ ਦੁਬਾਰਾ ਬਹੁਮਤ ਨਾਲ ਜਿੱਤੇ ਹਨ। ਅਸੀਂ ਅਵਤਾਰ ਸਿੰਘ ਮਿਸ਼ਨਰੀ, ਬੀਬੀ ਹਰਸਿਮਰਤ ਕੌਰ ਖਾਲਸਾ, ਡਾ. ਗੁਰਮੀਤ ਸਿੰਘ ਬਰਸਾਲ, ਸ੍ਰ. ਤਰਲੋਚਨ ਸਿੰਘ ਦੁਪਾਲਪੁਰ ਅਤੇ ਸ੍ਰ. ਚਮਕੌਰ ਸਿੰਘ ਫਰਿਜਨੋ ਸਾਰੇ ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ ਯੂ ਐਸ. ਏ. ਦੇ ਸੇਵਕ ਪੰਥਕ ਸਲੇਟ ਦੀ ਜਿੱਤ ਤੇ ਵਧਾਈ ਦਿੰਦੇ ਹੋਏ, ਕਾਮਨਾ ਕਰਦੇ ਹਾਂ ਕਿ ਅਕਾਲ ਪੁਰਖ ਨਵੀਂ ਕਮੇਟੀ ਨੂੰ, ਗੁਰਮਤਿ ਸਿਧਾਂਤਾਂ ਦਾ ਤਨਦੇਹੀ ਨਾਲ ਪ੍ਰਚਾਰ, ਪ੍ਰਸਾਰ, ਸੰਗਤਾਂ ਦੀ ਸੁਚੱਜੀ ਸੇਵਾ ਅਤੇ ਨਗਰ ਕੀਰਤਨ ਦੀ ਹੋਰ ਸ਼ਾਨ ਵਧਾਉਣ ਦਾ ਬਲ, ਤੰਦਰੁਸਤੀਆਂ, ਚੜ੍ਹਦੀਆਂ ਕਲਾਂ ਅਤੇ ਉਤਸ਼ਾਹ ਬਖਣ।



**– ਅਵਤਾਰ ਸਿੰਘ ਮਿਸ਼ਨਰੀ**

# ਅਧਿਆਪਕ ਦਿਵਸ ਤੇ ਵਿਦਿਆਰਥੀਆਂ ਵਲੋਂ ਅਧਿਆਪਕਾਂ ਦਾ ਮਾਣ ਸਨਮਾਨ

**ਮੁਕੰਦਪੁਰ, (ਰੇਸਮ ਕਰਨਾਣਵੀ)–** ਨਜ਼ਦੀਕੀ ਪਿੰਡ ਜਗਤਪੁਰ ਦੇ ਦੁਆਬਾ ਪਬਲਿਕ ਸਕੂਲ ਵਿਖੇ ਅਧਿਆਪਕ ਦਿਵਸ ਮੌਕੇ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਵਿਦਿਆਰਥੀਆਂ ਵਲੋਂ ਅਧਿਆਪਕ ਦਿਵਸ ਸਬੰਧੀ ਤਿਆਰ ਕੀਤੇ ਸੰਖੇਪ ਭਾਸ਼ਣ ਅਤੇ ਕਵਿਤਾਵਾਂ ਸੁਣਾਈਆਂ ਗਈਆਂ। ਇਸ ਮੌਕੇ ਸਕੂਲ ਦੇ ਐਮ. ਡੀ. ਹਰਨੇਕ ਚੰਦ ਨੇ ਅਧਿਆਪਕ ਅਤੇ ਵਿਦਿਆਰਥੀਆਂ ਦੇ ਆਪਸੀ ਰਿਸ਼ਤੇ ਦੀ ਪਵਿੱਤਰਤਾ ਤੇ ਪਿਆਰ ਸਤਿਕਾਰ ਦੀ ਅਹਿਮੀਅਤ ਤੋਂ ਜਾਣੂ ਕਰਵਾਇਆ। ਇਸ ਮੌਕੇ ਪ੍ਰਿੰਸੀਪਲ ਗੁਰਬਖ਼ਸ਼ ਕੌਰ ਨੇ ਵੀ ਸੰਬੋਧਨ ਕੀਤਾ। ਇਸ ਸਮਾਗਮ ਵਿੱਚ ਵਿਦਿਆਰਥੀਆਂ ਵਲੋਂ ਅਧਿਆਪਕਾਂ ਨੂੰ ਗੁਲਦਸਤੇ ਵੀ ਭੇਂਟ ਕੀਤੇ ਅਤੇ ਸਾਂਝੀ ਚਾਹ ਪਾਰਟੀ ਦਾ ਵੀ ਆਯੋਜਨ ਕੀਤਾ ਗਿਆ। ਸਮਾਗਮ ਵਿਚ ਪਰਦੀਪ ਕੁਮਾਰ, ਅਸ਼ਵਨੀ ਕੁਮਾਰ, ਕਿਰਨਾ ਰਾਣੀ, ਸੀਮਾ ਰਾਣੀ, ਸੋਨੀਆ ਬੰਗਾ, ਰੱਜੂ ਬਾਲਾ, ਅੰਜਨਾ ਬੰਗਾ, ਵੀਨਾ, ਜਸਵਿੰਦਰ ਕੌਰ ਅਤੇ ਨਾਨ-ਟੀਚਿੰਗ ਸਟਾਫ਼ ਦੇ ਮੈਂਬਰ ਹਾਜ਼ਰ ਸਨ।




# ਨੀਲੇ ਕਾਰਡ ਧਾਰਕਾਂ ਵਲੋਂ ਭਗਵੰਤ ਮਾਨ ਖਿਲਾਫ ਰੋਸ ਮੀਟਿੰਗ

**ਸ਼ਾਮਚੁਰਾਸੀ (ਚੁੰਬਰ)–** ਸੰਸਦ ਮੈਂਬਰ ਭਗਵੰਤ ਮਾਨ ਵਲੋਂ ਗਰੀਬ ਪਰਿਵਾਰ ਦੀ ਰੇਖਾ ਵਿਚ ਆਉਂਦੇ ਆਟਾ-ਦਾਲ ਸਕੀਮ ਦੇ ਲਾਭਪਾਤਰੀਆਂ ਨੂੰ ਮੰਦਭਾਗੀ ਸ਼ਬਦਾਲੀ ਨਾਲ ਬਲਾਉਣ ਦੇ ਵਿਰੋਧ ਵਿਚ ਸ਼ਾਮਚੁਰਾਸੀ ਦੇ ਐਸ ਸੀ ਵਿੰਗ ਦੇ ਪ੍ਰਧਾਨ ਗੁਰਮੇਲ ਸਿੰਘ ਸਰਹਾਲਾ ਦੀ ਪ੍ਰਬੰਧਾਂ ਹੇਠ ਇਕ ਵਿਸ਼ੇਸ਼ ਰੋਸ ਮੀਟਿੰਗ ਕੀਤੀ ਗਈ। ਇਸ ਰੋਸ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਐਸ ਸੀ ਵਿੰਗ ਦੇ ਪ੍ਰਧਾਨ ਸ. ਗੁਰਮੇਲ ਸਿੰਘ ਸਰਹਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਖਾਸ ਕਰਕੇ ਗਰੀਬੀ ਰੇਖਾ ਵਿਚ ਰਹਿੰਦੇ ਪਰਿਵਾਰਾਂ ਨੂੰ ਉੱਚਾ ਚੁੱਕਣ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਲਈ ਕਾਰਜਸ਼ੀਲ ਹੈ ਅਤੇ ਆਟਾ-ਦਾਲ ਸਕੀਮ ਦਾ ਸੱਭ ਤੋਂ ਵੱਧ ਲਾਭ ਐਸ ਸੀ ਭਾਈਚਾਰੇ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਕ ਸੰਸਦ ਮੈਂਬਰ ਵਲੋਂ ਸੱਤਾ ਦੀ ਕੁਰਸੀ ਹਾਸਿਲ ਕਰਨ ਲਈ ਆਟਾ-ਦਾਲ ਸਕੀਮ ਦੇ ਲਾਭਪਾਤਰੀਆਂ ਨੂੰ ਭਿਖਾਰੀ ਕਹਿਣਾ ਬੇਹੱਦ ਮੰਦਭਾਗਾ ਹੈ। ਸ਼ਾਮਚੁਰਾਸੀ ਹਲਕੇ ਦਾ ਐਸ ਸੀ ਵਿੰਗ ਭਗਵੰਤ ਮਾਨ ਦੀ ਵਿਰੋਧਤਾ ਕਰਦਾ ਹੈ। ਇਸ ਮੌਕੇ ਸੀਨੀਅਰ ਉੱਪ ਪ੍ਰਧਾਨ ਸ਼੍ਰੀ ਰਾਮ ਲੁਭਾਇਆ ਸਹਾਏਪੁਰ, ਤਰਸੇਮ ਸਿੰਘ ਉੱਪ ਪ੍ਰਧਾਨ ਅਤੇ ਮੀਤ ਪ੍ਰਧਾਨ ਲਸ਼ਕਰ ਸਿੰਘ ਸਹੋਤਾ ਨੇ ਵੀ ਸੰਬੋਧਨ ਕੀਤਾ। ਇਸ ਰੋਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਕਰਨੈਲ ਸਿੰਘ ਮੂੰਡੀਆਂ, ਹਰਜਿੰਦਰ ਸਿੰਘ, ਸ਼੍ਰੀ ਰਾਮ ਧੰਨ, ਹਰਭਜਨ ਕੌਰ, ਗੁਰਦੇਵ ਸਿੰਘ, ਚਮਨ ਲਾਲ, ਦਲਵਿੰਦਰ ਸਿੰਘ, ਰਾਮ ਕਿਸ਼ਨ, ਜਸਵੰਤ ਸਿੰਘ, ਪਰਮਜੀਤ ਸਿੰਘ, ਆਸ਼ਾ ਰਾਣੀ, ਨਰਿੰਦਰ ਕੌਰ, ਮਲਕੀਤ ਕੌਰ ਸਮੇਤ ਕਈ ਹੋਰ ਹਾਜ਼ਰ ਸਨ।



# ਉੱਚੀ ਜਾਤੀ ਦੇ ਲੋਕਾਂ ਨੇ ਦਲਿਤ ਨੌਜਵਾਨ ਨੂੰ ਟਰੈਕਟਰ ਨਾਲ ਬੰਨ੍ਹ ਕੇ ਘੜੀਸਿਆ ਅਤੇ ਫਿਰ ਜਿੰਦਾ ਸਾੜਿਆ

ਭੋਪਾਲ- ਮੱਧ ਪ੍ਰਦੇਸ਼ ਵਿਚ ਪਾਣੀ ਭਰਨ ਦੇ ਵਿਵਾਦ ਦੇ ਕਾਰਨ ਚਾਰ ਲੋਕਾਂ ਨੇ ਮਿਲ ਕੇ ਇਕ ਦਲਿਤ ਲੜਕੇ ਨੂੰ ਜਿੰਦਾ ਸਾੜ ਦਿੱਤਾ। ਮੱਧ ਪ੍ਰਦੇਸ਼ ਦੇ ਬੈਤੂਲ ਜ਼ਿਲ੍ਹੇ ਵਿਚ ਇਹ ਘਟਨਾ ਸਾਹਮਣੇ ਆਈ ਹੈ, ਜਿਸਨੇ ਪੂਰੀ ਇਨਸਾਨੀਅਤ ਨੂੰ ਸ਼ਰਮਸਾਰ ਕਰ ਦਿੱਤਾ ਹੈ। ਅੰਬਾੜਾ ਪਿੰਡ ਵਿਚ ਕਥਿਤ ਉੱਚੀ ਜਾਤੀ ਦੇ ਲੋਕਾਂ ਨੇ ਇਕ ਦਲਿਤ ਲੜਕੇ ਨੂੰ ਟਰੈਕਟਰ ਨਾਲ ਬੰਨ੍ਹ ਕੇ ਪਹਿਲਾਂ ਕੁੱਟਿਆ, ਫਿਰ ਉਸਨੂੰ ਟਰੈਕਟਰ ਨਾਲ ਕਾਫੀ ਦੇਰ ਤੱਕ ਘੜੀਸਣ ਤੋਂ ਬਾਅਦ ਕੈਰੋਸਿਨ ਤੇਲ ਸੁੱਟ ਕੇ ਸਾੜ ਦਿੱਤਾ। ਫਿਲਹਾਲ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਕਮਲੇਸ਼ ਦੇ ਛੋਟੇ ਭਰਾ ਅਜੈ ਦਾ ਪਿੰਡ ਦੀ ਹੀ ਇਕ ਲੜਕੀ ਨਾਲ ਪ੍ਰੇਮ ਸਬੰਧ ਸੀ। ਲੜਕੀ ਦੇ ਘਰਵਾਲਿਆਂ ਨੂੰ ਦੋਵਾਂ ਬਾਰੇ ਪਤਾ ਲੱਗਣ ਤੇ ਉਹਨਾਂ ਨੇ ਕਈ ਵਾਰ ਅਜੈ ਨੂੰ ਧਮਕਾਇਟਾ। ਫਿਰ ਆਪਣੀ ਲੜਕੀ ਨੂੰ ਪ੍ਰੇਸ਼ਾਨ ਕੀਤੇ ਜਾਣ ਦੀ ਸ਼ਿਕਾਇਤ ਪੁਲਿਸ ਕੋਲ ਕੀਤੀ, ਜਿਸ ਤੋਂ ਬਾਅਦ ਪੁਲਿਸ ਨੇ ਅਜੈ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ। ਅਜੈ ਨੇ ਦੱਸਿਆ ਕਿ ਇਕ ਮਹੀਨੇ ਜੇਲ੍ਹ ਵਿਚ ਰਹਿ ਚੁੱਕਾ ਹੈ, ਲੜਕੀ ਦੇ ਘਰ ਵਾਲਿਆਂ ਨੇ ਆਮਲਾ ਥਾਣੇ ਵਿਚ ਉਸ ਦੇ ਖਿਲਾਫ ਦੋ ਵਾਰ ਸ਼ਿਕਾਇਤ ਵੀ ਕੀਤੀ।

ਪਰਿਵਾਰ ਵਾਲਿਆਂ ਦੇ ਕਹਿਣਾ ਹੈ ਕਿ ਕਮਲੇਸ਼ ਅਮਰਲਾਲ ਪੰਡਾਗ੍ਰੇ (32) ਨੂੰ ਬੀਤੀ ਰਾਤ ਪਿੰਡ ਦੇ ਹੀ ਕੁਝ ਲੜਕਿਆਂ ਨੇ ਅਗਵਾ ਕਰ ਲਿਆ। ਉਹ ਉਸਨੂੰ ਪਿੰਡ ਤੋਂ ਕੁਝ ਦੇਰ ਲਿਜਾ ਕੇ ਟਰੈਕਟਰ ਨਾਲ ਬੰਨ੍ਹ ਕੇ ਕੁੱਟਦੇ ਰਹੇ। ਜਦੋਂ ਇੰਨੇ ਵਿਚ ਮਨ ਨਾ ਭਰਿਆ ਤਾਂ ਕਮਲੇਸ਼ ਨੂੰ ਟਰੈਕਟਰ ਨਾਲ ਬੰਨ੍ਹ ਕੇ ਘੜੀਸਿਆ ਅਤੇ ਕੈਰੋਸਿਨ ਪਾ ਕੇ ਉਸਨੂੰ ਜਿੰਦਾ ਸਾੜ ਦਿੱਤਾ।

ਇਸ ਹਾਦਸੇ ਵਿਚ 80 ਫੀਸਦੀ ਤੱਕ ਝੁਲਸ ਚੁੱਕੇ ਕਮਲੇਸ਼ ਨੂੰ ਗੰਭੀਰ ਹਾਲਾਤ ਵਿਚ ਹਸਪਤਾਲ ਲਿਆਂਦਾ, ਜਿੱਥੇ ਉਸਦੀ ਮੌਤ ਹੋ ਗਈ।

## ਦਲਿਤ ਪਿਓ ਨੇ ਮ੍ਰਿਤਕ ਪਸ਼ੂ ਚੁੱਕਣ ਦਾ ਕੰਮ ਛੱਡਿਆ ਤਾਂ ਉਸਦੇ ਨਾਬਾਲਗ ਲੜਕੇ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ



**ਅਹਿਮਦਾਬਾਦ (ਗੁਜਰਾਤ)-** ਅਹਿਮਦਾਬਾਦ ਤੋਂ ਕੇਵਲ 40 ਕਿਲੋਮੀਟਰ ਦੂਰ ਭਾਵਰਾ ਪਿੰਡ ਵਿਚ 15 ਸਾਲ ਦੇ ਦਲਿਤ ਲੜਕੇ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ। ਪਿੰਡ ਦੇ ਦੋ ਲੋਕਾਂ ਨੇ ਉਸਨੂੰ ਸਿਰਫ਼ ਇਸ ਕਰਕੇ ਕੁੱਟਿਆ ਕਿ ਉਸਦੇ ਪਿਤਾ ਨੇ ਮ੍ਰਿਤਕ ਪਸ਼ੂ ਚੁੱਕਣੇ ਬੰਦ ਕਰ ਦਿੱਤੇ ਹਨ। ਲੜਕੇ ਦੇ ਸਰੀਰ ਤੇ ਜ਼ਖਮ ਦੇ ਨਿਸ਼ਾਨ ਉਸ ਤੇ ਹੋਏ ਅੱਤਿਆਚਾਰ ਦੀ ਕਹਾਣੀ ਬਿਆਨ ਕਰਦੇ ਹਨ। ਇਸ ਘਟਨਾ ਨੂੰ 48 ਘੰਟੇ ਬੀਤ ਚੁੱਕੇ ਸਨ, ਪਰ ਹੁਣ ਵੀ ਉਹ ਖੌਫ ਬਰਕਰਾਰ ਹੈ। ਉਸਨੇ ਦੱਸਿਆ ਕਿ ਦੋ ਦਿਨ ਪਹਿਲਾਂ ਅਚਾਨਕ ਉਸਨੂੰ ਰੋਕ ਕੇ ਪਿੰਡ ਦੇ ਦੋ ਲੋਕਾਂ ਨੇ ਉਸ ਤੋਂ ਪੁੱਛਿਆ ਕਿ ਉਹਨਾਂ ਲੋਕਾਂ ਨੇ ਮ੍ਰਿਤਕ ਪਸ਼ੂ ਚੁੱਕਣੇ ਕਿਉਂ ਬੰਦ ਕਰ ਦਿੱਤੇ ਹਨ, ਜਦੋਂ ਉਸਨੇ ਦੱਸਿਆ ਕਿ ਉਸਦਾ ਸਮਾਜ ਹੁਣ ਇਹ ਕੰਮ ਨਹੀਂ ਕਰੇਗਾ, ਤਾਂ ਉਸਦੀ ਰੱਜ ਕੇ ਕੁੱਟਮਾਰ ਕੀਤੀ ਗਈ।

ਪੀੜਤ ਦੇ ਪਿਤਾ ਦਿਨੇਸ਼ ਪਰਮਾਰ ਦਾ ਕਹਿਣਾ ਹੈ ਕਿ ਘਟਨਾ ਕਾਰਨ ਪੂਰੇ ਪਿੰਡ ਵਿਚ ਦਲਿਤ ਭਾਈਚਾਰਾ ਭੈਅਭੀਤ ਹੈ। ਪਿੰਡ ਵਿਚ ਓ. ਬੀ. ਸੀ. ਫਿਰਕੇ ਦਾ ਦਬਦਬਾ ਹੈ। ਪਰਮਾਰ ਦਾ ਕਹਿਣਾ ਹੈ ਕਿ ਉਹਨਾਂ ਨੇ ਊਨਾ ਅੱਤਿਆਚਾਰ ਦੀ ਘਟਨਾ ਤੋਂ ਬਾਅਦ ਮ੍ਰਿਤਕ ਪਸ਼ੂ ਚੁੱਕਣ ਦਾ ਕੰਮ ਬੰਦ ਕਰਨ ਦਾ ਫੈਸਲਾ ਕੀਤਾ ਹੈ।

## ਲੁਟੇਰਿਆ ਵਲੋਂ ਲੁੱਟ ਦੀ ਨੀਅਤ ਨਾਲ ਕੀਤਾ ਗਿਆ ਗ੍ਰੰਥੀ ਦਾ ਬੇਰਹਿਮੀ ਨਾਲ ਕਤਲ

**ਭਿੱਖੀਵਿੰਡ- (ਭੁਪਿੰਦਰ ਸਿੰਘ)** ਥਾਣਾ ਸਰਹਾਲੀ ਦੇ ਅਧੀਨ ਆਉਂਦੇ ਪਿੰਡ ਖਾਰਾ ਵਿਚ ਉਸ ਸਮੇਂ ਸਨਸਨੀ ਫੈਲ ਗਈ ਜਦ ਪਿੰਡ ਦੇ ਬਾਹਰਵਾਰ ਬਣੇ ਡੇਰੇ ਦੇ ਗੁਰਦੁਆਰੇ ਦੇ ਗ੍ਰੰਥੀ ਮੇਜਰ ਸਿੰਘ ਨੂੰ ਲੁਟ ਖੋਹ ਕਰਨ ਆਏ ਕੁਝ ਲੋਕਾਂ ਵਲੋਂ ਕਤਲ ਕਰ ਦਿੱਤਾ ਗਿਆ ਅਤੇ ਡੇਰੇ ਵਿਚੋਂ ਸਮਾਨ ਲੁਟ ਕੇ ਫਰਾਰ ਹੋ ਗਏ ਲੁਟੇਰਿਆ ਵਲੋਂ ਇਹ ਕਤਲ ਵੀ ਬੜੀ ਬੇਰਹਿਮੀ ਨਾਲ ਕੀਤਾ ਗਿਆ ਜਿਸ ਕਮਰੇ ਵਿਚ ਗ੍ਰੰਥੀ ਸਿੰਘ ਸੁਤਾ ਪਿਆ ਸੀ ਉਸ ਮੰਜੇ ਨੂੰ ਅੱਗ ਲਗਾ ਕੇ ਉਸ ਕਮਰੇ ਨੂੰ ਅੱਗ ਲਗਾ ਕੇ ਉਸ ਨੂੰ ਬਾਹਰੋਂ ਬੰਦ ਕਰ ਦਿੱਤਾ ਜਿਸ ਕਰਕੇ ਗ੍ਰੰਥੀ ਸਿੰਘ ਦੀ



ਅੱਗ ਵਿਚ ਝੁਲਸ ਜਾਣ ਕਰਕੇ ਮੌਤ ਹੋ ਗਈ।

ਇਸ ਬਾਰੇ ਮ੍ਰਿਤਕ ਦੇ ਭਰਾ ਮਹਿੰਦਰ ਸਿੰਘ ਨੇ ਦੱਸਿਆ ਕਿ ਮੇਜਰ ਸਿੰਗ ਡੇਰੇ ਵਿਚ ਇਕੱਲਾ ਹੀ ਰਹਿੰਦਾ ਸੀ ਅਤੇ ਹੋ ਸਕਦਾ ਹੈ ਕਿ ਉਸ ਵਲੋਂ ਲੁਟੇਰਿਆ ਨੂੰ ਪਛਾਣ ਲਿਆ ਗਿਆ ਹੋਵੇ ਅਤੇ ਉਨ੍ਹਾਂ ਵਲੋਂ ਇਸ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਹੋਵੇ ਉਨ੍ਹਾਂ ਕਿਹਾ ਇਸ ਮਾਮਲੇ ਵਿਚ ਪੁਲਿਸ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਕਿਸੇ ਹੋਰ ਡੇਰੇ ਵਿਚ ਇਸ ਤਰਾਂ ਦੀ ਘਟਨਾ ਨਾਂ ਵਾਪਰੇ।

ਇਸ ਬਾਰੇ ਥਾਣਾ ਸਰਹਾਲੀ ਦੇ ਐਸ.ਐਚ.ਓ ਗੁਰਵਿੰਦਰ ਸਿੰਘ ਨੇ ਦੱਸਿਆਂ ਕਿ ਇਸ ਘਟਨਾ ਦੀ ਹਰ ਪਹਿਲੂ ਤੋ ਜਾਂਚ ਕੀਤੀ ਜਾ ਰਹੀ ਹੈ ਅਤੇ ਡੋਗ ਸ਼ੁਕੈਡ ਵੀ ਮੰਗਵਾਏ ਗਏ ਹਨ ਪੁਲਿਸ ਵਲੋਂ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਜਲਦੀ ਹੀ ਦੋਸ਼ੀ ਫੜ ਲੈਣ ਦਾ ਦਾਅਵਾ ਵੀ ਕੀਤਾ ਗਿਆ ਉਨ੍ਹਾਂ ਕਿਹਾ ਲੁਟੇਰਿਆ ਵਲੋਂ ਇੱਕ ਏ.ਸੀ, ਇੱਕ ਇਨਵੈਟਰ, ਇੱਕ ਆਰ.ਓ, ਚੋਰੀ ਕੀਤਾ ਗਿਆ ਹੈ।

## ਹੁਣ ਨਿੱਕਾ ਜਿਹਾ 'ਟ੍ਰੈਕ ਆਰ' ਕਰੇਗਾ ਕਮਾਲ ਲੱਭ ਦੇਵੇਗਾ ਤੁਹਾਡਾ ਗੁਆਚਿਆ ਸਾਮਾਨ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਤਕਨੀਕ ਦਿਨੋ-ਦਿਨ ਆਕਾਰ ਵਿਚ ਭਾਵੇਂ ਸੁੰਗੜ ਰਹੀ ਹੈ ਪਰ ਉਸਦਾ ਘੇਰਾ ਵਿਸ਼ਾਲ ਹੁੰਦਾ ਜਾ ਰਿਹਾ ਹੈ। ਮੌਜੂਦਾ ਸਮੇਂ ਵਿਚ ਜੀ.ਪੀ. ਐਸ. ਸਿਸਟਮ ਦੇ ਨਾਲ ਕਾਰਾਂ-ਟਰੱਕਾਂ ਆਦਿ ਨੂੰ ਲੱਭਣ ਵਾਸਤੇ ਤਾਂ ਉਹ ਕਿਸ ਥਾਂ ਹਨ, ਲਈ ਵਰਤਿਆ ਜਾਂਦਾ ਹੈ। ਹੁਣ ਅਮਰੀਕਾ ਦੇ ਕੁਝ ਨੌਜਵਾਨ ਨੇ ਇਕ ਰੁਪਏ ਦੇ ਸਿੱਕੇ ਜਿੰਨਾ 'ਟ੍ਰੈਕ ਆਰ' ਨਾਂਅ ਜਾ ਜੰਤਰ ਬਣਾਇਆ ਹੈ ਜੋ ਕਿ ਫੋਨ ਐਪ ਦੇ ਨਾਲ ਜੁੜਿਆ ਹੁੰਦਾ ਹੈ। ਇਸ ਨਿੱਕੇ ਜਿਹੇ ਟ੍ਰੈਕ ਆਰ ਨੂੰ ਜਿੱਥੇ ਮਰਜ਼ੀ ਫਿੱਟ ਕਰ ਦਿਓ, ਕਿਸੇ ਨੂੰ ਪਤਾ ਵੀ ਨਹੀਂ ਲੱਗੇਗਾ। ਜਦੋਂ ਕਿਤੇ ਟ੍ਰੈਕ ਆਰ ਲੱਗਿਆ ਸਮਾਨ ਚਾਹੇ ਉਹ ਚਾਬੀ ਹੋਵੇ, ਕੁੱਤਾ ਹੋਵੇ, ਪਰਸ ਹੋਵੇ, ਸਾਈਕਲ ਹੋਵੇ, ਅਟੈਚੀ ਹੋਣ, ਕਾਰਾਂ ਤੇ ਹੋਰ ਗੱਡੀਆਂ ਆਦਿ ਹੋਣ ਗੁਆਚ ਜਾਣ ਤਾਂ ਇਸ ਨੂੰ ਝੱਟ ਫੋਨ ਐਪ ਰਾਹੀਂ ਲੱਭਿਆ ਜਾ ਸਕਦਾ ਹੈ। ਇਸਦੀ ਕੀਮਤ ਸਿਰਫ 29 ਅਮਰੀਕੀ ਡਾਲਰ ਰੱਖੀ ਗਈ ਹੈ। ਇਸ ਛੋਟੇ ਜਿਹਾ ਸਿੱਕੇ ਨੂੰ ਬਟੂਏ ਦੇ ਵਿਚ ਰੱਖਿਆ ਜਾ ਸਕਦਾ ਹੈ। ਇਹ ਸਿੱਕਾ ਇਹ ਵੀ ਦਸਦਾ ਹੈ ਕਿ ਤੁਹਾਡੀ ਗੁਆਚੀ ਚੀਜ਼ ਕਿੰਨੀ ਦੂਰ ਹੈ, ਕਿਸ ਜਗ੍ਹਾ ਹੈ। ਇਹ ਵੀ ਦਸਦਾ ਹੈ ਕਿ ਆਖਰੀ ਵਾਰ ਗੁਆਚੀ ਚੀਜ਼ ਕਿਸ ਜਗ੍ਹਾ ਸੀ। ਗੁਆਚੀ ਚੀਜ਼ ਦੇ ਨਾਲ ਲੱਗਾ ਟ੍ਰੈਕ ਆਰ ਘੰਟੀ ਦੀ ਆਵਾਜ਼ ਦੇ ਕੇ ਤੁਹਾਨੂੰ ਸੂਚਿਤ ਕਰੇਗਾ। ਜੇਕਰ ਤੁਹਾਡੀ ਗੁੰਮ ਹੋਈ ਚੀਜ਼ ਦੇ ਕੋਲ ਕੋਈ ਦੂਜਾ ਟਰੈਕ ਆਰ ਯੂਜਰ ਪਹੁੰਚੇਗਾ ਤਾਂ ਵੀ ਤੁਹਾਨੂੰ ਪਤਾ ਲੱਗ ਸਕੇਗਾ। ਜੇਕਰ ਤੁਸੀਂ ਫੋਨ ਕਿਤੇ ਭੁੱਲ ਗਏ ਤਾਂ ਟ੍ਰੈਕ ਆਰ ਤੁਹਾਡਾ ਫੋਨ ਵੀ ਲੱਭੇਗਾ। ਇਸ ਡਿਵਾਈਸ ਨੂੰ ਆਨ ਲਾਈਨ ਮੰਗਵਾਇਆ ਜਾ ਸਕਦਾ ਹੈ।




# ਨਵੀਂ ਅਬਾਦੀ ਦੇ 65 ਪਰਿਵਾਰ ਅਕਾਲੀ ਦਲ 'ਚ ਸ਼ਾਮਲ

**ਬਟਾਲਾ (ਬਰਨਾਲ)-** ਸ਼੍ਰੋਮਣੀ ਅਕਾਲੀ ਦਲ ਨੂੰ ਨਿੱਤ ਦਿਨ ਬਟਾਲਾ ਹਲਕੇ 'ਚ ਲੋਕਾਂ ਵੱਲੋਂ ਭਰਵਾਂ ਸਾਥ ਮਿਲਦਾ ਜਾ ਰਿਹਾ ਹੈ ਅਤੇ ਵੱਡੀ ਗਿਣਤੀ 'ਚ ਪਰਿਵਾਰਾਂ ਦੇ ਪਰਿਵਾਰ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਰਹੇ ਹਨ। ਇਸੇ ਸਿਲਸਲੇ ਤਹਿਤ ਉਮਰਪੁਰਾ ਦੀ ਨਵੀਂ ਅਬਾਦੀ ਦੇ 65 ਪਰਿਵਾਰਾਂ ਨੇ ਸ. ਲਖਬੀਰ ਸਿੰਘ ਲੋਧੀਨੰਗਲ ਦੀ ਰਹਿਨੁਮਾਈ ਹੇਠ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜ ਲਿਆ ਹੈ। ਨਵੀਂ ਅਬਾਦੀ ਵਾਸੀ ਗੁਰਮੀਤ ਸਿੰਘ, ਪਵਨ ਪ੍ਰਭਾਕਰ, ਹਰਵਿੰਦਰ ਸਿੰਘ, ਕੁਲਦੀਪ ਸਿੰਘ, ਗੁਰਨਾਮ ਸਿੰਘ, ਹਰਵਿੰਦਰ ਮਿੰਟੂ, ਕੁਲਵਿੰਦਰ ਸਿੰਘ, ਸਰਵਿੰਦਰ ਸਿੰਘ, ਸੁੱਚਾ ਸਿੰਘ, ਯੋਰਾਵਰ ਸਿੰਘ, ਸਰਵਣ ਸਿੰਘ, ਗੁਰਦਾਸ ਸਿੰਘ, ਪਾਲ ਸਿੰਘ, ਦਮਨ ਬਾਜਵਾ, ਭਰਪੂਰ ਬਾਜਵਾ, ਕਾਲਾ ਉਮਰ-ਪੁਰਾ, ਹਰਮਨ, ਅਮਰਿੰਦਰ ਸਿੰਘ, ਸੂਰਜ, ਰਿੰਕੂ, ਦੀਪਕ, ਹਰਪ੍ਰੀਤ ਸਿੰਘ, ਰਿੰਕੂ, ਅਜੇ ਸਿੰਘ, ਨਵਪ੍ਰੀਤ ਸਿੰਘ, ਗੁਰਬਾਜ ਸਿੰਘ, ਭੁਪਾ ਬਾਜਵਾ ਸਮੇਤ ਵੱਡੀ ਗਿਣਤੀ 'ਚ ਪਰਿਵਾਰਾਂ ਨੂੰ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਕਰਦਿਆਂ ਸ. ਲੋਧੀਨੰਗਲ ਨੇ ਇਨ੍ਹਾਂ ਦਾ ਨਿੱਘਾ ਸਵਾਗਤ ਕੀਤਾ।



ਇਸ ਮੌਕੇ ਸ. ਲਖਬੀਰ ਸਿੰਘ ਲੋਧੀਨੰਗਲ ਨੇ ਕਿਹਾ ਕਿ ਅਕਾਲੀ ਦਲ 'ਚ ਸ਼ਾਮਲ ਹੋਏ ਇਨ੍ਹਾਂ ਪਰਿਵਾਰਾਂ ਨੂੰ ਪਾਰਟੀ 'ਚ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ।

ਸ. ਲਖਬੀਰ ਸਿੰਘ ਲੋਧੀਨੰਗਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇਸ਼ ਦੀ ਸਭ ਤੋਂ ਪੁਰਾਣੀ ਤੇ ਪਰਖੀ ਹੋਈ ਪਾਰਟੀ ਹੈ ਜਿਸਨੇ ਹਮੇਸ਼ਾਂ ਹੀ ਲੋਕ ਹਿੱਤਾਂ ਦੀ ਰਾਖੀ ਕਰਦਿਆਂ ਸ਼ਹਾਦਤਾਂ ਤੱਕ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਜਦੋਂ ਵੀ ਅਕਾਲੀ ਦਲ ਨੂੰ ਸੂਬੇ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਤਾਂ ਪਾਰਟੀ ਨੇ ਸਰਬੱਤ ਦੇ ਭਲੇ ਦੀ ਸੋਚ 'ਤੇ ਚੱਲਦਿਆਂ ਹਰ ਵਰਗ ਦੀ ਭਲਾਈ ਲਈ ਕੰਮ ਕੀਤਾ ਹੈ। ਸ. ਲੋਧੀਨੰਗਲ ਨੇ ਕਿਹਾ ਕਿ ਪਾਰਟੀ ਦੀਆਂ ਨੀਤੀਆਂ ਅਤੇ ਕੀਤੇ ਗਏ ਕੰਮਾਂ ਨੂੰ ਦੇਖਦੇ ਹੋਏ ਅੱਜ ਹਰ ਵਰਗ ਦੇ ਲੋਕ ਅਕਾਲੀ ਦਲ 'ਚ ਸ਼ਾਮਲ ਹੋ ਰਹੇ ਹਨ।

ਉਨ੍ਹਾਂ ਕਿਹਾ ਕਿ ਲੋਕਾਂ ਦਾ ਅਕਾਲੀ ਦਲ ਪ੍ਰਤੀ ਉਤਸ਼ਾਹ ਇਸ ਗੱਲ ਦਾ ਗਵਾਹ ਹੈ ਕਿ ਅਗਾਮੀ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ ਵੱਡੇ ਬਹੁਮਤ ਨਾਲ ਜਿੱਤ ਕੇ ਆਪਣੀ ਸਰਕਾਰ ਬਣਾਵੇਗਾ।




## ਕੁਝ ਸੋਚਦਿਆਂ-ਕੁਝ ਘੋਖਦਿਆਂ

# 'ਪਿੰਡ ਦੀ ਭਲਾਈ-ਲੋਕਾਈ ਤੱਕ ਸਹੂਲਤਾਂ ਦੀ ਰਸਾਈ'

**ਅਸਲ ਵਿੱਚ ਇਸ ਸਾਰੇ ਬਦਲਾਅ ਦੇ ਪਿਛੇ ਸ਼ਹਿਰੀਕਰਨ ਦੀਆਂ ਲੋੜਾਂ ਹਨ। ਵੱਡੇ ਵੱਡੇ ਮਹੱਲ, ਪੱਥਰੀ ਇਮਾਰਤਾਂ, ਵੱਡੀਆਂ ਬੋਝਲ ਸੜਕਾਂ ਅਤੇ ਭਾਰੀ ਭਰਕਮ ਹੋਰ ਬੁਨੀਆਦੀ ਢਾਂਚਾ, ਨਿੱਤ ਵਧਦਾ ਹੀ ਵਧਦਾ ਤੁਰਿਆ ਜਾਂਦਾ ਹੈ। ਇਸ ਸਭ ਕੁਝ ਦਾ ਖਮਿਆਜਾ ਪਿੰਡ ਭੁਗਤ ਰਿਹਾ ਹੈ। ਵਿਕਾਸ ਦੀ ਬਲੀ ਉਤੇ ਪਿੰਡ ਚੜ੍ਹ ਰਿਹਾ ਹੈ। ਬਿਜਲੀ ਦੇ ਮੂਲ ਸਰੋਤ ਪਾਣੀ, ਕੋਲਾ, ਸੂਰਜੀ ਸ਼ਕਤੀ, ਜਾਂ ਫਿਰ ਪੈਟਰੋਲ ਹਨ, ਜੋ ਸ਼ਹਿਰੀ ਜ਼ਿੰਦਗੀ ਦੇ ਮੂਲ ਉਤਪਾਦ ਗਿਣੇ ਜਾਂਦੇ ਹਨ, ਇਨ੍ਹਾਂ ਸਾਧਨਾਂ ਨਾਲ ਉਦਯੋਗ ਚਲਦਾ ਹੈ। ਇਨ੍ਹਾਂ ਸਾਧਨਾਂ ਨਾਲ ਸ਼ਹਿਰੀ ਰੌਸ਼ਨ ਹੁੰਦਾ ਹੈ। ਕੀ ਇਹ ਵਿਡੰਬਨਾ ਨਹੀਂ ਹੈ ਕਿ ਦੁਨੀਆਂ ਦੇ ਦੋ ਅਰਬ ਪੇਂਡੂ ਲੋਕ ਹੁਣ ਵੀ ਬਿਜਲੀ ਤੋਂ ਵਿਰਵੇ ਹਨ?**



ਗੁਰਮੀਤ ਸਿੰਘ ਪਲਾਹੀ
91-98158-02070

ਸਮੁੱਚੀ ਦੁਨੀਆ ਬਦਲ ਰਹੀ ਹੈ, ਪਰ ਮਨੁੱਖ ਦੀ ਸੰਗਠਤ ਹੋ ਕੇ ਇਕੱਠਿਆਂ ਜ਼ਿੰਦਗੀ ਜਿਉਣ ਵਾਲੀ ਇਕਾਈ ਪਿੰਡ ਨਿੱਤ ਉਜਾੜੇ ਵੱਲ ਵਧ ਰਿਹਾ ਹੈ। ਦੁਨੀਆ ਵਿੱਚ ਜਿੰਨੇ ਵੀ ਵੱਡੇ ਬਦਲਾਅ ਇਸ ਵੇਲੇ ਦੇਖਣ ਨੂੰ ਮਿਲ ਰਹੇ ਹਨ, ਉਨ੍ਹਾਂ 'ਚ ਸਭ ਤੋਂ ਵੱਡੇ ਬਦਲਾਅ ਵਜੋਂ ਪਿੰਡਾਂ ਦੀ ਸੰਖਿਆ ਦਾ ਤੇਜ਼ੀ ਨਾਲ ਘਟਣਾ ਹੈ। ਸੰਯੁਕਤ ਰਾਸ਼ਟਰ ਦੇ ਆਰਥਿਕ, ਸਮਾਜਿਕ ਵਿਭਾਗ ਦੀ ਇੱਕ ਤਾਜ਼ਾ ਰਿਪੋਰਟ ਦੇ ਮੁਤਾਬਕ 1995 ਵਿੱਚ ਵਿਸ਼ਵ ਵਿੱਚ ਪਿੰਡਾਂ ਦੀ ਆਬਾਦੀ ਤਿੰਨ ਅਰਬ ਤੋਂ ਉੱਪਰ ਸੀ। ਕਈ ਦਹਾਕਿਆਂ ਬਾਅਦ ਸਾਲ 2015 ਦੇ ਅੰਕੜਿਆਂ ਅਨੁਸਾਰ ਸ਼ਹਿਰਾਂ ਦੀ ਆਬਾਦੀ ਲੱਗਭੱਗ ਦੋ ਗੁਣਾਂ, ਭਾਵ ਚਾਰ ਅਰਬ ਹੋ ਗਈ, ਜਦੋਂ ਕਿ ਪਿੰਡਾਂ ਦੀ ਆਬਾਦੀ ਉਸੇ ਥਾਂ ਟਿਕੀ ਰਹੀ, ਅਰਥਾਤ ਤਿੰਨ ਅਰਬ ਹੀ ਰਹੀ।

ਅੰਕੜੇ ਸਪੱਸ਼ਟ ਕਰਦੇ ਹਨ ਕਿ ਆਉਣ ਵਾਲੇ ਸਮੇਂ ਵਿੱਚ ਪਿੰਡ ਖ਼ਾਲੀ ਹੁੰਦੇ ਜਾਣਗੇ ਅਤੇ ਸ਼ਹਿਰਾਂ ਵਿੱਚ ਆਬਾਦੀ ਦਾ ਦਬਾਅ ਦਮ-ਘੋਟੂ ਹਾਲਤ ਤੱਕ ਵਧ ਜਾਵੇਗਾ। ਪਿਛਲੇ ਦਿਨੀਂ ਅਮਰੀਕਾ ਵਿੱਚ ਪਿੰਡਾਂ ਦੀ ਸਥਿਤੀ ਸੰਬੰਧੀ ਹੋਏ ਸੰਮੇਲਨ ਵਿੱਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਜੇਕਰ ਪਿੰਡਾਂ ਦੀ ਨਿੱਤ ਦਿਨ ਡਾਵਾਂਡੋਲ ਹੋ ਰਹੀ ਸਥਿਤੀ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਦੁਨੀਆ 'ਚ ਪਿੰਡ ਤਾਂ ਕਿਧਰੇ ਲੱਭਣਗੇ ਹੀ ਨਹੀਂ ਅਤੇ ਸ਼ਹਿਰਾਂ ਉੱਤੇ ਦਬਾਅ ਲਗਾਤਾਰ ਵਧਦਾ ਜਾਏਗਾ।

ਇਸ ਸਮੇਂ ਪਿੰਡਾਂ-ਸ਼ਹਿਰਾਂ 'ਚ ਆਬਾਦੀ ਦਾ ਪਰਿਵਰਤਨ ਹੀ ਨਹੀਂ ਆ ਰਿਹਾ, ਬਦਲਦੇ ਹਾਲਾਤ ਵਿੱਚ ਪਿੰਡ ਦਾ ਮੂਲ ਸਮਝੀ ਜਾਂਦੀ ਖੇਤੀ ਵੀ ਇਸ ਤੋਂ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕੀ। ਸਾਲ 2006 ਵਿੱਚ ਦੁਨੀਆ ਭਰ ਵਿੱਚ 38 ਫ਼ੀਸਦੀ ਧਰਤੀ ਉੱਤੇ ਖੇਤੀ ਹੁੰਦੀ ਸੀ। ਸੰਨ 2011 ਤੱਕ ਇਸ ਵਿੱਚ ਇੱਕ ਪ੍ਰਤੀਸ਼ਤ ਦੀ ਗਿਰਾਵਟ ਨੋਟ ਕੀਤੀ ਗਈ। ਆਇਰਲੈਂਡ ਵਿੱਚ 66 ਫ਼ੀਸਦੀ ਭੂਮੀ ਖੇਤੀ ਅਧੀਨ ਸੀ, ਜੋ ਘਟ ਕੇ 65 ਫ਼ੀਸਦੀ ਅਤੇ ਡੈੱਨਮਾਰਕ ਵਿੱਚ 63 ਫ਼ੀਸਦੀ ਤੋਂ 61 ਫ਼ੀਸਦੀ, ਸੁਡਾਨ ਵਿੱਚ 48 ਫ਼ੀਸਦੀ ਤੋਂ 47 ਫ਼ੀਸਦੀ ਰਹਿ ਗਈ। ਕਿਸੇ ਇੱਕ-ਅੱਧੇ ਦੇਸ਼ ਨੂੰ ਛੱਡ ਕੇ ਦੁਨੀਆ ਦੇ ਲੱਗਭੱਗ ਸਾਰੇ ਦੇਸ਼ਾਂ 'ਚ ਖੇਤੀ ਖੇਤਰ 'ਚ ਗਿਰਾਵਟ ਦਾ ਰੁਝਾਨ ਵਧਿਆ।

ਭਾਰਤ ਵਿੱਚ 1992 ਵਿੱਚ ਪੇਂਡੂ ਖੇਤਰ ਵਿੱਚ ਪ੍ਰਤੀ ਵਿਅਕਤੀ ਔਸਤਨ 1.01 ਹੈਕਟੇਅਰ ਭੂਮੀ ਸੀ, ਜੋ 2013 'ਚ ਘਟ ਕੇ 0.592 ਹੈਕਟੇਅਰ ਰਹਿ ਗਈ। ਕੀ ਖੇਤੀ ਖੇਤਰ ਵਿੱਚ ਇਹੋ ਜਿਹੀ ਘਾਟ ਅੱਛਾ ਸੰਕੇਤ ਹੈ? ਅਸਲ ਵਿੱਚ ਇਹ ਸਪੱਸ਼ਟ ਇਸ਼ਾਰਾ ਹੈ ਕਿ ਕਿਸਾਨਾਂ ਦਾ ਖੇਤੀ ਵੱਲ ਰੁਝਾਨ ਘਟਿਆ ਹੈ। ਖੇਤੀ ਖੇਤਰ ਦੇ ਘਟਣ ਨਾਲ ਖ਼ੁਰਾਕ ਸੁਰੱਖਿਆ ਦੇ ਦ੍ਰਿਸ਼ਟੀਕੋਣ ਦੇ ਮੱਦੇ-ਨਜ਼ਰ ਦੇਸ਼ ਅਣਸੁਰੱਖਿਅਤ ਹੋ ਰਹੇ ਹਨ, ਜਿਸ ਨਾਲ ਵਪਾਰਕ ਖੇਤੀ ਨੂੰ ਉਤਸ਼ਾਹ ਮਿਲ ਰਿਹਾ ਹੈ। ਰਸਾਇਣ-ਯੁਕਤ ਖੇਤੀ ਦਾ ਪ੍ਰਚਲਣ ਵਧ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਸਾਡੀ ਨਿੱਤ ਦੀ ਭੋਜਨ ਥਾਲੀ ਰਸਾਇਣ-ਯੁਕਤ ਹੋ ਰਹੀ ਹੈ ਅਤੇ ਫ਼ਸਲਾਂ ਵਿੱਚ ਸਥਾਨਕ ਫ਼ਸਲਾਂ ਦਾ ਜਿਵੇਂ ਖ਼ਾਤਮਾ ਹੀ ਹੋ ਰਿਹਾ ਹੈ। ਇਹ ਕਦੇ ਪੇਂਡੂਆਂ ਦਾ ਸਥਾਨਕ ਅਮੀਰ ਭੋਜਨ ਗਿਣਿਆ ਜਾਂਦਾ ਸੀ, ਜਿਸ ਦੇ ਆਸਰੇ ਉਹ ਕੁਦਰਤ ਦੀ ਗੋਦ ਵਿੱਚ ਬੈਠ ਕੇ ਸਾਫ਼-ਸੁਥਰਾ, ਪ੍ਰਦੂਸ਼ਣ-ਰਹਿਤ ਜੀਵਨ ਬਤੀਤ ਕਰਦੇ ਸਨ। ਮੌਜੂਦਾ ਸਮੇਂ 'ਚ ਬਦਲਦੀ ਦੁਨੀਆ 'ਚ ਜੇਕਰ ਮਨੁੱਖ ਨੇ ਕੁਝ ਸਭ ਤੋਂ ਵੱਧ ਗੁਆਇਆ ਹੈ ਤਾਂ ਉਹ ਕੁਦਰਤੀ ਜੰਗਲ, ਨਦੀਆਂ ਅਤੇ ਗਲੇਸ਼ੀਅਰ ਹਨ, ਜਿਨ੍ਹਾਂ ਦਾ ਵੱਡਾ ਅਸਰ ਵਿਸ਼ਵ ਦੇ ਪੇਂਡੂ ਖਿੱਤੇ ਉੱਤੇ ਪਿਆ ਹੈ। ਅੰਕੜੇ ਗਵਾਹ ਹਨ ਕਿ ਦੁਨੀਆ ਦੇ ਕੁਦਰਤੀ ਜੰਗਲਾਂ ਦਾ ਵਿਨਾਸ਼ ਹੋਇਆ ਹੈ। ਭਾਰਤ ਵਿੱਚ ਇਸ ਸਮੇਂ ਸਿਰਫ਼ 23 ਫ਼ੀਸਦੀ ਜੰਗਲ ਬਚਿਆ ਹੈ, ਬਾਕੀ ਸਭ ਵਿਕਾਸ ਦੀ ਭੇਂਟ ਚੜ੍ਹ ਗਿਆ। ਦੁਨੀਆ ਦੇ ਦੂਸਰੇ ਦੇਸ਼ਾਂ ਵਿੱਚ ਵੀ ਗਿਰਾਵਟ ਆਈ। ਉਦਾਹਰਣ ਵਜੋਂ ਜ਼ਿੰਬਾਬਵੇ ਵਿੱਚ 2011 ਵਿੱਚ 40 ਫ਼ੀਸਦੀ ਭੂਮੀ 'ਤੇ ਜੰਗਲ ਸਨ, ਜੋ ਹੁਣ ਘਟ ਕੇ 36 ਫ਼ੀਸਦੀ ਰਹਿ ਗਏ ਹਨ। ਇਹ ਜੰਗਲ ਹੀ ਹਨ, ਜੋ ਧਰਤੀ ਉੱਤੇ ਪਾਣੀ, ਮਿੱਟੀ ਅਤੇ ਸਾਫ਼-ਸੁਥਰੀ ਹਵਾ ਪੈਦਾ ਕਰਦੇ ਹਨ। ਜੇਕਰ ਪ੍ਰਿਥਵੀ ਉੱਤੇ ਬਦਲਦੇ ਮੌਸਮ ਵਿੱਚ ਤਾਪਮਾਨ ਉੱਤੇ ਕੋਈ ਨਿਯੰਤਰਣ ਰੱਖ ਸਕਦਾ ਹੈ ਤਾਂ ਉਹ ਜੰਗਲ ਹਨ। ਵਿਸ਼ਵ ਵਿੱਚ ਵਧ ਰਹੀ ਵਪਾਰਕ ਬਿਰਤੀ ਇਹਨਾਂ ਨੂੰ ਨਿੱਤ ਖ਼ਾਤਮੇ ਵੱਲ ਲੈ ਕੇ ਜਾ ਰਹੀ ਹੈ। ਇਸ ਦਾ ਅਸਰ ਮੁੱਢਲੇ ਤੌਰ ਉੱਤੇ ਪੇਂਡੂ ਜੀਵਨ ਉੱਪਰ ਪੈ ਰਿਹਾ ਹੈ ਅਤੇ ਪੇਂਡੂ ਲੋਕ, ਜੋ ਕੁਦਰਤੀ ਅਮਲ ਦੇ ਰਾਖੇ ਗਿਣੇ ਜਾਂਦੇ ਹਨ, ਰੋਟੀ-ਰੋਜ਼ੀ ਤੇ ਚੰਗੇ ਜੀਵਨ ਦੀ ਭਾਲ ਵਿੱਚ ਸ਼ਹਿਰਾਂ ਵੱਲ ਭੱਜਣ ਲਈ ਮਜਬੂਰ ਹੋ ਰਹੇ ਹਨ।

ਜੰਗਲਾਂ ਤੋਂ ਬਾਅਦ ਨਦੀਆਂ ਦਾ ਜਿਸ ਢੰਗ ਨਾਲ ਦੁਨੀਆ 'ਚ ਸ਼ਹਿਰੀਕਰਨ ਨੇ ਵਿਨਾਸ਼ ਕੀਤਾ ਹੈ, ਉਸ ਦਾ ਕਾਰਨ ਵੀ ਪਿੰਡਾਂ ਦਾ ਘਟਣਾ ਬਣ ਰਿਹਾ ਹੈ। ਭਾਵੇਂ ਵਿਕਸਤ ਦੇਸ਼ ਅਮਰੀਕਾ ਹੋਵੇ ਜਾਂ ਫਿਰ ਚੀਨ, ਜਾਪਾਨ, ਪਿਛਲੇ ਦੋ ਦਹਾਕਿਆਂ 'ਚ ਸਾਰੇ ਦੇਸ਼ਾਂ ਨੇ ਨਦੀਆਂ ਨੂੰ ਗੁਆਇਆ ਹੈ। ਪਾਣੀ ਦੀ ਮਾਤਰਾ ਅਤੇ ਗੁਣਵਤਾ ਦਾ ਵੱਡਾ ਨੁਕਸਾਨ ਅੱਜ ਦੁਨੀਆ 'ਚ ਵੇਖਣ ਨੂੰ ਮਿਲ ਰਿਹਾ ਹੈ। ਸ਼ਹਿਰਾਂ ਦਾ ਕਚਰਾ, ਕੈਮੀਕਲ ਵਗੈਰਾ ਨਦੀਆਂ ਨੂੰ ਮਾਰਨ ਦਾ ਕਾਰਨ ਬਣ ਰਹੇ ਹਨ। ਗਲੇਸ਼ੀਅਰਾਂ ਦਾ ਪਿਘਲਣਾ ਵੀ ਵਧਦੇ ਸ਼ਹਿਰਾਂ ਦਾ ਸਿੱਟਾ ਹੈ। ਦੁਨੀਆ ਦਾ ਸਭ ਤੋਂ ਵੱਡਾ ਐਨਟਾਰਕਟਿਕਾ ਗਲੇਸ਼ੀਅਰ ਆਪਣਾ ਆਕਾਰ ਗੁਆ ਰਿਹਾ ਹੈ। ਸਾਰੀਆਂ ਥਾਂਵਾਂ ਉੱਤੇ ਧਰਤੀ ਦਾ ਵਧ ਰਿਹਾ ਤਾਪਮਾਨ ਗਲੇਸ਼ੀਅਰਾਂ ਉੱਤੇ ਹਮਲਾ ਹੈ।

ਅਸਲ ਵਿੱਚ ਇਸ ਸਾਰੇ ਬਦਲਾਅ ਦੇ ਪਿੱਛੇ ਸ਼ਹਿਰੀਕਰਨ ਦੀਆਂ ਲੋੜਾਂ ਹਨ। ਵੱਡੇ-ਵੱਡੇ ਮਹੱਲ, ਕੰਕਰੀਟ ਦੀਆਂ ਇਮਾਰਤਾਂ, ਵੱਡੀਆਂ- ਬੋਝਲ ਸੜਕਾਂ ਅਤੇ ਹੋਰ ਬੁਨਿਆਦੀ ਢਾਂਚਾ ਨਿੱਤ ਵਧਦਾ ਹੀ ਵਧਦਾ ਤੁਰਿਆ ਜਾਂਦਾ ਹੈ। ਇਸ ਸਭ ਕੁਝ ਦਾ ਖਮਿਆਜ਼ਾ ਪਿੰਡ ਭੁਗਤ ਰਿਹਾ ਹੈ। ਵਿਕਾਸ ਦੀ ਬਲੀ ਉੱਤੇ ਪਿੰਡ ਚੜ੍ਹ ਰਿਹਾ ਹੈ। ਬਿਜਲੀ ਦੇ ਮੂਲ ਸਰੋਤ ਪਾਣੀ, ਕੋਲਾ, ਸੂਰਜੀ ਸ਼ਕਤੀ, ਜਾਂ ਫਿਰ ਪੈਟਰੋਲ ਹਨ, ਜੋ ਸ਼ਹਿਰੀ ਜ਼ਿੰਦਗੀ ਦੇ ਮੂਲ ਉਤਪਾਦ ਗਿਣੇ ਜਾਂਦੇ ਹਨ। ਇਨ੍ਹਾਂ ਸਾਧਨਾਂ ਨਾਲ ਉਦਯੋਗ ਚੱਲਦਾ ਹੈ। ਇਨ੍ਹਾਂ ਸਾਧਨਾਂ ਨਾਲ ਸ਼ਹਿਰ ਰੌਸ਼ਨ ਹੁੰਦਾ ਹੈ। ਕੀ ਇਹ ਵਿਡੰਬਨਾ ਨਹੀਂ ਹੈ ਕਿ ਦੁਨੀਆ ਦੇ ਦੋ ਅਰਬ ਪੇਂਡੂ ਲੋਕ ਹੁਣ ਵੀ ਬਿਜਲੀ ਤੋਂ ਵਿਰਵੇ ਹਨ? ਸ਼ਹਿਰਾਂ ਵਿੱਚ ਸਾਫ਼ ਪਾਣੀ ਹੈ, ਬਿਜਲੀ ਹੈ, ਉਦਯੋਗ ਹੈ, ਸੁਵਿਧਾਵਾਂ ਹਨ, ਠਾਠ-ਬਾਠ ਹੈ। ਪਿੰਡ ਇਨ੍ਹਾਂ ਸਹੂਲਤਾਂ ਦੀ ਹੇਠਲੀ ਪੱਧਰ ਉੱਤੇ ਬੈਠੇ ਨਰਕੀ ਜੀਵਨ ਭੋਗ ਰਹੇ ਹਨ। ਵਿਕਾਸ ਦਾ ਲਾਭ ਮੁੱਖ ਤੌਰ 'ਤੇ ਸ਼ਹਿਰਾਂ ਨੂੰ ਹੁੰਦਾ ਰਿਹਾ ਹੈ, ਤੇ ਪਿੰਡ ਪ੍ਰਬੰਧਨ ਅਤੇ ਕੌਸ਼ਲ ਵਿਕਾਸ ਦੀ ਅਣਹੋਂਦ ਕਾਰਨ ਕਿਨਾਰੇ 'ਤੇ ਬੈਠਾ ਹੈ। ਸਿੱਟੇ ਵਜੋਂ ਸ਼ਹਿਰ ਦੀ ਜੀ ਡੀ ਪੀ ਵਧੀ ਹੈ, ਪਰ ਪਿੰਡ ਦੀ ਜੀ ਡੀ ਪੀ ਘਟੀ ਹੈ ਜਾਂ ਸਥਿਰ ਹੋ ਕੇ ਰਹਿ ਗਈ ਹੈ। ਇਸ ਸਭ ਕੁਝ ਦੇ ਚੱਲਦਿਆਂ ਸਿਰਫ਼ ਸ਼ਹਿਰਾਂ-ਪਿੰਡਾਂ 'ਚ ਹੀ ਆਪਸੀ ਆਰਥਿਕ ਪਾੜਾ ਨਹੀਂ ਵਧਿਆ, ਸਗੋਂ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਵੀ ਆਰਥਿਕ ਅਸਮਾਨਤਾ ਵਧੀ ਹੈ। ਸ਼ਹਿਰਾਂ ਨਾਲੋਂ ਪਿੰਡਾਂ ਵਿੱਚ ਗ਼ਰੀਬਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋਇਆ ਹੈ।

ਪਿੰਡਾਂ ਦੀ ਇਹੋ ਜਿਹੀ ਸਥਿਤੀ ਸਾਡੇ ਲਈ ਵੱਡੇ ਪ੍ਰਸ਼ਨ ਖੜੇ ਕਰਦੀ ਹੈ। ਕਿਹੋ ਜਿਹਾ ਹੋਵੇਗਾ ਦੁਨੀਆ ਦਾ ਆਉਣ ਵਾਲਾ ਸਮਾਂ? ਜੇਕਰ ਇੰਜ ਹੀ ਸ਼ਹਿਰ ਪ੍ਰਫੁੱਲਤ ਹੁੰਦਾ ਰਿਹਾ ਤੇ ਪਿੰਡ ਕਮਜ਼ੋਰ ਹੁੰਦੇ ਰਹੇ ਤਾਂ ਪਿੰਡ ਖ਼ਾਲੀ ਹੁੰਦੇ ਚਲੇ ਜਾਣਗੇ ਤੇ 2050 ਤੱਕ ਹਾਲਾਤ ਵਿਸਫੋਟਕ ਹੋ ਜਾਣਗੇ। ਇਸ ਦੀ ਸਭ ਤੋਂ ਵੱਡੀ ਮਾਰ ਕੁਦਰਤੀ ਉਤਪਾਦਾਂ ਭੋਜਨ, ਪਾਣੀ, ਹਵਾ, ਮਿੱਟੀ ਉੱਤੇ ਪਵੇਗੀ, ਜੋ ਸਿੱਧੇ ਤੌਰ 'ਤੇ ਪਿੰਡਾਂ ਨਾਲ ਜੁੜੇ ਹੋਏ ਹਨ। ਹਾਲਾਤ ਕਿਹੋ ਜਿਹੇ ਹੋ ਜਾਣਗੇ, ਇਸ ਦੀ ਉਦਾਹਰਣ ਵੈਨਜ਼ੂਏਲਾ ਹੈ।

ਇਹ ਦੇਸ਼ ਤੇਲ ਦੇ ਮਾਮਲੇ 'ਚ ਅਮੀਰ ਹੈ। ਇਥੇ ਸਭ ਕੁਝ ਸੀ, ਪਰ ਭੋਜਨ ਦੇ ਲਾਲੇ ਪੈ ਗਏ। ਖ਼ੁਰਾਕੀ ਪਦਾਰਥਾਂ ਦੀ ਕਮੀ ਕਾਰਨ ਖ਼ੁਰਾਕ ਯੁੱਧ ਵਰਗੀ ਸਥਿਤੀ ਪੈਦਾ ਹੋ ਗਈ। ਅਤੇ ਸਥਿਤੀ ਭਾਰਤ ਦੇਸ਼ ਵਿੱਚ ਵੀ ਸੁਖਾਵੀਂ ਨਹੀਂ ਕਹੀ ਜਾ ਸਕਦੀ। ਸਾਲ 1951 ਵਿੱਚ ਦੇਸ਼ ਦੀ ਸ਼ਹਿਰੀ ਆਬਾਦੀ 62.4 ਮਿਲੀਅਨ ਸੀ, ਜੋ ਛੇ ਗੁਣਾਂ ਵਧ ਕੇ 2011 ਵਿੱਚ 377 ਮਿਲੀਅਨ ਹੋ ਗਈ, ਜਦੋਂ ਕਿ ਪੇਂਡੂ ਆਬਾਦੀ, ਜੋ 1951 ਵਿੱਚ 298 ਮਿਲੀਅਨ ਸੀ, ਪੌਣੇ ਤਿੰਨ ਗੁਣਾਂ (2.75 ਗੁਣਾਂ) ਹੀ ਵਧੀ ਤੇ 2011 ਵਿੱਚ 833 ਮਿਲੀਅਨ ਹੋਈ। ਭਾਵ ਭਾਰਤ ਵਿੱਚ ਵੀ ਪਿੰਡਾਂ ਵੱਲੋਂ ਸ਼ਹਿਰਾਂ ਵੱਲ ਆਬਾਦੀ ਦਾ ਚਾਲਾ ਲਗਾਤਾਰ ਵਧਿਆ ਹੈ।

ਕਿਉਂਕਿ ਜੀਵਨ ਨਾਲ ਜੁੜੇ ਹੋਏ ਉਤਪਾਦਾਂ ਦੀ ਪੈਦਾਵਾਰ ਮੁੱਖ ਤੌਰ 'ਤੇ ਪਿੰਡਾਂ ਨਾਲ ਜੁੜੀ ਹੋਈ ਹੈ, ਇਸ ਲਈ ਪੂਰੇ ਵਿਸ਼ਵ ਨੂੰ ਪਿੰਡਾਂ ਦੀ ਤਰੱਕੀ ਪ੍ਰਤੀ ਕੇਂਦਰਤ ਹੋਣਾ ਪਵੇਗਾ। ਨਹੀਂ ਤਾਂ ਵੱਡੀਆਂ ਸ਼ਹਿਰੀ ਸੁਵਿਧਾਵਾਂ ਦੇ ਢੇਰ ਉੱਤੇ ਮਨੁੱਖ ਜਾਤੀ ਦੋ-ਹੱਥੜਾ ਮਾਰ ਕੇ ਰੋਂਦੀ ਨਜ਼ਰ ਆਏਗੀ।

ਮੋਹਨ ਦਾਸ ਕਰਮ ਚੰਦ ਗਾਂਧੀ ਦੇ ਇਹ ਸ਼ਬਦ, 'ਜੇ ਪਿੰਡ ਨਸ਼ਟ ਹੋਣਗੇ ਤਾਂ ਭਾਰਤ ਵੀ ਨਸ਼ਟ ਹੋ ਜਾਏਗਾ। ਪਿੰਡਾਂ ਦਾ ਕਲਿਆਣ ਤਦੇ ਹੋਏਗਾ, ਜੇਕਰ ਇਨ੍ਹਾਂ ਦਾ ਹੋਰ ਸ਼ੋਸ਼ਣ ਨਾ ਹੋਵੇ', ਪੂਰੇ ਵਿਸ਼ਵ ਨੂੰ ਯਾਦ ਰੱਖਣੇ ਹੋਣਗੇ।

# ਅੰਬੇਡਕਰ ਚਾਹੁੰਦੇ ਸਨ ਕਿ ਅਛੂਤਾਂ ਦੇ ਆਪਣੇ ਉਮੀਦਵਾਰ ਅਤੇ ਆਪਣੇ ਚੋਣ ਖੇਤਰ ਹੋਣ


## ਵਰਨਾ ਉਹਨਾਂ ਦੀ ਕਿਤੇ ਵੀ ਕਿਸੇ ਵੀ ਸੰਸਦ ਵਿਚ ਪ੍ਰਤੀਨਿਧਤਾ ਨਹੀਂ ਹੋਵੇਗੀ ਭਾਰਤ ਵਿਚ ਇਕ ਮੋਚੀ ਅਛੂਤ ਹੈ, ਕੌਣ ਇਕ ਮੋਚੀ ਨੂੰ ਵੋਟ ਦੇਵੇਗਾ? ਕੌਣ ਉਸਨੂੰ ਵੋਟ ਦੇਣ ਜਾ ਰਿਹਾ ਹੈ- *ਪੂਨਾ ਪੈਕਟ 'ਤੇ ਓਸ਼ੋ ਦੇ ਵਿਚਾਰ*

ਅੰਬੇਡਕਰ ਚਾਹੁੰਦੇ ਸਨ ਕਿ ਅਛੂਤਾਂ ਦੇ ਆਪਣੇ ਉਮੀਦਵਾਰ ਅਤੇ ਆਪਣੇ ਚੋਣ ਖੇਤਰ ਹੋਣ, ਵਰਨਾ ਉਹਨਾਂ ਦੀ ਕਿਤੇ ਵੀ, ਕਦੀ ਵੀ ਸੰਸਦ ਵਿਚ ਪ੍ਰਤੀਨਿਧਤਾ ਨਹੀਂ ਹੋਵੇਗੀ। ਭਾਰਤ ਵਿਚ ਇਕ ਮੋਚੀ ਅਛੂਤ ਹੈ, ਕੌਣ ਮੋਚੀ ਨੂੰ ਵੋਟ ਦੇਵੇਗਾ। ਅੰਬੇਡਕਰ ਬਿਲਕੁਲ ਸਹੀ ਸਨ। ਦੇਸ਼ ਦੀ ਇਕ ਚੌਥਾਈ ਆਬਾਦੀ ਅਛੂਤ ਹੈ। ਸਕੂਲਾਂ ਵਿਚ ਜਾਣ ਦੇ ਲਈ ਉਹਨਾਂ ਨੂੰ ਆਗਿਆ ਨਹੀਂ ਹੈ, ਹੋਰ ਵਿਦਿਆਰਥੀ ਉਹਨਾਂ ਦੇ ਨਾਲ ਬੈਠਣ ਲਈ ਤਿਆਰ ਨਹੀਂ ਹਨ, ਕੋਈ ਅਧਿਆਪਕ ਉਹਨਾਂ ਨੂੰ ਸਿਖਾਉਣ ਦੇ ਲਈ ਤਿਆਰ ਨਹੀਂ ਹੈ।

ਸਰਕਾਰ ਕਹਿੰਦੀ ਹੈ ਕਿ ਸਰਕਾਰੀ ਸਕੂਲ ਖੁੱਲ੍ਹੇ ਹਨ, ਪਰ ਅਸਲੀਅਤ ਵਿਚ ਕੋਈ ਇਕ ਅਛੂਤ ਵਿਦਿਆਰਥੀ ਕਲਾਸ ਵਿਚ ਪ੍ਰਵੇਸ਼ ਕਰਦਾ ਹੈ ਤਾਂ ਸਾਰੇ ਤੀਹ ਵਿਦਿਆਰਥੀ ਕਲਾਸ ਛੱਡਦੇ ਹਨ। ਅਧਿਆਪਕ ਵਰਗ ਕਲਾਸ ਛੱਡ ਦਿੰਦਾ ਹੈ ਤਾਂ ਫਿਰ ਕਿਵੇਂ ਇਹਨਾਂ ਗਰੀਬ ਲੋਕਾਂ ਦਾ, ਜੋ ਇਸ ਦੇਸ਼ ਦਾ ਚੌਥਾਈ ਹਿੱਸਾ ਹਨ, ਪ੍ਰਤੀਨਿਧਤਾ ਦਿੱਤੀ ਜਾ ਰਹੀ ਹੈ? ਇਸ ਕਰਕੇ ਉਹਨਾਂ ਨੂੰ ਅਲੱਗ ਚੋਣ ਖੇਤਰ ਦਿੱਤੇ ਜਾਣੇ ਚਾਹੀਦੇ ਹਨ। ਜਿੱਥੇ ਕੇਵਲ ਉਹ ਖੜ੍ਹੇ ਹੋ ਸਕਣ ਅਤੇ ਕੇਵਲ ਉਹ ਹੀ ਵੋਟ ਪਾ ਸਕਦੇ ਹੋਣ।

ਅੰਬੇਡਕਰ ਪੂਰੀ ਤਰ੍ਹਾਂ ਤਰਕਸੰਗਤ ਅਤੇ ਪੂਰੀ ਤਰ੍ਹਾਂ ਸਹੀ ਸਨ। ਪਰ ਗਾਂਧੀ ਭੁੱਖ ਹੜਤਾਲ ਤੇ ਚਲਿਆ ਗਿਆ। ਉਹਨਾਂ ਨੇ ਕਿਹਾ ਕਿ ਅੰਬੇਡਕਰ ਹਿੰਦੂ ਸਮਾਜ ਦੇ ਅੰਦਰ ਇਕ ਵੰਡ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਵੰਡ ਦਸ ਹਜ਼ਾਰ ਸਾਲ ਤੋਂ ਹੋਂਦ ਵਿਚ ਹੈ। ਇਹੀ ਕਾਰਨ ਹੈ ਕਿ ਗਰੀਬ ਅੰਬੇਡਕਰ ਵੰਡ ਪੈਦਾ ਨਹੀਂ ਕਰ ਰਹੇ ਸਨ, ਉਹ ਸਿਰਫ ਇੰਨਾ ਕਹਿ ਰਹੇ ਸਨ ਕਿ ਹਜ਼ਾਰਾਂ ਸਾਲਾਂ ਤੋਂ ਦੇਸ਼ ਦੇ ਇਕ ਚੌਥਾਈ ਲੋਕਾਂ ਤੇ ਅੱਤਿਆਚਾਰ ਕੀਤਾ ਗਿਆ ਹੈ। ਹੁਣ ਘੱਟ ਤੋਂ ਘੱਟ ਉਹਨਾਂ ਨੂੰ ਖੁਦ ਨੂੰ ਅੱਗੇ ਲਿਆਉਣਦਾ ਇਕ ਮੌਕਾ ਦਿਓ। ਘੱਟ ਤੋਂ ਘੱਟ ਉਹਨਾਂ ਨੂੰ ਵਿਧਾਨ ਸਭਾਵਾਂ ਵਿਚ, ਸੰਸਦ ਵਿਚ ਉਹਨਾਂ ਦੀਆਂ ਸਮੱਸਿਆਵਾਂ ਨੂੰ ਆਵਾਜ਼ ਦਿਓ ਪਰ ਗਾਂਧੀ ਨੇ ਕਿਹਾ, ਜਦੋਂ ਤੱਕ ਮੈਂ ਜਿੰਦਾ ਹਾਂ, ਮੈਂ ਇਸਦੀ ਆਗਿਆ ਨਹੀਂ ਦੇ ਸਕਦਾ, ਉਸਨੇ ਕਿਹਾ ਕਿ ਉਹ ਹਿੰਦੂ ਸਮਾਜ ਦਾ ਹਿੱਸਾ ਹੈ, ਇਸ ਕਰਕੇ ਅਛੂਤ ਇਕ ਅਲੱਗ ਵੋਟਿੰਗ ਪ੍ਰਣਾਲੀ ਦੀ ਮੰਗ ਨਹੀਂ ਕਰ ਸਕਦੇ ਅਤੇ ਗਾਂਧੀ ਮਰਨ ਵਰਤ ਤੇ ਚਲਿਆ ਗਿਆ। 21 ਦਿਨਾਂ ਦੇ ਲਈ ਅੰਬੇਡਕਰ ਚੁੱਪ ਰਹੇ ਪਰ ਹਰ ਦਿਨ ਪੂਰੇ ਦੇਸ਼ ਦਾ ਦਬਾਅ ਉਹਨਾਂ ਤੇ ਆਉਂਦਾ ਜਾ ਰਿਹਾ ਸੀ ਅਤੇ ਉਹਨਾਂ ਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਜੇਕਰ ਉਹ ਬੁੱਢਾ ਆਦਮੀ ਮਰ ਜਾਂਦਾ ਹੈ ਤਾਂ ਖੂਨ ਖਰਾਬਾ ਆਰੰਭ ਹੋ ਜਾਵੇਗਾ।



ਜੇਕਰ ਗਾਂਧੀ ਦੀ ਮੌਤ ਹੋ ਗਈ ਤਾਂ ਇਹ ਸਪਸ਼ਟ ਸੀ ਕਿ ਅੰਬੇਡਕਰ ਨੂੰ ਤੁਰੰਤ ਮਰ ਦਿੱਤਾ ਜਾਵੇਗਾ ਅਤੇ ਲੱਖਾਂ ਅਛੂਤਾਂ ਨੂੰ ਪੂਰੇ ਦੇਸ਼ ਵਿਚ ਹਰ ਜਗ੍ਹਾ ਮਾਰਿਆ ਜਾਵੇਗਾ ਕਿਉਂਕਿ ਇਹ ਮੰਨਿਆ ਜਾਵੇਗਾ ਕਿ ਇਹ ਤੁਹਾਡੇ ਕਾਰਨ ਹੋਇਆ ਹੈ। ਅੰਬੇਡਕਰ ਨੂੰ ਸਾਰੀ ਗਣਿਤ ਸਮਝਾ ਆ ਰਹੀ ਸੀ ਕਿ ਜ਼ਿਆਦਾ ਨਹੀਂ, ਉਹ ਤਿੰਨ ਦਿਨ ਤੋਂ ਜ਼ਿਆਦਾ ਜਿਉਂਦਾ ਨਹੀਂ ਰਹਿ ਸਕਦਾ, ਕੁਝ ਦਿਨਾਂ ਵਿਚ ਸਭ ਬਾਹਰ ਆਉਣ ਵਾਲਾ ਹੈ। ਅੰਬੇਡਕਰ ਝਿਜਕ ਰਹੇ ਸਨ।

ਅੰਬੇਡਕਰ ਪੂਰੀ ਤਰ੍ਹਾਂ ਨਾਲ ਸਹੀ ਸਨ, ਗਾਂਧੀ ਪੂਰੀ ਤਰ੍ਹਾਂ ਗਲਤ ਸੀ। ਪਰ ਕੀ ਕਰਨਾ ਚਾਹੀਦਾ ਸੀ? ਕੀ ਉਹਨਾਂ ਨੂੰ ਰਿਸਕ ਲੈਣਾ ਚਾਹੀਦਾ ਸੀ? ਅੰਬੇਡਕਰ ਆਪਣੇ ਜੀਵਨ ਦੇ ਬਾਰੇ ਚਿੰਤਤ ਨਹੀਂ ਸਨ ਪਰ ਜੇਕਰ ਉਹਨਾਂ ਨੂੰ ਮਾਰ ਦਿੱਤਾ ਜਾਂਦਾ ਤਾਂ ਕੋਈ ਗੱਲ ਨਹੀਂ ਪਰ ਉਹ ਲੱਖਾਂ ਗਰੀਬ ਲੋਕਾਂ ਦੇ ਬਾਰੇ ਚਿੰਤਤ ਸਨ ਜੋ ਇਹ ਵੀ ਨਹੀਂ ਜਾਣਦੇ ਸਨ ਕਿ ਆਖਿਰ ਚੱਲ ਕੀ ਰਿਹਾ ਹੈ।

ਉਹਨਾਂ ਦੇ ਘਰਾਂ ਨੂੰ ਸਾੜ ਦਿੱਤਾ ਜਾਵੇਗਾ, ਉਹਨਾਂ ਦੀਆਂ ਔਰਤਾਂ ਨਾਲ ਬਲਾਤਕਾਰ ਕੀਤੇ ਜਾਣਗੇ, ਉਹਨਾਂ ਦੇ ਬੱਚਿਆਂ ਨੂੰ ਬੇਰਹਿਮੀ ਨਾਲ ਕੱਟ ਦਿੱਤਾ ਜਾਵੇਗਾ। ਅਤੇ ਉਹ ਸਭ ਕੁਝ ਹੋਵੇਗਾ ਜੋ ਪਹਿਲਾਂ ਕਦੀ ਨਹੀਂ ਹੋਇਆ ਸੀ।

ਆਖਿਰਕਾਰ ਉਹਨਾਂ ਨੇ ਗਾਂਧੀ ਦੀਆਂ ਸ਼ਰਤਾਂ ਨੂੰ ਮੰਨਣਾ ਪਿਆ ਅਤੇ ਖੁਦ ਜੂਸ ਪਿਆ ਕੇ ਉਸ ਦਾ ਮਰਨ ਵਰਤ ਖੁੱਲ੍ਹਵਾਇਆ। ਇਸ ਸੰਤਰੇ ਦੇ ਰਸ ਦੇ ਇਕ ਗਿਲਾਸ ਵਿਚ ਲੱਖਾਂ ਅਛੂਤਾਂ ਦਾ ਖੂਨ ਮਿਲਿਆ ਹੋਇਆ ਸੀ।

ਮੈਂ ਡਾਕਟਰ ਅੰਬੇਡਕਰ ਨੂੰ ਨਿੱਜੀ ਤੌਰ ਤੇ ਮਿਲਿਆ। ਨਿਸਚਿਤ ਹੀ ਡਾ. ਅੰਬੇਡਕਰ ਮੈਨੂੰ ਅੱਜ ਤੱਕ ਮਿਲੇ ਸਭ ਤੋਂ ਬੁੱਧੀਮਾਨ ਲੋਕਾਂ ਵਿਚੋਂ ਇਕ ਸਨ। ਪਰ ਮੈਂ ਉਹਨਾਂ ਨੂੰ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਤੁਸੀਂ ਕਮਜ਼ੋਰ ਸਾਬਤ ਹੋਏ।

ਅੰਬੇਡਕਰ ਨੇ ਕਿਹਾ ਕਿ ਤੁਸੀਂ ਸਮਝ ਨਹੀਂ ਰਹੇ, ਮੈਂ ਸਹੀ ਸੀ ਅਤੇ ਇਹ ਗੱਲ ਮੈਂ ਜਾਣਦਾ ਸੀ, ਗਾਂਧੀ ਗਲਤ ਸੀ ਪਰ ਉਸ ਜਿੱਦੀ ਬੁੱਢੇ ਆਦਮੀ ਦੇ ਨਾਲ ਕੀ ਕੀਤਾ ਜਾ ਸਕਦਾ ਸੀ? ਉਹ ਮਰਨ ਲਈ ਜਾ ਰਿਹਾ ਸੀ ਜੇਕਰ ਉਹ ਮਰ ਗਿਆ ਹੁੰਦਾ ਤਾਂ ਉਸ ਦੀ ਮੌਤ ਲਈ ਮੈਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਅਤੇ ਅਛੂਤਾਂ ਨੂੰ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ।

**ਪੇਸ਼ਕਾਰ- ਗਣਨਾਇਕ**

# ਨਗਰ ਵਾਲੇ ਸੰਤ ਬਾਬਾ ਮੇਲਾ ਰਾਮ ਜੀ ਦੀ 63ਵੀਂ ਬਰਸੀ ਸ਼ਰਧਾ ਪੂਰਵਕ ਮਨਾਈ ਗਈ

**ਸੈਕਰਾਮੈਂਟੋ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਮੈਂਟੋ) ਵਿਖੇ 28 ਅਗਸਤ ਦਿਨ ਐਤਵਾਰ ਨੂੰ ਨਗਰ ਵਾਲੇ ਸੰਤ ਬਾਬਾ ਮੇਲਾ ਰਾਮ ਜੀ ਦੀ 63ਵੀਂ ਬਰਸੀ ਬਹੁਤ ਸ਼ਰਧਾ ਪੂਰਵਕ ਮਨਾਈ ਗਈ। ਇਸ ਸਬੰਧਤ 26 ਅਗਸਤ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਰਖਾਏ ਗਏ ਤੇ 28 ਅਗਸਤ ਨੂੰ ਭੋਗ ਪਾਏ ਗਏ। ਇਸ ਮੌਕੇ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਨਿਰਮਲ ਸਿੰਘ ਤੇ ਭਾਈ ਜਸਪਾਲ ਸਿੰਘ ਜੀ ਨੇ ਬਹੁਤ ਹੀ ਰਸਭਿੰਨਾ ਸ਼ਬਦ ਗਾਇਨ ਕੀਤਾ ਤੇ ਇਹਨਾਂ ਦਾ ਭਾਈ ਦਲਜੀਤ ਸਿੰਘ ਨੇ ਵੀ ਜੋੜੀ ਨਾਲ ਸਾਥ ਦਿੱਤਾ। ਇਹਨਾਂ ਤੋਂ ਇਲਾਵਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਤੇ ਉਹਨਾਂ ਦੇ ਜਥੇ ਨੇ ਵੀ ਰਸਭਿੰਨਾ ਸ਼ਬਦ ਗਾਇਨ ਕਰਕੇ ਆਪਣੀ ਹਾਜ਼ਰੀ ਭਰੀ।

ਸਟੇਜ ਦੀ ਸੇਵਾ ਸ੍ਰੀ ਰਮੇਸ਼ ਬੰਗੜ ਪ੍ਰਧਾਨ ਨੇ ਨਿਭਾਈ ਅਤੇ ਉਨ੍ਹਾਂ ਨੇ ਉਚੇਚੇ ਤੌਰ 'ਤੇ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਨਗਰ ਵਾਲੇ ਸੰਤ ਬਾਬਾ ਭਗਵਾਨ ਦਾਸ ਜੀ ਜੋ ਮੌਜੂਦਾ ਗੱਦੀ ਨਸ਼ੀਨ ਹਨ, ਜੋ ਦੇਸ਼-ਵਿਦੇਸ਼ ਸੰਗਤਾਂ ਨੂੰ ਗੁਰੂ ਜੀ ਦੇ ਮਿਸ਼ਨ ਨਾਲ ਜੋੜਦੇ ਹਨ, ਨੂੰ ਇਸ ਗੁਰੂ ਘਰ ਦਾ ਪੈਟਰਨ ਬਣਾਇਆ ਗਿਆ ਹੈ, ਜਿਹਨਾਂ ਵੱਲੋਂ ਪੰਜ ਹਜ਼ਾਰ ਡਾਲਰ ਦੀ ਰਾਸ਼ੀ ਭੇਂਟ ਕੀਤੀ ਜਾ ਚੁੱਕੀ ਹੈ ਤੇ ਹੁਣ ਜਦ ਕਦੇ ਵੀ ਬਾਬਾ ਜੀ ਗੁਰੂ ਘਰ ਆਉਣਗੇ ਤੇ ਉਹਨਾਂ ਨੂੰ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਨਾਲ ਨਿ-ਵਾਜਿਆ ਜਾਵੇਗਾ। ਅੱਜ ਦੇ ਸਮਾਗਮ ਲਈ ਰਮੇਸ਼ ਬੰਗੜ, ਸਤੀਸ਼ ਰੱਲ੍ਹ ਤੇ ਬਲਬੀਰ ਕਲੇਰ ਆਦਿ ਸੰਤ-ਸੇਵਕ ਪਰਿਵਾਰਾਂ ਵੱਲੋਂ ਯੋਗਦਾਨ ਪਾਇਆ ਗਿਆ।













## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ 11 ਸਤੰਬਰ ਨੂੰ ਮਨਾਇਆ ਜਾਵੇਗਾ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ SHRI GURU RAVIDASS TEMPLE 1480 HAYNE AVENUE, YUBA CITY, CA 95993 ਵਿਖੇ ਆਗਾਮੀ 11 ਸਤੰਬਰ ਦਿਨ ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ ਮਨਾਇਆ ਜਾ ਰਿਹਾ ਹੈ। ਪ੍ਰਬੰਧਕ ਕਮੇਟੀ ਵੱਲੋਂ 9 ਸਤੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ



ਸਾਹਿਬ ਪ੍ਰਾਰੰਭ ਹੋਣਗੇ ਅਤੇ 11 ਸਤੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਗੁਰਬਾਣੀ ਸਰਵਣ ਕਰਕੇ ਜੀਵਨ ਸਫਲਾ ਕਰੋ ਜੀ।

**ਗੁਰੂ ਘਰ ਦਾ ਫੋਨ ਨੰਬਰ**
**530-674-2564**

# ਭਗਵਾਨ ਵਾਲਮੀਕ ਮੰਦਰ ਵਿਖੇ ਹਫਤਾਵਾਰੀ ਸਮਾਗਮ

## ਸ. ਗੁਰਬਖਸ਼ ਸਿੰਘ ਬਾਘਾ ਜੀ ਦਾ ਸਿਰੋਪਾਓ ਨਾਲ ਸਨਮਾਨ







**ਯੂਬਾ ਸਿਟੀ (ਡੀ. ਡੀ. ਬੀ.)–** ਭਗਵਾਨ ਵਾਲਮੀਕ ਮੰਦਰ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਹਰ ਹਫਤੇ ਕੋਈ ਨਾ ਕੋਈ ਦਾਨੀ ਪੁਰਸ਼ ਆਪਣੇ ਪਰਿਵਾਰ ਵੱਲੋਂ ਆਪਣੀ ਵਿੱਤ ਅਨੁਸਾਰ ਸੇਵਾ ਕਰਦਾ ਹੈ, ਅਗਰ ਕੋਈ ਨਹੀਂ ਵੀ ਕਿਸੇ ਵਕਤ ਕੋਈ ਪਰਿਵਾਰ ਸੇਵਾ ਲਈ ਆਉਂਦਾ ਤਾਂ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਕੈਲੇਫੋਰਨੀਆ) ਆਪਣੇ ਹਫਤਾਵਾਰੀ ਸਮਾਗਮ ਜਾਰੀ ਰੱਖਦੀ ਹੈ।

ਇਸ ਵਕਤ ਮੰਦਰ ਨਾਲ ਜੁੜੇ ਤੇ ਮੈਂਬਰ ਨਾਮਵਰ ਗਾਇਕ ਲਾਲੀ ਅਤੇ ਭਿੰਦਾ ਜੀ ਤੇ ਉਹਨਾਂ ਦੇ ਸਾਥੀ ਭਜਨ ਬੰਦਗੀ ਤੇ ਧਾਰਮਿਕ ਗੀਤਾਂ ਨਾਲ-ਨਾਲ ਭਗਵਾਨ ਵਾਲਮੀਕ ਜੀ ਦੀ ਮਹਿਮਾ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਇਸਦੇ ਨਾਲ ਹੀ ਗੁਰੂ ਘਰ ਜੇਕਰ ਕੋਈ ਦੂਰੋਂ-ਨੇੜਿਉਂ ਕੋਈ ਆਵੇ ਜੋ ਸਮਾਜ ਪ੍ਰਤੀ ਆਪਣੀਆਂ ਸੇਵਾਵਾਂ ਨਿਭਾਉਂਦਾ ਹੋਵੇ ਤਾਂ ਸਭਾ ਉਸ ਦਾ ਸਿਰੋਪਾਓ ਨਾਲ ਮਾਣ-ਸਨਮਾਨ ਵੀ ਕਰਨਾ ਕਦੇ ਨਹੀਂ ਭੁੱਲਦੀ।

ਸੋ ਇਸ ਹਫਤੇ "ਦੇਸ਼ ਦੁਆਬਾ" ਹਫਤਾਵਾਰੀ ਅਖ਼ਬਾਰ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਨਾਲ ਸ. ਗੁਰਬਖਸ਼ ਸਿੰਘ ਬਾਘਾ ਉੱਘੇ ਸਮਾਜ ਸੇਵੀ ਜੀ ਭਗਵਾਨ ਵਾਲਮੀਕ ਮੰਦਰ 'ਚ ਨਤਮਸਤਕ ਹੋਏ ਤੇ ਹਾਜ਼ਰੀ ਭਰੀ।ਸਭਾ ਵੱਲੋਂ ਉਹਨਾਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

ਇਸ ਮੌਕੇ ਦੋ ਸ਼ਬਦ ਧੰਨਵਾਦ ਦੇ ਬੋਲਦਿਆਂ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ ਨੇ ਸੰਗਤਾਂ ਨੂੰ ਇਸੇ ਤਰ੍ਹਾਂ ਮੰਦਰ ਵਿਚ ਹਾਜ਼ਰੀਆਂ ਭਰਨ ਲਈ ਬੇਨਤੀ ਕੀਤੀ ਤੇ ਅਪੀਲ ਕੀਤੀ ਕਿ ਸਾਨੂੰ ਮੰਦਰ ਦੀ ਬਿਲਡਿੰਗ ਤੇ ਹੋਰ ਮੰਦਰ ਲਈ ਜ਼ਰੂਰਤਾਂ ਲਈ ਮਾਇਆ ਦਾ ਸਹਿਯੋਗ ਕਰਨਾ ਚਾਹੀਦਾ ਹੈ। ਉਹਨਾਂ ਦੇਸ਼ ਦੁਆਬਾ ਦੀ ਸਰਾਹਨਾ ਕੀਤੀ ਕਿ ਉਹ ਸਰਬ ਸਮਾਜ ਦੀ ਸੇਵਾ ਕਰਦਾ ਹੈ।

*******

# ਆਰਿਫ ਲੁਹਾਰ ਦੀ 'ਜੁਗਨੀ' ਨੇ ਇਕ ਵਾਰ ਫਿਰ ਸੈਕਰਾਮੈਂਟੋ 'ਚ ਕਰਾਈ ਬੱਲੇ ਬੱਲੇ

**ਸੈਕਰਾਮੈਂਟੋ (ਡੀ. ਡੀ. ਬੀ.)**– 'ਦੇਸ਼ ਦੁਆਬਾ' ਦੇ ਮਾਣਯੋਗ ਪਾਠਕਾਂ ਨੂੰ ਜ਼ਰੂਰ ਯਾਦ ਹੋਵੇਗਾ ਕਿ ਵਿਸ਼ਵ ਪ੍ਰਸਿੱਧ ਪਾਕਿਸਤਾਨੀ ਨਾਮਵਰ ਗਾਇਕ ਜਨਾਬ ਆਰਿਫ ਲੁਹਾਰ ਨੇ 29 ਮਈ ਨੂੰ ਸੈਕਰਾਮੈਂਟੋ 'ਚ ਇਕ ਸ਼ੋਅ ਵਿਚ ਆਪਣੇ ਦਰਸ਼ਕਾਂ ਨੂੰ ਆਪਣੀ ਗਾਇਕੀ ਨਾਲ ਖ਼ੂਬ ਮਨੋਰੰਜਨ ਕਰਵਾਇਆ ਸੀ। ਠੀਕ ਤਿੰਨ ਮਹੀਨੇ ਵਿਚ ਭਾਵ 28 ਅਗਸਤ ਨੂੰ ਇਕ ਵਾਰ ਫਿਰ ਜਨਾਬ ਆਰਿਫ ਲੁਹਾਰ ਨੇ ਆਪਣੀ ਸਿਰਮੌਰ ਗਾਇਕੀ ਨਾਲ ਆਪਣੇ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕਰਵਾਇਆ। ਇਹ ਸ਼ੋਅ 'ਜੁਗਨੀ' ਬੈਨਰ ਹੇਠ ਸਥਾਨਕ ਵਾਈਟ ਲੋਟਸ ਹਾਲ ਵਿਚ ਜੀਵੇ ਪੰਜਾਬ ਇੰਟਰਟੇਨਮੈਂਟ, ਸੀ. ਵੀ. ਪੀ. ਸਟੂਡੀਓਜ਼, ਵਾਈਟ ਲੋਟਸ ਬੈਂਕੁਟ ਹਾਲ, ਡੀ. ਜੇ. ਡਿੰਡੀ ਅਤੇ ਮਿਸਟਰ ਅਜ਼ੀਜ਼ ਸ਼ੇਰ ਕੰਸਟਰਕਸ਼ਨ ਵੱਲੋਂ ਸਾਂਝੇ ਤੌਰ 'ਤੇ ਕਰਵਾਇਆ ਗਿਆ। 'ਜੁਗਨੀ ਸ਼ੋਅ' 'ਚ ਜਨਾਬ ਆਰਿਫ ਲੁਹਾਰ ਜੀ ਨੇ ਲੱਗਭੱਗ ਤਿੰਨ ਘੰਟੇ ਦੇ ਸ਼ੋਅ ਦੌਰਾਨ ਆਪਣੀ ਤੇ ਦਰਸ਼ਕਾਂ ਦੀ ਪਸੰਦ ਦੇ ਚੜ੍ਹਦੇ ਤੋਂ ਚੜ੍ਹਦੇ ਗੀਤ ਗਾ ਕੇ ਸਰੋਤਿਆਂ ਦੀ ਚਾਹਤ ਨੂੰ ਪੂਰਾ ਕੀਤਾ। ਇਸ ਦੌਰਾਨ ਜਨਾਬ ਲੁਹਾਰ ਜੀ ਨੇ ਇਕ ਵਾਰ ਫਿਰ ਜੁਗਨੀ ਦੀ ਪਹਿਚਾਣ ਨੂੰ ਹੋਰ ਮਕਬੂਲ ਬਣਾ ਕੇ ਦਰਸ਼ਕਾਂ ਨੂੰ ਨੱਚਣ ਲਈ ਮਜਬੂਰ ਕੀਤਾ। ਸਰੋਤਿਆਂ ਤੇ ਪ੍ਰਸੰਸਕਾਂ ਨੇ ਗਾਇਕ ਆਰਿਫ ਲੁਹਾਰ ਦੀਆਂ ਤਸਵੀਰਾਂ ਤੇ ਆਪਣੀਆਂ ਆਰਿਫ ਲੁਹਾਰ ਨਾਲ ਤਸਵੀਰਾਂ ਖਿਚਵਾਉਣ ਦੀ ਵੀ ਕੋਈ ਕਸਰ ਬਾਕੀ ਨਹੀਂ ਛੱਡੀ। ਪ੍ਰਸਿੱਧ ਪ੍ਰਮੋਟਰ ਜੱਸੀ ਬੰਗਾ ਨੇ 'ਦੇਸ਼ ਦੁਆਬਾ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਬੰਧਕ ਇਸ ਸ਼ੋਅ ਦੀ ਸਫਲਤਾ ਤੋਂ ਸੰਤੁਸ਼ਟ ਹਨ ਕਿ ਦਰਸ਼ਕਾਂ ਨੇ ਇਸ ਸ਼ੋਅ ਦਾ ਖ਼ੂਬ ਆਨੰਦ ਮਾਣਿਆ।





ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)


























# ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੀ ਚੋਣ ਅਮਨ-ਅਮਾਨ ਨਾਲ ਹੋਈ

ਗੁਰਦੁਆਰਾ ਸਾਹਿਬ ਟਾਇਰਾ ਬਿਊਨਾ ਦੀ ਬੀਤੇ ਦਿਨੀਂ ਹੋਈ ਚੋਣ ਪੂਰਨ ਅਮਨ-ਅਮਾਨ ਨਾਲ ਹੋਈ, ਜਿਸ ਵਿਚ ਪੰਥਕ ਸਲੇਟ ਦੇ ਸਾਰੇ ਦੇ ਸਾਰੇ ਉਮੀਦਵਾਰ ਜੇਤੂ ਰਹੇ। ਪੰਥਕ ਸਲੇਟ ਦੇ ਜੇਤੂ ਉਮੀਦਵਾਰ ਸ. ਸਰਬਜੀਤ ਸਿੰਘ ਥਿਆੜਾ ਨੇ 'ਦੇਸ਼ ਦੁਆਬਾ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਮੂਹ ਪੰਥਕ ਸਲੇਟ ਆਪਣੇ ਸਾਰੇ ਵੋਟਰਾਂ ਅਤੇ ਹਮਾਇਤੀਆਂ ਦੀ ਤਹਿ ਦਿਲੋਂ ਧੰਨਵਾਦੀ ਹੈ। ਉਹਨਾਂ ਨੇ ਜੋ ਸਾਡੇ ਤੇ ਉਮੀਦਾਂ ਰੱਖੀਆਂ ਹਨ, ਉਹਨਾਂ ਨੂੰ ਅਸੀਂ ਤਨੋਂ-ਮਨੋਂ ਅਕਾਲ ਪੁਰਖ ਦੀ ਮਿਹਰ ਸਦਕਾ ਪੂਰਾ ਕਰਨ ਲਈ ਸਿਰਤੋੜ ਯਤਨ ਕਰਾਂਗੇ। ਇਸ ਦੇ ਨਾਲ ਹੀ ਉਹਨਾਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਵੀ ਧੰਨਵਾਦ ਕੀਤਾ, ਜਿਹਨਾਂ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਚੋਣਾਂ ਦਾ ਪ੍ਰਬੰਧ ਕੀਤਾ। ਪੁਲਿਸ ਪ੍ਰਸ਼ਾਸਨ ਨੇ ਇਸ ਮੌਕੇ ਆਪਣਾ ਵਧੀਆ ਯੋਗਦਾਨ ਪਾਇਆ। ਅਸੀਂ ਸ. ਤੇਜਿੰਦਰ ਸਿੰਘ ਦੁਸਾਂਝ ਅਤੇ ਉਹਨਾਂ ਦੇ ਸਮੂਹ ਸਾਥੀਆਂ ਦੇ ਸਹਿਯੋਗ ਲਈ ਧੰਨਵਾਦ ਕਰਦੇ ਹਾਂ। ਅਸੀਂ ਉਹਨਾਂ ਨੂੰ ਬੇਨਤੀ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਵਿਚ ਗੁਰੂ ਘਰ ਦੀ ਡਿਵੈਲਪਮੈਂਟ ਲਈ ਸਾਨੂੰ ਸਹਿਯੋਗ ਕਰਨ।

ਅਦਾਰਾ 'ਦੇਸ਼ ਦੁਆਬਾ' ਵੱਲੋਂ ਇਸ ਮੌਕੇ ਲਈਆਂ ਗਈਆਂ ਕੁਝ ਯਾਦਗਾਰੀ ਤਸਵੀਰਾਂ।


ਸ. ਸਰਬਜੀਤ ਸਿੰਘ ਥਿਆੜਾ ਅਤੇ ਸ. ਗੁਰਨਾਮ ਸਿੰਘ ਪੰਮਾ








All pictures credit: Prem Chumber Desh Doaba














**ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸਿੱਖ ਪੰਥ ਦਾ ਪ੍ਰਸਿੱਧ ਰਾਗੀ ਜਥਾ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ 11 ਸਤੰਬਰ 2016 (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਰਸ ਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਸਤਿਕਾਰਯੋਗ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ੁਭ ਅਵਸਰ ’ਤੇ ਆਪ ਆਪਣੇ ਪਰਿਵਾਰਕ ਮੈਂਬਰਾਂ ਨਾਲ ਹਾਜ਼ਰੀਆਂ ਲਗਵਾ ਕੇ ਰਸ-ਭਿੰਨਾ ਸ਼ਬਦ ਸਰਵਣ ਕਰੋ ਜੀ।**

ਬੇਨਤੀ ਕਰਤਾ

## ਕਸ਼ਮੀਰੀ ਭਾਟੀਆ

## ਪ੍ਰਧਾਨ

## ਸ੍ਰੀ ਗੁਰੂ ਰਵਿਦਾਸ ਟੈਂਪਲ,
## ਪਿਟਸਬਰਗ (ਕੈਲੇਫੋਰਨੀਆ)



ਕਸ਼ਮੀਰੀ ਭਾਟੀਆ (ਪ੍ਰਧਾਨ) ਅਤੇ ਉਹਨਾਂ ਦੀ ਸੁਪਤਨੀ ਬੀਬੀ ਕਮਲਜੀਤ ਕੌਰ ਭਾਟੀਆ


# TANDOOR
**Indian Restaurant**

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

BUFFET LUNCH 11:00 AM To 3:00 PM

We are open
seven days
11 AM to 10 PM

Contact Us:

**Ph. 510-885-1212**
**Fax. 510-885-1532**



# L.A. MERCHANDISE
**Whole Sale +Retail**

ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ ’ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ ’ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla Hardev Singh Bisla

**500 N. Palora Ave. Yuba City, CA 95991**

**530-671-0439, Fax 530-822-0439 Cell- 530-844-3250**

# ਸਿਰਜਣਾਤਮਕ ਰੂਹਾਂ ਤੇ ਕਲਮੀ-ਦਸਤਖਤ ਖ੍ਵਾਜ਼ਾ ਅਹਿਮਦ ਅੱਬਾਸ



ਐਸ ਬਲਵੰਤ
s.balwantuk@yahoo.co.uk

ਖਵਾਜਾ ਅਹਿਮਦ ਅੱਬਾਸ ਸਾਹਿਤ, ਪੱਤਰਕਾਰੀ ਤੇ ਫਿਲਮ ਜਗਤ ਵਿਚ ਇਕ ਬਹੁਤ ਵੱਡਾ ਨਾਂਅ ਹੈ। ਉਨ੍ਹਾਂ ਦੀ "ਪਰਿਵਾਰਿਕ ਟ੍ਰੀ" 'ਤੇ ਝਾਤੀ ਮਾਰੀਏ ਤਾਂ ਖਵਾਜਾ-ਪਰਿਵਾਰ ਦੇ ਵਡੇਰੇ ਇਸਲਾਮ ਦੇ ਮੋਢੀ ਹਜ਼ਰਤ ਮੁਹੰਮਦ ਦੇ ਸਮਕਾਲੀ ਸਨ। ਖਵਾਜਾ ਅਹਮਦ ਅੱਬਾਸ ਦਾ ਜਨਮ ਮਸ਼ਹੂਰ ਸ਼ਾਇਰ ਮਿਰਜ਼ਾ ਗਾਲਿਬ ਦੇ ਵਿਦਿਆਰਥੀ ਤੇ ਉਰਦੂ ਦੇ ਮਸ਼ਹੂਰ ਸ਼ਾਇਰ ਖਵਾਜਾ ਅਲਤਾਫ ਹੁਸੈਨ ਹਾਲੀ ਦੇ ਘਰ ਪਾਨੀਪਤ ਸ਼ਹਿਰ ਵਿਖੇ 7 ਜੂਨ 1914 ਨੂੰ ਹੋਇਆ। ਅੰਗਰੇਜ਼ਾਂ ਦੇ ਖਿਲਾਫ ਹੋਈ 1857 ਦੀ ਬਗਾਵਤ ਵਿਚ ਉਨ੍ਹਾਂ ਦੇ ਦਾਦਾ ਗੁਲਾਮ ਅੱਬਾਸ ਇਕ ਮੁਖ ਬਾਗੀ ਸਨ ਤੇ ਪਾਨੀਪਤ ਸ਼ਹਿਰ ਤੋਂ ਅੰਗਰੇਜ਼ੀ ਤੋਪ ਨਾਲ ਬੰਨ੍ਹ ਕੇ ਉਡਾਏ ਜਾਣ ਵਾਲੇ ਪਹਿਲੇ ਵਿਅਕਤੀ ਸਨ। ਉਨ੍ਹਾਂ ਦੇ ਪਿਤਾ ਗੁਲਾਮ-ਉਸ-ਸਿਬਤਨ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋ ਗਰੈਜੂਏਸ਼ਨ ਕਰਨ ਮਗਰੋਂ ਉਸਤਾਦ ਵਜੋਂ ਮੁਗਲੀਆ ਸ਼ਹਿਜ਼ਾਦੇ ਤੇ ਸ਼ਹਿਰ ਦੇ ਹੋਰ ਅਮੀਰਜ਼ਾਦਿਆਂ ਨੂੰ ਪੜ੍ਹਾਉਣ ਦਾ ਕੰਮ ਕਰਦੇ ਸਨ। ਭਾਰਤੀ ਪੱਤਰਕਾਰੀ ਦੇ ਇਤਿਹਾਸ ਵਿਚ ਸਿਰਫ ਅੱਬਾਸ ਹੀ ਇਕਅਜਿਹਾ ਨਾਂ ਹੈ ਜਿਸ ਨੇ ਆਪਣਾ ਕਾਲਮ "ਦੀ ਲਾਸਟ ਪੇਜ" ਸਭ ਤੋਂ ਵੱਧ ਸਮੇਂ ਤਕ ਚਾਲੂ ਰਖਿਆ। "ਬੰਬੇ ਕ੍ਰੌਨੀਕਲ" ਤੋਂ ਸ਼ੁਰੂ ਹੋਇਆ ਇਹ ਕਾਲਮ ਮੁੜ ਆਰ ਕੇ ਕਰੰਜੀਆ ਦੀ ਹਫਤਾਵਰ ਅਖਬਾਰ "ਬਲਿਟਿਜ਼" ਵਿਚ ਕਰੀਬ ਅੱਧੀ ਸਦੀ ਤੀਕ ਛਪਦਾ ਰਿਹਾ ਜੋ ਲੋਕਾਂ ਵਿਚ ਬਹੁਤ ਮਕਬੂਲ ਹੋਇਆ ਅਤੇ ਹਿੰਦੁਸਤਾਨ ਦੀ ਪਤਰਕਾਰੀ ਵਿਚ ਇਹ ਇਕ ਇਤਿਹਾਸ ਹੈ। ਉਹ ਭਾਰਤ ਦੇ ਅਜਿਹੇ ਪੱਤਰਕਾਰ ਸਨ ਜਿਹਨਾਂ ਨੇ ਹੋਰ ਵੀ ਕਈ ਪਰਚਿਆਂ ਤੇ ਰਸਾਲਿਆਂ ਲਈ ਲਗਾਤਾਰ ਲਿਖਿਆ।

ਅੱਬਾਸ ਨੇ ਹਿੰਦੁਸਤਾਨ ਦੇ ਫਿਲਮੀ ਇਤਿਹਾਸ ਵਿਚ ਜੋ ਮੀਲ-ਪੱਥਰ ਗੱਡਿਆ ਉਹ ਕਦੇ ਨਹੀਂ ਹਿਲਾਇਆ ਜਾ ਸਕੇਗਾ। ਫਿਲਮਾਂ ਵਿਚ ਉਹ ਬੰਬੇ ਟਾਕੀਜ਼ ਰਾਹੀ ਜੁੜੇ ਜਿਸ ਦੇ ਬਾਨੀ ਉਸ ਵੇਲੇ ਹਿੰਦੀ ਫਿਲਮਾਂ ਦੇ ਮੋਢੀਆਂ ਵਿਚੋਂ ਗਿਣੇ ਜਾਂਦੇ ਹਿਮਾਂਸ਼ੂ ਤੇ ਦੇਵਰਾਣੀ ਸਨ। ਅੱਬਾਸ ਨੇ ਉਹਨਾਂ ਨੂੰ ਆਪਣੇ ਲਿਖੇ 'ਨਯਾ ਸੰਸਾਰ' ਫਿਲਮ ਦੇ ਸਕਰੀਨਪਲੇਅ ਦਿਤੇ ਤੇ ਮਗਰੋਂ ਚੇਤਨ ਅਨੰਦ ਲਈ 'ਨੀਚਾ ਨਗਰ' ਤੇ ਵੀ ਸ਼ਾਂਤਾ ਰਾਮ ਲਈ 'ਡਾਕਟਰ ਕੋਟਿਨਿਸ ਕੀ ਅਮਰ ਕਹਾਣੀ' ਵਰਗੀਆਂ ਇਤਿਹਾਸਕ ਫਿਲਮਾਂ ਬਣਾਉਣ ਲਈ ਆਪਣਾ ਕਲਮੀ ਸਹਿਯੋਗ ਦਿਤਾ। "ਧਰਤੀ ਕੇ ਲਾਲ", "ਸਾਤ ਹਿੰਦੁਸਤਾਨੀ", "ਨਯਾ ਸੰਸਾਰ", "ਜਾਗਤੇ ਰਹੋ" ਵਰਗੀਆਂ ਬੇਸ਼ੁਮਾਲ ਫਿਲਮਾਂ ਲਿਖੀਆਂ ਤੇ ਬਣਾਈਆਂ। ਜਿੱਥੇ ਉਨ੍ਹਾਂ ਰਾਜ ਕਪੂਰ ਲਈ ਇਤਿਹਾਸਿਕ ਫਿਲਮਾਂ "ਆਵਾਰਾ", "ਸ੍ਰੀ ਚਾਰ ਸੌ ਬੀਸ", "ਮੇਰਾ ਨਾਮ ਜੋਕਰ" ਲਿਖੀਆਂ ਉੱਥੇ ਹੀ ਉਨ੍ਹਾਂ "ਬੌਬੀ" ਤੇ "ਹਿਨਾ" ਵਰਗੀਆਂ ਜ਼ਿੰਦਗੀ ਦੀਆਂ ਤਲਖੀਆਂ ਤੇ ਠਾਠਾਂ ਮਾਰਦੀ ਜੁਆਨੀ ਬਾਰੇ ਵੀ ਫਿਲਮਾਂ ਲਿਖੀਆਂ। ਜਦੋਂ ਉਨ੍ਹਾਂ ਖੁਦ "ਸਾਤ ਹਿੰਦੁਸਤਾਨੀ" ਬਣਾਈ ਤਾਂ ਉਸ ਵੇਲੇ ਦੇ "ਲੰਬੂ" ਵਲੋਂ ਜਾਣੇ ਜਾਂਦੇ ਤੇ ਇਸੇ ਲੰਬਾਈ ਕਾਰਣ ਫਿਲਮ-ਨਗਰੀ 'ਚੋ ਰੀਜੈਕਟ ਹੋਏ, ਅੱਜ ਦੇ ਸੁਪਰ-ਸਟਾਰ ਅਮਿਤਾਭ ਬੱਚਨ ਨੂੰ ਇਕ ਕਲਾਕਾਰ ਵਜੋਂ ਵੀ ਅੱਬਾਸ ਨੇ ਹੀ ਫਿਲਮੀ ਸ਼ੁਰੂਆਤ ਕਰਾਈ। ਅੱਬਾਸ ਦੇ ਅੱਜ ਦੇ ਵਾਰਸਾਂ 'ਚੋਂ ਉਨ੍ਹਾਂ ਦੀ ਭਤੀਜੀ ਨੀਲਿਮਾ ਅਜ਼ੀਮ ਜੋ ਕਿ ਫਿਲਮ ਅਤੇ ਟੈਲੀਵੀਜ਼ਨ ਐਕਟਰੈਸ ਹਨ, ਅਤੇ ਉਸ ਅਤੇ ਪੰਕਜ ਕਪੂਰ ਤੋਂ ਜਨਮਿਆਂ ਬੇਟਾ ਮਸ਼ਹੂਰ ਕਲਾਕਰ ਸ਼ਾਹਿਦ ਕਪੂਰ ਹਨ।

ਜਵਾਨੀ ਵਿਚ ਦਾਖਲ ਹੁੰਦਿਆ ਹੀ ਖਵਾਜਾ ਅਹਿਮਦ ਅਬਾਸ ਬੰਬਈ ਚਲੇ ਗਏ ਤੇ ਹਿੰਦੀ ਫਿਲਮ ਜਗਤਵਿਚ ਆਪਣੀ ਹੋਂਦ ਬਣਾਉਣ ਦੇ ਨਾਲ ਨਾਲ 78 ਕਿਤਾਬਾਂ ਲਿਖੀਆਂ ਤੇ ਉਨ੍ਹਾਂ ਵਿਚੋਂ ਦੋ "ਦੀ ਵਰਲਡ ਇਜ਼ ਮਾਈ ਵਿਲੇਜ" ਅਤੇ "ਬੰਬੇ ਮਾਈ ਬੰਬੇ" ਦੀ ਪ੍ਰਕਾਸ਼ਨਾਂ ਦਾ ਮਾਣ ਮੈਨੂੰ ਨਸੀਬ ਹੋਇਆ। ਜਦੋਂ "ਵਰਲਡ ਇਜ਼ ਮਾਈ ਵਿਲੇਜ" ਪ੍ਰਕਾਸ਼ਿਤ ਹੋਈ ਤਾਂ ਮੈਨੂੰ ਕਈ ਫੋਨ ਆਏ ਕਿ ਇਹ ਵੀ ਕੀ ਨਾਂਅ ਹੈ? ਤੇ ਜਦ ਇਸੇ ਕਿਤਾਬ ਦਾ ਰਿਵੀਊ ਭਾਰਤ ਦੀ ਮਸ਼ਹੂਰ ਅਖਬਾਰ "ਦੀ ਹਿੰਦੁਸਤਾਨ ਟਾਈਮਜ਼" ਵਿਚ ਪ੍ਰਕਾਸ਼ਿਤ ਹੋਇਆ ਤਾਂ ਸਟਰਲਿੰਗ ਪਬਰਲਿਸ਼ਰ ਦੇ ਮਾਲਿਕ ਓਮ ਪ੍ਰਕਾਸ਼ ਘਈ ਨੇ ਖਾਸ ਵਧਾਈਆਂ ਦਿਤੀਆਂ, ਕਿਉਂਕਿ ਉਸ ਵੇਲੇ ਤਕ ਮੇਰੇ ਦਾਇਰੇ ਦੀ ਪ੍ਰਕਾਸ਼ਨ ਦੀ ਦੁਨੀਆਂ ਵਿਚ ਉਹ ਹੀ ਅਗਾਂਹਵਧੂ ਨਜ਼ਰੀਏ ਵਾਲੇ ਵਿਅਕਤੀ ਸਨ। ਅੱਬਾਸ ਦੇ ੩੯ ਸਾਲ ਪਹਿਲਾਂ ਕੀਤੀ ਭਵਿਖਬਾਣੀ ਅਨੁਸਾਰ ਅਸੀਂ ਦੇਖ ਰਹੇ ਹਾਂ ਕਿ ਸਚਮੁੱਚ ਹੀ ਸਾਰਾ ਸੰਸਾਰ ਇਕ ਪਿੰਡ ਬਣ ਚੁੱਕਾ।

ਮੇਰੀ ਉਹਨਾਂ ਨਾਲ ਜ਼ਾਤੀ ਤੇ ਸਾਹਿਤਕ ਸਾਂਝ ਉਹਨਾਂ ਦੀ ਪਹਿਲੀ ਪੁਸਤਕ ਦੇ ਪ੍ਰਕਾਸ਼ਨ ਦੇ ਸਿਲਸਿਲੇ ਤੋਂ ਸ਼ੁਰੂ ਹੋਈ ਤੇ ੧੯੮੭ ਤੀਕ ਉਹਨਾਂ ਦੇ ਅੰਤਲੇ ਦਿਨਾਂ ਤੀਕ ਰਹੀ। "ਦੀ ਵਰਲਡ ਇਜ ਮਾਈ ਵਿਲੇਜ" ਕਿਤਾਬ ਉਹਨਾਂ ਦੀ ਕਿਤਾਬ "ਇਨਕਲਾਬ" ਦੀ ਅਗਲੀ ਕੜੀ ਸੀ. ਪਰ ਇਸੇ ਲੜੀ ਦੀ ਤੀਸਰੀ ਤੇ ਆਖਰੀ ਕਿਤਾਬ ਉਹ ਪੂਰੀ ਨਾ ਕਰ ਸਕੇ ਤੇ ਸੰਸਾਰ ਤੋਂ ਇਦ੍ਵਦਾ ਲੈ ਗਏ। ਉਹਨਾਂ ਦੀ ਦੂਸਰੀ ਪੁਸਤਕ ਜੋ ਮੈਂ ਪ੍ਰਕਾਸ਼ਿਤ ਕੀਤੀ ਉਹ ਸੀ "ਬੰਬੇ, ਮਾਈ ਬੰਬੇ". ਇਸ ਪੁਸਤਕ ਵਿਚ ਉਹਨਾਂ ਬੰਬਈ ਦਾ ਜ਼ਿਕਰ ਬਹੁਤ ਖੂਬਸੂਰਤੀ ਨਾਲ ਕੀਤਾ ਤੇ ਕਾਫੀ ਸਾਰਾ ਹਿੱਸਾ ਉਨ੍ਹਾਂ ਅਜ ਦੇ ਮਸ਼ਹੂਰ ਸਟਾਰ ਅਮਿਤਾਬ ਬੱਚਨ ਦੇ ਹਵਾਲੇ ਕੀਤਾ। ਉਹਨਾਂ ਨੇ ਇਸ ਕਿਤਾਬ ਵਿਚ ਆਪਣੇ ਜ਼ਾਤੀ ਤੇ ਪ੍ਰੋਫੈਸ਼ਨਲ ਰਿਸ਼ਤਿਆਂ ਨੂੰ ਲੈ ਕੇ ਅਮਿਤਾਬ ਬੱਚਨ ਦੀ ਬਹੁਤ ਸਲਾਹੀਅਤ ਕੀਤੀ।

ਅੱਬਾਸ ਜਦੋਂ ਵੀ ਦਿੱਲੀ ਆਉਂਦੇ ਤਾਂ ਸਾਡੀਆਂ ਮਹਿਫਲਾਂ ਲਗਦੀਆਂ ਤੇ ਜਦੋਂ ਮੈਂ ਬੰਬਈ ਜਾਂਦਾ ਤਾਂ ਉਹਨਾਂ ਦੇ ਜੂਹੂ ਰੋਡ ਤੇ ਸਥਿਤ ਘਰ 'ਫਿਲੋਮਨਾ' ਦਾ ਨਿੱਘ ਮੇਰੇ ਅੰਦਰ ਭਰ ਜਾਂਦਾ। ਬੜੀ ਵੇਰੀ ਕਈ ਘਟਨਾਵਾਂ ਹੋਈਆਂ ਪਰ ਬਹੁਤੀਆਂ ਦਾ ਜ਼ਿਕਰ ਇੱਥੇ ਸ਼ਾਇਦ ਨਾ ਕਰ ਸਕਾਂ। ਉਰਦੂ ਦੇ ਅਦੀਬ ਅਨਵਰ ਅਜੀਮ ਤੇ ਅੰਗ੍ਰੇਜ਼ੀ ਦੇ ਲੇਖਕ-ਪੱਤਰਕਾਰ ਦੋਸਤ ਸੁਰੇਸ਼ ਕੋਹਲੀ ਵੀ ਅਕਸਰ ਦਿੱਲੀ ਦੀਆਂ ਮਹਿਫਲਾਂ ਵਿਚ ਨਾਲ ਹੀ ਹੁੰਦੇ।



ਇਕ ਵਾਰੀ ਅੱਬਾਸ ਦਿੱਲੀ ਆਏ। ਉਹਨਾਂ ਦੇ ਪੁੱਜਣ ਤੇ ਸਾਡਾ ਅਗਲੇ ਦਿਨ ਮਿਲਣਾ ਤੈਅ ਹੋਇਆ। ਉਹ ਜਨਪੱਥ ਹੋਟਲ ਵਿਚ ਠਹਿਰੇ ਤੇ 'ਸੋਵੀਅਤ ਲੈਂਡ ਨਹਿਰੂ ਅਵਾਰਡ ਕਮੇਟੀ' ਦੇ ਮੈਂਬਰ ਸਨ। ਦੂਸਰੇ ਦਿਨ ਮੈਂ ਅੱਬਾਸ ਸਾਹਿਬ ਨੂੰ ਮਿਲਣ ਜਾਣ ਲੱਗਾ ਹੀ ਸਾਂ ਕਿ ਗੌਤਮ ਮੇਰੇ ਘਰ ਆਣ ਪਹੁੰਚਾ. ਪ੍ਰੋ ਸਤਿਆ ਪਾਲ ਗੌਤਮ ਮੇਰਾ ਖਾਸ ਦੋਸਤ ਸੀ। ਉਸ ਦੇ ਆਉਣ ਉਸ ਵੇਲੇ 'ਚ ਮੇਰਾ ਇਕ ਹੋਰ ਖਾਸ ਦੋਸਤ ਅਮਰੀਕ ਗਿੱਲ ਮੇਰੇ ਘਰੌਂ ਨਿਕਲ ਰਿਹਾ ਸੀ. ਮੇਰਾ ਮੈਂ ਦੋਸਤੀ ਦੀ ਗੜਗਚਤਾ 'ਚ ਇੰਨਾ ਕੁ ਬਦਨਾਮ ਸਾਂ ਕਿ ਮੇਰਾ ਬੇਟਾ ਅਮਿਤ ਸਕੂਲ ਜਾਂਦੇ-ਜਾਂਦੇ ਤਾਅਨਾ ਕੱਸ ਗਿਆ, "ਪਾਪਾ ! ਆਪ ਕੇ ਏਕ ਦੋਸਤ ਗਏ ਔਰ ਦੂਸਰੇ ਆ ਗਏ!"

ਗੌਤਮ ਤੇ ਮੇਰੀ ਰੂਹੀ ਦੋਸਤੀ ਤੇ ਫਿਰ ਸ਼ਾਖਸ਼ਤ ਜਲੰਧਰ ਤੋਂ ਸ਼ੁਰੂ ਹੋ ਕੇ ਚੰਡੀਗੜ੍ਹ ਹੁੰਦੀ ਦਿੱਲੀ ਵੀ ਪੁੱਜ ਗਈ ਜਦੋਂ ਉਹਨੂੰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਖੇ ਫਿਲਾਸਫੀ ਵਿਭਾਗ ਸਥਾਪਤ ਕਰਨ ਲਈ ਯੂਨੀਵਰਸਿਟੀ ਵਲੋਂ ਬੁਲਾਇਆ ਗਿਆ। ਤੇ ਇਹੀ ਦੋਸਤੀ ਇਹ ਲਾਈਨਾਂ ਲਿਖਣ ਤਕ ਉਸੇ ਗਰਮਾਇਸ਼ ਨਾਲ ਨਿੱਘੀ ਹੈ। ਉਦੋਂ ਗੌਤਮ ਦਿੱਲੀ ਵਿਚ ਮੇਰੇ ਘਰ ਹੀ ਠਹਿਰਿਆ ਕਰਦਾ ਸੀ। ਸੋ ਅਸੀਂ ਇਕੱਠੇ ਜਨਪੱਥ ਤਾਂ ਚਲੇ ਗਏ ਪਰ ਅੱਬਾਸ ਮੇਰੇ ਬਜ਼ੁਰਗ ਦੋਸਤ ਸਨ ਤੇ ਮੈਂ ਤੇ ਗੌਤਮ ਮਲੰਗੀ ਦੇ ਦਿਨਾਂ ਤੋਂ ਹਰ ਦੁੱਖ ਸੁੱਖ ਦੇ। ਜਾਂਦਿਆਂ ਜਾਂਦਿਆਂ ਰਾਹ 'ਚ ਮੈਂ ਗੌਤਮ ਨੂੰ ਇਸ ਗੱਲ 'ਤੇ ਰਾਜ਼ੀ ਕਰ ਲਿਆ ਕਿ ਅੱਬਾਸ ਕੋਲ ਕਮਰੇ ਅੰਦਰ ਮੈਂ ਇਕੱਲਾ ਹੀ ਜਾਵਾਂਗਾ ਤਾਂ ਜੋ ਛੇਤੀ ਦੇਣੀ ਉਨ੍ਹਾਂ ਨੂੰ ਮਿਲ ਕੇ ਮੁੜ ਆਵਾਂਗਾ। ਗੌਤਮ ਲਾਬੀ ਵਿਚ ਮੇਰੀ ਉਡੀਕ ਕਰ ਲਵੇ। ਉਸ ਤੋਂ ਬਾਅਦ ਅਸੀਂ ਇਕੱਠੇ ਦਿੱਲੀ ਦੀਆਂ ਸੜਕਾਂ ਨਾਪਾਂਗੇ ਤੇ ਦਿੱਲੀ ਦੀ ਆਧੁਨਿਕ ਦਿਖ ਤੋਂ ਜਾਣੂ ਹੋਵਾਂਗੇ।ਨਵੇਂ ਫੈਸ਼ਨ, ਨਵੇਂ ਹੁਸਨ ਨੂੰ ਦੇਖਾਂਗੇ। ਗੌਤਮ ਮੰਨ ਗਿਆ ਤੇ ਮੈਂ ਅੱਬਾਸ ਕੋਲ ਉਨ੍ਹਾਂ ਦੇ ਕਮਰੇ ਵਿਚ ਚਲੇ ਗਿਆ। ਉਹਨਾਂ ਹਾਲੇ ਪਹਿਲਾ ਪੈੱਗ ਪਾਇਆ ਸੀ ਤੇ ਮੈਨੂੰ ਕਹਿੰਦੇ ਕਿ ਇਕ ਤੈਨੂੰ ਵੀ ਲੈਣਾ ਪਵੇਗਾ ਕਿਉਂਕਿ ਇਸ ਵੇਲੇ ਚਾਹ ਨਹੀਂ ਪੀਵੀਦੀ। ਉਹਨਾਂ ਨੇ ਮੈਨੂੰ ਪੈੱਗ ਪਾ ਦਿਤਾ ਤੇ ਗੱਲਾਂ ਗੱਲਾਂ ਵਿਚ ਹੋਰ ਦੇਰ ਲੱਗ ਗਈ। ਗੌਤਮ ਬਾਹਰ ਬੈਠਾ ਬੇਸਬਰੀ ਨਾਲ ਉਡੀਕ ਕਰਦਾ ਰਿਹਾ। ਉਹਨਾਂ ਦਿਨਾਂ ਵਿਚ ਗੌਤਮ ਨੇ ਮੁੱਲਆਵਾਂ ਵਾਂਗ ਲੰਬੀ ਦਾਹੜੀ ਰੱਖੀ ਹੋਈ ਸੀ ਤੇ ਮੁੱਛਾਂ ਸਫਾ ਚੱਟ ਸਨ। ਖੁਦ ਬ੍ਰਾਹਮਣ ਤੇ ਦੇਖਣ ਨੂੰ ਉਹ ਮੌਲਵੀ ਲਗਦਾ ਸੀ। ਉਸ ਦਾ ਬਾਹਰ ਬੈਠੇ ਸਬਰ ਟੁੱਟ ਗਿਆ ਤੇ ਉਹ ਕਮਰੇ ਅੰਦਰ ਹੀ ਆ ਗਿਆ। ਕਹਿੰਦਾ ਇਸ ਤੋਂ ਵੱਧ ਉਡੀਕ ਨਹੀਂ ਸੀ ਹੋ ਸਕਦੀ। ਜਦੋਂ ਉਹ ਕਮਰੇ ਅੰਦਰ ਦਾਖਲ ਹੋਇਆ ਤਾਂ ਮੈਂ ਅੱਬਾਸ ਨੂੰ ਦੱਸਿਆ ਕਿ ਉਹ ਮੇਰਾ ਦੋਸਤ ਹੈ ਤੇ ਅਸੀਂ ਕਿਧਰੇ ਜਾਣ ਕਰਕੇ ਮੈਂ ਇਸ ਨੂੰ ਬਾਹਰ ਲਾਬੀ ਵਿਚ ਉਡੀਕ ਕਰਨ ਦੀ ਬੇਨਤੀ ਕੀਤੀ ਸੀ। ਅੱਬਾਸ ਨੇ ਉਸ ਨੂੰ ਕੋਈ ਮੌਲਵੀ ਸਮਝਦਿਆਂ ਆਪਣਾ ਪੈੱਗ ਇਵੇਂ ਲੁਕੋਇਆ ਕਿ ਉਹ ਸ਼ਬਦਾਂ ਵਿਚ ਬਿਆਨ ਨਹੀਂ ਹੋ ਸਕਦਾ। ਪਰ ਜਦ ਮੈਂ ਦੱਸਿਆ ਕਿ ਗੋਤਮ ਮੇਰਾ ਅਜ਼ੀਜ਼ ਦੋਸਤ ਹੈ ਤੇ ਅਸੀਂ ਇਕੋ ਸ਼ਹਿਰ ਦੇ ਰਹਿਣ ਵਾਲੇ ਹਾਂ ਤੇ ਜ਼ਾਤ ਦਾ ਉਹ ਬ੍ਰਾਹਮਣ ਹੈ ਪਰ ਮੰਨਦਾ ਕਿਸੇ ਧਰਮ ਨੂੰ ਨਹੀਂ ਤਾਂ ਕਿਤੇ ਉਹਨਾਂ ਮਸੀਂ ਡਰੈਸਿੰਗ ਟੇਬਲ ਪਿੱਛੇ ਅੜਾਇਆ ਹੋਇਆ ਗਲਾਸ ਕੱਢਿਆ ਤੇ ਅਸੀਂ ਸਭ ਨੇ ਖੂਬ ਠਹਾਕੇ ਮਾਰਦਿਆਂ ਰਲ਼ ਕੇ ਚੀਅਰਜ਼ ਕੀਤਾ।

ਇਸ ਤ੍ਰਾਂਹ ਇਕ ਹੋਰ ਘਟਨਾ ਹੋਈ। ਅੱਬਾਸ ਨੇ ਇਕ ਕਹਾਣੀ "ਸਰਦਾਰ" ਲਿਖੀ। ਉਹ ਵੈਸੇ ਵੀ ਸੱਚ 'ਤੇ ਅਧਾਰਤ ਸੀ ਕਿ ਕਿਵੇਂ 1947 'ਚ ਭਾਰਤ ਦੀ ਵੰਡ ਸਮੇਂ ਇਕ ਸਿੱਖ ਨੇ ਮੁਸਲਮਾਨ ਪਰਿਵਾਰ ਦੀਆਂ ਜਾਨਾਂ ਬਚਾਉਣ ਲਈ ਆਪਣੀ ਜਾਨ ਵਾਰਨ ਦੀ ਠਾਣ ਲਈ ਸੀ। ਉਸ ਕਹਾਣੀ ਦੀ ਬਹੁਤ ਚਰਚਾ ਹੋਈ ਤੇ ਇਸ ਬਾਰੇ ਭਾਰਤ ਤੇ ਵਿਦੇਸ਼ਾਂ ਵਿਚ ਖ਼ਬਰ ਫੈਲ ਗਈ ਕਿ ਅੱਬਾਸ ਸਾਹਿਬ ਨੇ ਕਿਵੇਂ ਸਿੱਖ ਦੇ ਬਾਰਾਂ ਵਜਦੇ ਹਨ ਦਾ ਮਜ਼ਾਕ ਉਡਾਇਆ। ਅੰਮ੍ਰਿਤਸਰੋਂ ਮਤੇ ਪਾਸ ਹੋ ਗਏ। ਸਾਰਾ ਸਿੱਖ ਭਾਈਚਾਰਾ ਅੱਬਾਸ ਦੇ ਖਿਲਾਫ ਹੋ ਉਠਿਆ। ਉਹ ਦਸਦੇ ਸਨ ਕਿ ਕਿਵੇਂ ਉਹ ਜਦ ਭਾਰਤੀ ਫੌਜਾਂ ਦੇ ਮੌਰੇਲ ਤੇ ਉਤਸ਼ਾਹ ਨੂੰ ਕਾਇਮ ਰੱਖਣ ਲਈ ਫਿਲਮੀ ਟੀਮ ਨਾਲ ਸਰਹੱਦ 'ਤੇ ਗਏ ਤਾਂ ਉਥੋਂ ਦੀ ਸਿੱਖ ਪਲਟਨ ਨੇ ਉਹਨਾਂ ਦਾ ਬਾਈਕਾਟ ਕਰ ਦਿਤਾ। ਕਹਿੰਦੇ, "ਇਹ ਸਿੱਖਾਂ ਦਾ ਦੁਸ਼ਮਣ ਹੈ, ਸਾਡਾ ਮਜ਼ਾਕ ਉਡਾਇਆ ਹੈ ਇਸਨੇ।" ਇਸ ਤੇ ਅੱਬਾਸ ਨੇ ਉਸ ਪਲਟਨ ਦੇ ਅਫਸਰਾਂ ਨੂੰ ਬਥੇਰਾ ਕਿਹਾ ਕਿ ਇਸ ਵਿਚ ਤਾਂ ਉਹਨਾਂ ਇਕ ਸਿੱਖ ਨੂੰ ਹੀਰੋ ਬਣਾਇਆ ਹੈ, ਬੇਇੱਜ਼ਤੀ ਕਿਵੇਂ ਹੋਈ? ਇਸ ਵਿਚ ਤਾਂ ਇਕ ਸਿੱਖ ਮੁਸਲਮਾਨ ਪਰਿਵਾਰ ਦੀ ਰੱਖਿਆ ਲਈ ਆਪਣੀ ਜਾਨ ਤੀਕ ਵਾਰਨ ਨੂੰ ਤਿਆਰ ਹੈ। ਅੱਬਾਸ ਨੇ ਕਿਹਾ ਕਿ ਉਹ ਕਹਾਣੀ ਸੁਣ ਲੈਣ, ਜੇ ਫੇਰ ਵੀ ਤਸੱਲੀ ਨਾ ਹੋਵੇ ਤਾਂ ਉਹ ਬਾਈਕਾਟ ਜਾਰੀ ਰੱਖਣ। ਉਸ ਪਲਟਣ ਦਾ ਅਫਸਰ ਇਸ ਗੱਲ ਲਈ ਮੰਨ ਗਿਆ ਤੇ ਪੂਰੀ ਕਹਾਣੀ ਸੁਣਨ ਉਪਰੰਤ ਉਸ ਅੱਬਾਸ ਨੂੰ ਦੱਸਿਆ ਕਿ ਉਸ ਦੇ ਫੌਜੀ ਤਾਂ ਅੰਮ੍ਰਿਤਸਰੋਂ ਪਾਸ ਹੋਏ ਮਤੇ ਕਾਰਨ ਹੀ ਭੜਕੇ ਸਨ। ਉਸ ਆਪਣੀ ਪਲਟਣ ਨੂੰ ਆਪਣੀ ਰਾਇ ਦਿੱਤੀ ਤਾਂ ਉਹਨਾਂ ਸਿਪਾਹੀਆਂ ਨੇ ਅੱਬਾਸ ਨੂੰ ਜੱਫੀ ਪਾਈ. ਉਹਨਾਂ ਅੱਬਾਸ ਨੂੰ ਜੱਫੀ ਵਿਚ ਘੁੱਟ ਲਿਆ ਤੇ ਪਲਟਨ 'ਚੋਂ ਇਕ ਸਿਪਾਹੀ ਵਲੋਂ ਮੁਆਫੀ ਮੰਗਦਿਆਂ ਅੱਬਾਸ ਨੂੰ ਕਿਹਾ, "ਅੱਬ ਤੋ ਰੰਮ ਕਾ ਏਕ ਪੱਗ ਉਨ ਕੇ ਸਾਥ ਪੀਨਾ ਪੜੇਗਾ।"

ਇਸੇ ਕਹਾਣੀ ਨੇ ਅੱਬਾਸ ਨੂੰ ਬਹੁਤ ਖੱਜਲ ਕੀਤਾ। ਝਾਂਸੀ ਦੇ ਇਕ ਸਰਦਾਰ ਨੇ ਅੱਬਾਸ 'ਤੇ ਮੁਕੱਦਮਾ ਕਰ ਦਿਤਾ। ਉਹ ਝਾਂਸੀ ਦੀ ਕਚਹਿਰੀ ਵਿਚ ਤਾਰੀਖ ਭੁਗਤਣ ਗਏ ਤਾਂ ਦੇਖਿਆ ਕਿ ਮੁਕੱਦਮਾ ਕਰਨ ਵਾਲਾ ਸਰਦਾਰ ਬਹੁਤ ਹੀ ਸੁਹਣੀ ਦਿੱਖ ਵਾਲਾ ਸ਼ੁਧ ਕਿਸਮ ਦਾ ਇਨਸਾਨ ਲਗਦਾ ਸੀ. ਉਹਦੇ ਚਿੱਟੇ ਵਾਲ, ਚਿੱਟੀ ਪੱਗ, ਚਿੱਟੀ ਪੁਸ਼ਾਕ ਇਸ ਗੱਲ ਦੀ ਗਵਾਹੀ ਸਨ. ਉਹ ਕਚਿਹਰੀ ਵਿਚ ਜੱਜ ਵਲੋਂ ਉਸ ਨੂੰ ਆਵਾਜ਼ ਪੈਣ ਦੀ ਉਡੀਕ ਕਰ ਰਿਹਾ ਸੀ। ਅੱਬਾਸ ਨੇ ਉਸ ਕੋਲ ਜਫ਼ ਕੇ ਉਸ ਨੂੰ ਪੁੱਛਿਆ ਤਾਂ ਪਤਾ ਲੱਗਾ ਕਿ ਮੁਕੱਦਮਾ ਉਸੇ ਨੇ ਕੀਤਾ. ਪਰ ਜਦ ਅੱਬਾਸ ਨੇ ਉਸ ਨੂੰ ਪੁਛਿਆ ਕਿ ਕੀ ਉਸ ਖੁਦ ਉਹ ਕਹਾਣੀ ਪੜ੍ਹੀ ਹੈ? ਸਰਦਾਰ ਦੇ ਨਾਂਹ ਕਰਨ ਤੇ ਅੱਬਾਸ ਨੇ ਬੇਨਤੀ ਕੀਤੀ ਕਿ ਉਹ ਕਿਤੇ ਚਾਹ ਦੀ ਦੁਕਾਨ 'ਤੇ ਬੈਠ ਕੇ ਪਹਿਲਾਂ ਉਸ ਦੀ ਉਹ ਕਹਾਣੀ ਸੁਣ ਲਵੇ, ਜਿਸ ਕਰਕੇ ਉਸ ਨੇ ਲੇਖਕ ਉਪਰ ਮੁਕੱਦਮਾ ਕੀਤਾ? ਪਰ ਉਸ ਨੇ ਜ਼ਿੱਦ ਕੀਤੀ ਕਿ "ਅੰਮ੍ਰਿਤਸਰੋਂ ਮਤਾ ਪਾਸ ਹੋਇਆ ਤਾਂ ਇਸ ਵਿਚ ਸੁਣਨ ਦੀ ਗੱਲ ਹੀ ਕੀ ਹੈ?" ਪਰ ਕਾਫੀ ਜ਼ਿਦ ਕਰਨ ਬਾਦ ਅਖੀਰ ਉਹ ਬਜੁਰਗ ਮੰਨ ਗਏ ਤੇ ਇਕ ਰੈਸਟੋਰੈਂਟ ਵਿਚ ਬਹਿ ਕੇ ਪੂਰੀ ਕਹਾਣੀ ਸੁਣੀ। ਉਸ ਬਜੁਰਗ ਨੇ ਅੱਬਾਸ ਨੂੰ ਜੱਫੀ ਪਾਈ ਤੇ ਕਹਿੰਦਾ, "ਤੁਸੀਂ ਇਥੇ ਹੀ ਬੈਠੋ... ਮੈਂ ਕਚਿਹਰੀ ਜਾ ਕੇ ਮੁਕੱਦਮਾ ਵਾਪਸ ਲੈਣ ਦੀ ਅਰਜ਼ੀ ਦੇ ਕੇ ਆਉਂਦਾ ਹਾਂ।" ਇਸ ਤਰਾਂ ਦੀਆਂ ਹੋਰ ਵੀ ਕਹਾਣੀਆਂ ਉਹ ਸੁਣਾਉਂਦੇ। ਜਦੋਂ ਕਿਤੇ ਮਹਿਫਲ ਲਗਣੀ ਤਾਂ ਉਹਨਾਂ ਕੋਲਲੇ ਖਜ਼ਾਨੇ ਦਾ ਪਟਾਰਾ ਖੋਹਲਣ ਦੀ ਫਰਮਾਇਸ਼ ਹਰੇਕ ਵਲੋਂ ਹੁੰਦੀ। ਉਹ ਰਾਜ ਕਪੂਰ ਬਾਰੇ ਗੱਲਾਂ ਕਰਦੇ। ਆਪਣੇ ਹੋਰ ਸਹਿਯੋਗੀਆਂ ਤੇ ਕਲਾਕਾਰਾਂ ਬਾਰੇ ਗੱਲਾਂ ਕਰਦੇ। ਅਮਿਤਾਭ ਬੱਚਨ ਦੀ ਤਾਰੀਫਾਂ ਦੇ ਪੁੱਲ ਬੰਨਦੇ। ਉਹ ਕਹਿੰਦੇ, ਅਮਿਤਾਭ ਬੱਚਨ ਜਿੰਨਾ ਡਸਿਪਲਨ ਦਾ ਪੱਕਾ ਬੰਦਾ ਉਹਨਾਂ ਹਾਲੇ ਤੀਕ ਫਿਲਮ ਇੰਡਸਟਰੀ ਵਿਚ ਨਹੀਂ ਦੇਖਿਆ। ਉਹ ਦਸਦੇ ਕਿ ਜਦ ਅਮਿਤਾਭ ਦੀ ਪਹਿਲੀ ਫਿਲਮ ਸ਼ੁਟ ਕਰ ਰਹੇ ਸਨ ਤਾਂ ਅਮਿਤਾਭ ਇਕ ਲੋਹੇ ਦਾ ਆਪਣਾ ਟਰੰਕ ਲੈ ਕੇ ਆਉਂਦਾ ਸੀ ਜਿਸ ਵਿਚ ਉਹਦੇ ਆਪਣੇ ਕਪੜੇ ਤੇ ਬਿਸਤਰਾ ਹੁੰਦਾ। ਉਹ ਆਪਣਾ ਬਿਸਤਰਾ ਜ਼ਮੀਨ 'ਤੇ ਖੁਦ ਵਿਛਾਉਂਦਾ ਤੇ ਠੀਕ ਸਮੇਂ ਸਿਰ ਸੌਂ ਜਾਂਦਾ ਤੇ ਸਵੇਰੇ ਠੀਕ ਸਮੇਂ ਸਿਰ ਉਠ, ਨਹਾ, ਧੋ ਕੇ ਨਿਸਚਿਤ ਸਮੇਂ ਸ਼ੂਟਿੰਗ 'ਤੇ ਪਹੁੰਚ ਜਾਂਦਾ। ਉਹਦੇ ਡਸਿਪਲਨ ਬਾਰੇ ਬੰਬਈ ਫਿਲਮੀ ਨਗਰੀ ਵਿਚ ਮਗਰੋਂ ਮਸ਼ਹੂਰ ਸੀ ਕਿ ਜੇ ਅਮਿਤਾਭ ਦੀ ਕਾਰ ਕਿਸੇ ਸਟੂਡਿਓ ਵਿਚ ਜਾ ਰਹੀ ਹੈ ਤਾਂ ਸਮਝੋ ਸਵੇਰ ਦੇ ਨੌਂ ਵੱਜੇ ਹਨ ਤੇ ਜੇ ਸ਼ਾਮ ਵੇਲੇ ਬਾਹਰ ਆ ਰਹੀ ਹੈ ਤਾਂ ਸਮਝੋ ਕਿ ਸ਼ਾਮ ਦੇ ਸੱਤ ਵੱਜੇ ਹਨ, ਘੜੀ ਦੇਖਣ ਦੀ ਲੋੜ ਨਹੀਂ। ਅੱਬਾਸ ਦਸਦੇ ਸਨ ਕਿ ਅਮਿਤਾਭ ਦੀ ਪਹਿਲੀ ਫਿਲਮ 'ਸਾਤ ਹਿੰਦੁਸਤਾਨੀ" ਵਿਚ ਉਹਨਾਂ ਦੇ ਕਿਰਦਾਰ ਨੂੰ ਇਕ ਉੱਚੀ ਇਮਾਰਤKਕਿਲ੍ਹੇ ਵਿਚੋਂ ਰੱਸੇ ਰਾਹੀਂ ਸਮੁੰਦਰ ਵੱਲ ਲਟਕਣਾ ਸੀ। ਅੱਬਾਸ ਨੇ ਡੁਪਲੀਕੇਟ ਦਾ ਪ੍ਰਬੰਧ ਵੀ ਕਰ ਲਿਆ ਪਰ ਅਮਿਤਾਭ ਨਹੀਂ ਮੰਨੇ। ਕਹਿੰਦੇ ਕਿ ਉਹ ਇਸ ਸੀਨ ਨੂੰ ਖੁਦ ਕਰਨਗੇ ਤੇ ਜਦ ਉਹ ਸੀਨ ਹੋ ਰਿਹਾ ਸੀ ਤਾਂ ਸਾਰੀ ਟੀਮ ਫਿਕਰਮੰਦ ਸੀ, ਪਰ ਅਮਿਤਾਭ ਦੇ ਚਿਹਰੇ 'ਤੇ ਕਾਨਫੀਡੈਂਸ ਸੀ। ਉਹ ਸੀਨ ਪੂਰਾ ਹੋ ਗਿਆ ਤਾਂ ਅੱਬਾਸ ਨੇ ਉਸ ਨੂੰ ਥਾਪੀ ਦੇ ਕੇ ਸ਼ਾਬਾਸ਼ੀ ਦਿਤੀ। ਰਾਜਕਪੂਰ ਬਾਰੇ ਉਹ ਦੱਸਦੇ ਸਨ ਕਿ ਉਹ ਅਖੀਰਲੇ ਦਿਨਾਂ ਵਿਚ ਸ਼ਰਾਬ ਬਹੁਤ ਪੀਣ ਲਗ ਪਿਆ ਸੀ, ਜਿਵੇਂ ਉਸ ਦਾ ਦਿਲ ਹੀ ਟੁੱਟ ਗਿਆ ਹੋਵੇ। "ਮੇਰਾ ਨਾਮ ਜੋਕਰ" ਬਣਾ ਕੇ ਕਹਿੰਦਾ ਕਿ ਭਾਰਤੀਆਂ ਨੂੰ ਫਿਲਮ ਦੇਖਣੀ ਹੀ ਨਹੀਂ ਆਉਂਦੀ। ਮਸਾਲੇਦਾਰ ਤੇ ਤੜਕ-ਭੜਕ ਵਧੇਰੇ ਪਸੰਦ ਕਰਦੇ ਹਨ ਤੇ ਅਸਲੀਅਤ ਤੋਂ ਦੂਰ ਭਜਦੇ ਹਨ। ਤੇ ਸ਼ਾਇਦ ਇਹੀ ਉਸ ਦੀ ਮੌਤ ਦਾ ਕਾਰਨ ਵੀ ਬਣਿਆ। ਹੋਰ ਕਈ ਕਲਾਕਾਰਾਂ ਬਾਰੇ ਤੇ ਸਾਹਿਤਕ ਗੱਲਾਂ ਹੁੰਦੀਆਂ। ਉਹਨਾਂ ਦੀ ਜੀਵਨੀ ਦੇ ਅੰਸ਼ ਸੁਣਦਿਆਂ ਪਤਾ ਹੀ ਨਾ ਲਗਦਾ ਕਿ ਸਮਾਂ ਕਿਵੇਂ ਉਡਾਰੀ ਮਾਰ ਗਿਆ ਹੋਵੇ।

1975 'ਚ ਲੱਗੀ ਐਮਰਜੈਂਸੀ ਖਤਮ ਹੋਈ ਹੀ ਸੀ। ਇੰਦਰਾ ਕਾਂਗਰਸ ਇਸੇ ਮੁੱਦੇ ਕਾਰਣ ਚੋਣਾਂ ਹਾਰ ਚੁੱਕੀ ਸੀ। ਸਾਹਿਤਕਾਰ ਇਸ ਵਿਸ਼ੇ ਨੂੰ ਲੈ ਆਮ ਹੀ ਹੀ ਬਹਿਸਣ ਬੈਠ ਜਾਂਦੇ। ਉਸ ਦਿਨ ਅਸੀਂ ਅੰਗ੍ਰੇਜ਼ੀ ਦੇ ਲੇਖਕ-ਪੱਤਰਕਾਰ ਤੇ ਮੇਰੇ ਮਿੱਤਰ ਸੁਰੇਸ਼ ਕੋਹਲੀ ਦੇ ਘਰ ਗਰੇਟਰ ਕੈਲਾਸ਼ ਬੈਠੇ ਸਿੱਪ ਕਰ ਰਹੇ ਸਾਂ। ਐਮਰਜੈਂਸੀ ਬਾਰੇ ਗੱਲ ਹੋਈ। ਮੈਂ ਕਹਿ ਬੈਠਾ, "ਐਮਰਜੈਂਸੀ ਭਾਰਤ ਦੇ ਆਜ਼ਾਦ ਇਤਿਹਾਸ ਦਾ ਗੋਲਡਨ ਪੀਰੀਅਡ ਸੀ, ਜਦੋਂ ਸਰਕਾਰ ਨੂੰ ਸਰਕਾਰ ਸਮਝਿਆ ਜਾਣ ਲੱਗ ਪਿਆ ਸੀ। ਉਸ ਸਮੇਂ ਮੈਂ ਨੌਜਵਾਨ ਕੁੜੀਆਂ ਨੂੰ ਅੱਧੀ ਰਾਤ ਨੂੰ ਬਿਨਾਂ ਕਿਸੇ ਖੌਫ ਦੇ ਇਕੱਲੇ ਘਰ ਜਾਂਦੇ ਦੇਖਿਆ ਸੀ। ਰਿਸ਼ਵਤ ਲੈਂਦੇ ਫਸ ਜਾਣ ਦੇ ਡਰ ਦੀ ਪ੍ਰਥਾ ਚਲ ਪਈ ਸੀ। ਅੜੰਗੇ ਪਾਉਣ ਵਾਲੇ ਤੇ ਗੁੰਡੇ ਸਭ ਜੇਲ੍ਹਾਂ ਵਿਚ ਸੁੱਟ ਦਿਤੇ ਗਏ ਸਨ!" ਮੇਰੀ ਇਸ ਗੱਲ 'ਤੇ ਅੱਬਾਸ ਅੱਗ-ਬਬੂਲਾ ਹੋ ਗਏ। ਉਹ ਮੇਰੇ ਗਲ ਹੀ ਪੈ ਗਏ।ਮੈਨੂੰ ਕਹਿੰਦੇ, "ਉਹਨਾਂ ਮੁਸਲਮਾਨਾਂ ਨੂੰ ਦੇਖ ਜੋ ਪੁਸ਼ਤਾਂ ਤੋਂ ਤੁਰਕਮਾਨ ਗੇਟ ਰਹਿੰਦੇ ਸਨ ਤੇ ਐਮਰਜੈਂਸੀ ਨੇ ਉਹਨਾਂ ਨੂੰ ਆਪਣੇ ਸਮਾਜ ਤੋਂ ਦੂਰ ਕਰ ਦਿਤਾ। ਆਪਣੇ ਘਰਾਂ ਤੋਂ ਦੂਰ ਕਰ ਦਿਤਾ।" ਮੇਰੇ ਇਹ ਸਮਝਾਉਣ 'ਤੇ ਕਿ ਉਹ ਜਿਥੇ ਵੀ ਗਏ ਉਥੇ ਜਾ ਕੇ ਉਹ ਹੋਰ ਵੀ ਖੁਸ਼ ਸਨ, ਉਹ ਕੁਝ ਸ਼ਾਂਤ ਹੋ ਗਏ। ਉਨ੍ਹਾਂ ਲੋਕਾਂ ਦਾ ਉਥੋਂ ਉਜੜਨਾ ਤੇ ਸਰਕਾਰ ਵਲੋਂ ਉਨ੍ਹਾਂ ਨੂੰ ਹੋਰ ਥਾਹਾਂ 'ਤੇ ਵਸੇਬਾ ਕਰਵਉਣਾ ਠੀਕ ਸੀ ਜਾਂ ਗਲਤ ਇਹ ਰਾਜਨੀਤਕ ਪਾਰਟੀਆਂ ਦਾ ਹੀ ਕੰਮ ਸੀ ਪਰ ਮੇਰੇ ਜਾਨਣ ਵਾਲਿਆਂ ਵਿਚੋਂ ਕਈ ਲੋਕ ਐਸੇ ਸਨ ਜੋ ਨਵੀਂ ਥਾਂ ਜਾ ਕੇ ਧਰਮ ਦੀ ਬਜਾਇ ਪੜ੍ਹਾਈ ਲਿਖਾਈ ਵਲ ਵਧੇਰੇ ਧਿਆਨ ਦੇ ਰਹੇ ਸਨ ਤੇ ਆਪਣਾ ਭਵਿੱਖ ਕੱਟੜਵਾਦ ਦੀ ਥਾਂ ਵਿਦਿਆ ਦੇ ਆਸਰੇ ਉਸਾਰ ਰਹੇ ਹਨ।

ਹੋਰ ਵੀ ਉਹਨਾਂ ਨਾਲ ਬਹੁਤ ਸਾਰੀਆਂ ਗੱਲਾਂ ਹੁੰਦੀਆਂ। ਬਹਿਸਾਂ ਹੁੰਦੀਆਂ। ਸਹਿਤਕ-ਫਿਲਮੀ ਤੇ ਪਤਾ ਨਹੀਂ ਕੀ ਕੁਝ ਹੋਰ। ਉਹਨਾਂ ਨੂੰ ਆਪਣੇ ਸਾਹਮਣੇ ਬੈਠ ਬੰਦੇ ਤੋਂ ਸਿੱਖਣ ਦੀ ਬਹੁਤ ਖਾਹਸ਼ ਹੁੰਦੀ ਤੇ ਉਸ ਕੋਲੋਂ ਹਰ ਸਿਆਣੀ ਗੱਲ ਗ੍ਰਹਿਣ ਕਰਕੇ ਆਪਣੇ ਅੰਦਰ ਬੰਨ੍ਹ ਲੈਂਦੇ। ਜਿਹੜੀ ਵੀ ਉਹਨਾਂ ਦੇ ਕੰਮ ਦੀ ਕੋਈ ਗੱਲ ਹੁੰਦੀ ਉਸ ਨੂੰ ਆਪਣੀ ਲੇਖਣੀ ਰਾਹੀਂ ਸਮੇਂ ਸਿਰ ਵਰਤ ਕੇ ਹੋਰ ਲੋਕਾਂ ਤਕ ਪੁਜਦੀ ਕਰ ਦਿੰਦੇ।

ਪੂਰੀ ਜ਼ਿੰਦਗੀ ਦੇ ਸਫਰ ਵਿਚ ਉਹਨਾਂ ਦਾ ਹਸੂੰ-ਹਸੂੰ ਕਰਦਾ ਚਿਹਰਾ ਸਾਰੇ ਪਾਸੇ ਮੁਸਕਰਾਹਟ, ਬੁੱਧੀਜੀਵਤਾ ਅਤੇ ਦੋਸਤੀ ਦੀ ਮਹਿਕ ਖਿਲਾਰਦਾ ਰਿਹਾ। ਮੇਰਾ ਉਹਨਾਂ ਨਾਲ ਇਕ ਵਾਰ ਜੁੜਨ ਤੋਂ ਬਾਅਦ ਉਹਨਾਂ ਦੇ ਆਖਰੀ ਦਮ 1987 ਤਕ ਵਾਸਤਾ ਰਿਹਾ। ਪਰ ਅਫਸੋਸ ਕਿ ਜਦ ਉਹ ਮਸ਼ੀਨਾਂ ਦੇ ਸਹਾਰੇ ਆਖਰੀ ਸਾਹ ਲੈ ਰਹੇ ਸਨ ਤਾਂ ਉਹਨਾਂ ਦਾ ਇਕ ਰਿਸ਼ਤੇਦਾਰ ਉਨ੍ਹਾਂ ਦੇ 'ਫਿਲੋਮਨਾ' ਵਿਚ ਬੈਠਾ ਉਹਨਾਂ ਵਲੋਂ ਛੱਡ ਕੇ ਜਾਣ ਵਾਲੀ ਜਾਇਦਾਦ ਦਾ ਜਾਇਜ਼ਾ ਲੈ ਰਿਹਾ ਸੀ।

# ਘੱਟ ਉਮਰ ਦੇ ਬੱਚਿਆਂ ਵੱਲੋਂ ਮੋਬਾਇਲ ਅਤੇ ਇੰਟਰਨੈੱਟ ਦੀ ਵਰਤੋਂ ਚਿੰਤਾਜਨਕ ਵਿਸ਼ਾ



ਹਰਮਿੰਦਰ ਸਿੰਘ ਭੱਟ
91-99140-62205

ਅਜੋਕੇ ਤਕਨੀਕੀ ਯੁੱਗ ਕੰਪਿਊਟਰ, ਮੋਬਾਇਲ, ਟੈਬ ਆਦਿ ਹੋਰ ਉਪਕਰਨਾਂ ਰਾਹੀ ਜਿੱਥੇ ਸੰਚਾਰ ਸਾਧਨਾਂ ਵਿਚ ਸੋਸ਼ਲ ਮੀਡੀਆ ਦੀ ਅਹਿਮ ਭੂਮਿਕਾ ਦੇਖਣ ਨੂੰ ਮਿਲ ਰਹੀ ਹੈ ਜੋ ਕਿ ਕਾਫ਼ੀ ਹੱਦ ਤੱਕ ਸਾਰਥਿਕ ਵੀ ਹਨ ਪਰ ਉੱਥੇ ਹੀ ਸੋਸ਼ਲ ਮੀਡੀਆ ਦੇ ਬੇਹੱਦ ਨੁਕਸਾਨ ਵੀ ਹਨ। ਅੱਜ ਲਗਭਗ ਹਰੇਕ ਇਨਸਾਨ ਸੋਸ਼ਲ ਮੀਡੀਆ ਭਾਵ ਫੇਸਬੁਕ ਜਾਂ ਵਟਸਐਪ ਨਾਲ ਜੁੜਿਆ ਹੋਇਆ ਹੈ ਪਰ ਬੁੱਧੀਜੀਵੀ, ਸਮਾਜਸੇਵੀ, ਰਾਜਨੀਤਕ, ਧਾਰਮਿਕ ਸੰਸਥਾਵਾਂ ਅਤੇ ਆਮ ਵਰਗ ਦੇ ਲੋਕਾਂ ਤੋ ਇਲਾਵਾ ਬਹੁਤ ਹੀ ਘੱਟ ਉਮਰ ਦੇ ਬੱਚਿਆਂ ਵੱਲੋਂ ਵੀ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ ਜਾ ਰਹੀ ਹੈ ਜਿਸ ਦੇ ਸਿੱਟੇ ਵਜੋਂ ਬਚਿਆ ਵਿਚ ਆਪਣੀ ਉਮਰ ਤੋਂ ਪਹਿਲਾਂ ਹੀ ਨਾ ਜਾਣੂ ਹੋਣ ਵਾਲੀਆਂ ਗੱਲਾਂ ਜੋ ਕਿ ਸਿਰਫ਼ ਉਮਰ ਸੀਮਾਵਾਂ ਤੇ ਨਿਰਭਰ ਕਰਦੀਆਂ ਹਨ ਉਨ੍ਹਾਂ ਗੱਲਾਂ ਨੂੰ ਜਾਣਨ ਦੀ ਇੱਛਾ ਉਨ੍ਹਾਂ ਦੀ ਮੁੱਢਲੀ ਵਿੱਦਿਆ ਵਿਚ ਅੜਿੱਕੇ ਲਗਾ ਕੇ ਅਸੱਭਿਅਕ ਅਤੇ ਮੁਜਰਮ ਬਣਾਉਣ ਵਿਚ ਅਹਿਮ ਕਾਰਨ ਬਣਦੀ ਜਾ ਰਹੀ ਹੈ ਮਾਪਿਆਂ ਦੇ ਪੂਰਨ ਸਹਿਯੋਗ ਦੁਆਰਾ ਇਹਨਾਂ ਦੀ ਬੇਹੱਦ ਬੇਲੋੜੀ ਵਰਤੋ ਕਰ ਕੇ ਹੀ ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਸੰਤੁਲਨ ਉੱਪਰ ਮਾੜਾ ਪ੍ਰਭਾਵ ਪੈਣਾ ਵੀ ਸੁਭਾਵਿਕ ਹੋ ਰਿਹਾ ਹੈ ਜਿਸ ਕਾਰਨ ਅਜੋਕੇ ਸਮੇਂ ਵਿਚ ਛੋਟੀ ਉਮਰ ਵਿਚ ਹੀ ਜਾਣੇ ਅਨਜਾਣੇ ਵਿਚ ਕਈ ਗੁਨਾਹਾਂ ਦੀ ਵੀ ਸ਼ੁਰੂਆਤ ਹੋ ਰਹੀ ਹੈ ਜੋ ਕਿ ਜਵਾਨੀ ਵਿਚ ਪਹੁੰਚਦੇ ਪਹੁੰਚਦੇ ਕਿਸੇ ਵੀ ਵੱਡੀ ਜੁਲਮਾਨਾ ਵਾਰਦਾਤ ਨੂੰ ਬਗੈਰ ਕਿਸੇ ਝਿਜਕ ਤੇ ਡਰ ਤੋਂ ਕਰਨ ਲਈ ਆਗਾਜ਼ ਦਿੱਤਾ ਜਾ ਰਿਹਾ ਹੈ। ਪੰਜਾਬ ਅੰਦਰ ਜਿਸ ਉਮਰ ਦੇ ਬੱਚੇ ਕਿਸੇ ਸਮੇਂ ਕਬੱਡੀ, ਗੁੱਲੀ-ਡੰਡਾ, ਪਿੱਠੂ ਗਰਮ, ਬਾਂਟੇ ਆਦਿ ਖੇਡਾਂ ਖੇਡਦੇ ਅਤੇ ਪਤੰਗ ਚੜ੍ਹਾਉਂਦੇ ਹਨ ਸਨ ਪਰ ਉਹ ਆਪਣੇ ਅਮੀਰ ਵਿਰਸੇ ਤੋਂ ਵੀ ਅਣਜਾਣ ਹੁੰਦੇ ਜਾ ਰਹੇ ਹਨ, ਅੱਜ ਉਸੇ ਉਮਰ ਦੇ ਬੱਚੇ ਫੇਸਬੁਕ ਉੱਪਰ ਸ਼ੁਕੀਨੀ ਨਾਲ ਆਪਣੀ ਪ੍ਰੋਫਾਈਲ ਪਿਕਚਰਾਂ ਬਦਲਦੇ ਦਿਖਾਈ ਦੇ ਰਹੇ ਹਨ ਜਿਸ ਕਾਰਨ ਅੱਜ ਕੱਲ੍ਹ ਦੇ ਬੱਚਿਆਂ ਦਾ ਪੁਰਾਤਨ ਖੇਡਾਂ ਵੱਲੋਂ ਧਿਆਨ ਹਟਣ ਕਾਰਨ ਉਨ੍ਹਾਂ ਦਾ ਸਰੀਰਕ ਵਿਕਾਸ ਨਹੀਂ ਹੋ ਰਿਹਾ ਤੇ ਉਨ੍ਹਾਂ ਦਾ ਦਿਨ ਪਰ ਦਿਨ ਸੁਸਤ ਸੁਭਾ ਚਿੜਚਿੜੇਪਣ ਵਾਲਾ ਅਤੇ ਛੋਟੀ ਉਮਰੇ ਹੀ ਅੱਖਾਂ ਦਾ ਕਮਜ਼ੋਰ ਹੋਣ ਤੋ ਇਲਾਵਾ ਤਰਾਂ ਤਰਾਂ ਦੀਆਂ ਬਿਮਾਰੀਆਂ ਵਿਚ ਜਕੜੇ ਜਾ ਰਹੇ ਹਨ। ਅੱਜ-ਕੱਲ੍ਹ ਦੇ 12-12 ਸਾਲਾਂ ਦੇ ਬੱਚਿਆਂ ਵੱਲੋਂ ਫੇਸਬੁਕ ਚਲਾਉਣਾ ਇੱਕ ਫ਼ੈਸ਼ਨ ਬਣਦਾ ਜਾ ਰਿਹਾ ਹੈ ਅਤੇ ਦੇਖੋ-ਦੇਖੀ ਹੋਰ ਬੱਚੇ ਵੀ ਘਰਦਿਆਂ ਕੋਲੋਂ ਮਹਿੰਗੇ ਮੋਬਾਈਲ ਲੈ ਕੇ ਫੇਸਬੁਕ ਚਲਾ ਰਹੇ ਹਨ ਉਪਰੋਕਤ ਫੇਸਬੁਕ ਅਤੇ ਹੋਰ ਇਹੋ ਜਿਹੀਆਂ ਟਾਈਮ ਪਾਸ ਵਾਲੀਆਂ ਆਦਿ ਤੇ ਵੀ ਆਈ ਡੀ ਬਣਾਉਣ ਤੋ ਪਹਿਲਾਂ ਉਮਰ ਦੀ ਸੀਮਾ ਨਿਰਧਾਰਿਤ ਕੀਤੀ ਹੋਈ ਹੈ ਜੋ ਕਿ ਪੁੱਛੀ ਜਾਂਦੀ ਹੈ ਪਰ ਗ਼ਲਤ ਭਰ ਕੇ ਬਣਾ ਲਈ ਜਾਂਦੀ ਹੈ।ਇਸ ਕਰ ਕੇ ਇਹਨਾਂ ਦੀ ਨਜਾਇਜ਼ ਵਰਤੋ ਕਰ ਕੇ ਹੋ ਰਹੇ ਬਚਿਆਂ ਦੇ ਭਵਿਖਿਕ ਨੁਕਸਾਨ ਨੂੰ ਧਿਆਨ ਵਿਚ ਲਿਆਉਂਦੇ ਹੋਏ ਸਰਕਾਰਾਂ ਵੀ ਕੋਈ ਠੋਸ ਕਦਮ ਚੁੱਕਣ ਅਤੇ ਖ਼ਾਸਕਰ ਬਚਿਆਂ ਦੇ ਮਾਪਿਆਂ ਵੱਲੋਂ ਕੋਈ ਸਖ਼ਤ ਕਾਰਵਾਈ ਕਰ ਕੇ ਬਚਿਆਂ ਨੂੰ ਇਹਨਾਂ ਦੀ ਵਰਤੋ ਤੋ ਵਰਜਿਆ ਜਾਵੇ।

# ਜੇਜੋਂ-ਦੁਆਬਾ ਦਾ ਪਿਛੋਕੜ ਅਤੇ ਕੰਧ ਚਿੱਤਰ ਕਲਾ



ਇਸਤਰੀ ਅਤੇ ਪੁਰਸ਼



ਬਾਬੂ ਮੱਲ ਕਿਸ਼ਨ ਚਮਦ ਸਤੰਬਰ 1879



ਸ਼੍ਰੀ ਰਾਮ ਚੰਦਰ ਜੀ ਅਤੇ ਮਾਤਾ ਸੀਤਾ ਜੀ



ਦਰਸ਼ਨ ਸਿੰਘ ਦਰਸ਼ਨ (1102 ਫਰੈਂਡਜ਼ ਇਨਕਲੇਵ, ਹੁਸ਼ਿਆਰਪੁਰ)

ਸਥਿਤੀ:- ਹੁਸ਼ਿਆਰਪੁਰ ਜ਼ਿਲ੍ਹੇ ਦਾ ਇੱਕ ਕਸਬਾਨੁਮਾ ਪਿੰਡ 'ਮਾਹਿਲਪੁਰ' ਜੋ ਕਿ ਹੁਸ਼ਿਆਰਪੁਰ ਚੰਡੀਗੜ੍ਹ ਰੋਡ 'ਤੇ ਹੈ, ਤੋਂ ਲਗਪਗ 13-14 ਕਿਲੋ ਮੀਟਰ ਪੂਰਬ ਵਾਲੇ ਪਾਸੇ ਜੇਜੋਂ-ਦੁਆਬਾ ਇੱਕ ਛੋਟੀ ਪਹਾੜੀ ਉੱਤੇ ਸਥਿਤ ਹੈ। ਇਹ ਕਸਬਾ ਹਿਮਾਚਲ ਪ੍ਰਦੇਸ਼ ਦੀ ਹੱਦ ਦੇ ਨਾਲ ਲਗਦਾ ਹੈ। ਇਸ ਤੋਂ ਊਨਾ 38 ਕਿਲੋਮੀਟਰ ਹੈ। ਇਸ ਪ੍ਰਕਾਰ ਇਹ ਸਥਾਨ ਨੀਮ ਸ਼ਿਵਾਲਕ ਪਹਾੜੀਆਂ ਦੇ ਪੈਰਾਂ ਵਿੱਚ ਵਸਿਆ ਹੋਇਆ ਹੈ। ਇਸ ਸਥਾਨ 'ਤੇ ਜਾਣ ਲਈ ਮਾਹਿਲਪੁਰ, ਗੜ੍ਹਸ਼ੰਕਰ, ਊਨਾ ਆਦਿ ਤੋਂ ਬੱਸਾਂ ਆਦਿ ਦਾ ਸਾਧਨ ਹੈ। ਆਵਾਜਾਈ ਦੇ ਸਾਧਨ ਹੋਣ ਕਰਕੇ ਆਸ-ਪਾਸ ਦੇ ਪਿੰਡਾਂ ਦਾ ਇਸ ਸਥਾਨ ਨਾਲ ਸੁਖਾਵਾਂ ਸਬੰਧ ਹੈ। ਮੁੱਖ ਸੜਕ ਉੱਤੇ ਬੱਸਾਂ ਦਾ ਅੱਡਾ ਹੈ। ਜਿਸ ਦੇ ਆਸ-ਪਾਸ ਦੁਕਾਨਾਂ ਹਨ। ਇਥੋਂ ਉੱਤਰ- ਪੂਰਵੀ ਪਾਸੇ ਨੂੰ ਪਹਾੜੀ ਦੀ ਝੜਾਈ ਸ਼ੁਰੂ ਹੋ ਜਾਂਦੀ ਹੈ ਤੇ ਨਾਲ ਹੀ ਇੱਥੋਂ ਦੇ ਘਰ, ਧਾਰਮਿਕ ਅਸਥਾਨ, ਪੁਰਾਣੀਆਂ ਇਮਾਰਤਾਂ, ਜੋ ਹੁਣ ਢਹਿ-ਢੇਰੀ ਹੋ ਰਹੀਆਂ ਹਨ ਜਾਂ ਹੋ ਚੁੱਕੀਆਂ ਹਨ, ਸ਼ੁਰੂ ਹੋ ਜਾਂਦੀਆਂ ਹਨ।

ਬੱਸ ਸਟੈਂਡ ਦੇ ਦੁਸਰੇ ਪਾਸੇ, ਪੂਰਵ-ਦੱਖਣ ਵੱਲ ਇੱਕ ਪਹਾੜੀ ਦੇ ਸਿੱਖਰ 'ਤੇ ਸਨਿਆਸੀਆਂ ਦਾ ਡੇਰਾ ਹੈ ਜੋ ਕਿ ਸ਼ਿਵ ਜੀ ਦਾ ਮੰਦਿਰ ਹੈ। ਇਸ ਨੂੰ 'ਜੂਨਾ ਅਖਾੜਾ' ਵੀ ਕਿਹਾ ਜਾਂਦਾ ਹੈ ਜਿਹੜਾ ਆਪਣੀ ਪ੍ਰਾਚੀਤਾ ਅਤੇ ਮਾਨਤਾ ਕਰਕੇ ਪ੍ਰਸਿੱਧ ਹੈ। ਇਸ ਦਾ ਸੰਬੰਧ 'ਬੜਾ ਹਨੂੰਮਾਨ ਘਾਟ' ਨਾਲ ਦੱਸਿਆ ਗਿਆ ਹੈ। ਇਸ ਦਾ ਸੰਬੰਧ ਚੌਵੀ ਪ੍ਰਸਿੱਧ ਅਖਾੜਿਆਂ ਨਾਲ ਦੱਸਿਆ ਜਾਂਦਾ ਹੈ। ਇੱਥੇ ਨਾ ਕੇਵਲ ਪ੍ਰਾਚੀਨ ਬਿੱਲਡਿੰਗਾਂ ਮਿਲੀਆਂ ਬਲਕਿ ਉਨ੍ਹਾਂ ਉਪਰ ਕਲਾ ਦੇ ਨਮੂਨੇ ਵੀ ਮਿਲੇ ਜੋ ਕਲਾ ਪ੍ਰੇਮੀਆਂ ਦੀ ਖਿੱਚ ਦਾ ਕੇਂਦਰ ਹਨ। ਪਹਾੜੀ ਉਪਰਲੇ ਮੰਦਿਰ 'ਚ ਰਹਿੰਦੇ ਪੁਜਾਰੀ ਜੀ ਨੇ ਦੱਸਿਆ ਕਿ ਰਾਜਾ ਰਾਮ ਸਿੰਘ (ਸੰਨ 1705 ਈ: ਲਗਪਗ) ਦਾ ਇੱਥੇ ਕਿਲਾ ਹੁੰਦਾ ਸੀ, ਜਿਸ ਦੀ ਇੱਕ ਆਖਰੀ ਨਿਸ਼ਾਨੀ ਗੇਟ ਹੈ ਜੋ ਹਾਲੇ ਵੀ ਇੱਥੇ ਮੌਜੂਦ ਹੈ। ਉਨ੍ਹਾਂ ਦੱਸਿਆ ਕਿ ਸੱਭ ਤੋਂ ਪਹਿਲਾਂ ਬਾਵਾ ਜੀ ਨੇ ਇਸ ਵੱਡੇ ਪੇੜ ਦੇ ਥੱਲੇ ਬੈਠ ਕੇ ਤਪੱਸਿਆ ਕੀਤੀ ਸੀ ।ਉਨ੍ਹਾਂ ਦਿਨਾਂ ਵਿੱਚ ਇੱਥੇ ਸ਼ੇਰ, ਚੀਤੇ ਅਤੇ ਹੋਰ ਜੰਗਲੀ ਖੂੰਖਾਰ ਜਾਨਵਰ ਆਮ ਹੀ ਘੁੰਮਦੇ ਹੁੰਦੇ ਸਨ।

ਜੇਜੋਂ ਦੋਆਬ ਦੇ ਨਾਮ ਅਤੇ ਕਾਰੋਬਾਰ ਸੰਬੰਧੀ ਜਾਣਕਾਰੀ:- ਦੋ ਦਰਿਆਵਾਂ (ਸਤਲੁਜ ਅਤੇ ਬਿਆਸ) ਦੇ ਵਿਚਕਾਰ ਦੀ ਧਰਤੀ ਨੂੰ ਦੁਆਬਾ (ਦੋ + ਆਬ) ਦਾ ਨਾਮ ਦਿੱਤਾ ਗਿਆ ਹੈ ਅਤੇ ਜੇਜੋਂ ਇਨ੍ਹਾਂ ਦੋ ਦਰਿਆਵਾਂ ਦੇ ਵਿਚਕਾਰ ਘੁੱਗ ਵੱਸਿਆ ਹੋਣ ਕਰਕੇ ਇਸ ਦੇ ਨਾਮ ਨਾਲ ਦੋਆਬਾ ਸ਼ਬਦ ਜੁੜ ਗਿਆ ਜਿਸ ਤੋਂ ਇਸ ਦਾ ਨਾਮ ਜੇਜੋਂ ਦੋਆਬਾ ਪੈ ਗਿਆ। ਇਹ ਕਸਬਾ ਆਪਣੇ ਸਮੇਂ ਵਿੱਚ ਇੱਕ ਪ੍ਰਸਿੱਧ ਵਪਾਰਕ ਕੇਂਦਰ ਰਿਹਾ ਹੈ।ਚਿਕਸਤਾ ਪੱਖੋਂ ਵੀ ਮਹੱਵਪੂਰਣ ਰਿਹਾ ਹੈ। ਇਸ ਨੂੰ ਕੋਮਲ ਕਲਾਵਾਂ ਦਾ ਖਜਾਨਾ ਕਿਹਾ ਗਿਆ ਹੈ। ਇੱਥੋਂ ਦੇ ਰਈਆਂ ਅਤੇ ਅਮੀਰ ਵਿਉਪਾਰੀਆਂ ਦੇ ਵੱਡੇ-ਵੱਡੇ ਘਰਾਂ ਨੂੰ ਦੇਖ- ਪਰਖ ਕੇ ਇਹ ਯਕੀਨ ਹੋ ਜਾਂਦਾ ਹੈ ਕਿ ਇਹ ਕਸਬਾ ਹਰ ਪੱਖੋਂ ਦੂਰ-ਦੁਰਾਡੇ ਇਲਾਕਿਆਂ ਤੱਕ ਆਪਣੀ ਧਾਂਕ ਜਮਾਂ ਚੁੱਕਾ ਸੀ। ਇੱਥੋਂ ਦੀ ਜਾਣਕਾਰੀ ਤੋ ਪਤਾ ਲੱਗਾ ਕਿ ਇੱਥੋਂ ਵਪਾਰ ਖੱਚਰਾਂ, ਘੋੜਿਆਂ, ਗੱਡਿਆਂ ਆਦਿ ਰਾਹੀਂ ਹੁਸ਼ਿਆਰਪੁਰ, ਊਨਾ, ਰਾਹੋਂ ਆਦਿ ਤੱਕ ਆਮ ਹੀ ਕੀਤਾ ਜਾਂਦਾ ਸੀ।

11ਵੀਂ ਸਦੀ ਦੇ ਆਸ ਪਾਸ ਜੇਜੱਟ ਰਿਸ਼ੀ ਨੇ ਇਸ ਦੀ ਖੋਜ ਕੀਤੀ ਸੀ। ਉਸ ਸਮੇਂ ਪੜ੍ਹਾਈ ਦਾ ਇਹ ਮੁੱਖ ਕੇਂਦਰ ਸੀ। ਪ੍ਰਸਿੱਧ ਸੰਗੀਤਕਾਰ ਪੰਡਿਤ ਹੁਸਨ ਲਾਲ ਅਤੇ ਭਗਤ ਰਾਮ ਤੇ ਪਾਕਿਸਤਾਨੀ ਮਸ਼ਹੂਰ ਕਵੀ ਤੁਫੈਲ ਹੁਸ਼ਿਆਰਪੁਰੀ ਇਸ ਅਸਥਾਨ ਨਾਲ ਸੰਬੰਧ ਰੱਖਦੇ ਸਨ। ਅਯੂਰਵੈਦਿਕ ਵਿਦਵਾਨ ਪੰਡਿਤ ਲੇਟ ਸ਼੍ਰੀ ਗੋਬਿੰਦ ਰਾਮ ਵਾਤਸ਼ਿਆਨਾਂ ਅਤੇ ਸੰਸਕ੍ਰਿਤ ਮਹਾਨ ਆਚਾਰੀਆ ਵਿਸ਼ਵਨਾਥ ਜੇਜੋਂ ਦੇ ਸਨ। ਜਦੋ ਚੰਡੀਗੜ੍ਹ ਆਪਣੀ ਪਹਿਚਾਣ ਵਿੱਚ ਆਇਆ ਤਾਂ ਜੇਜੋਂ ਆਪਣੀ ਪਹਿਚਾਣ ਅਤੇ ਪੁਰਾਣੀ ਸ਼ਾਨ ਗਵਾ ਚੁੱਕਾ ਸੀ। ਹੁਣ ਇਹ ਇੱਕ ਸੁੱਤੇ ਹੋਏ ਸ਼ਹਿਰ ਦੀ ਤਰ੍ਹਾਂ ਹੈ, ਜਿੱਥੇ ਕਦੇ ਚੀਨੀ ਯਾਤਰੀ ਹਿਉਨਸਾਂਗ ਆਪਣੀ ਯਾਤਰਾ ਭ੍ਰਮਣ ਕੀਤਾ ਸੀ ਜਦੋਂ ਉਹ ਮਾਹਿਲਪੁਰ ਆਇਆ ਤਾਂ ਉਸ ਨੇ ਇਸ ਨੂੰ ਸ਼੍ਰੀ ਮਾਂਈਪਾਲਪੁਰ ਦੇ ਨਾਮ ਨਾਲ ਲਿਖਿਆ ਸੀ। ਇੱਥੋਂ ਇਹ ਸਿੱਧ ਹੁੰਦਾ ਹੈ ਕਿ ਜੇਜੋਂ ਪ੍ਰਾਚੀਨ ਸ਼ਹਿਰ ਹੈ।

ਕਲਾ ਪੱਖ:- ਜੇਜੋਂ-ਦੋਆਬਾ, ਕਲਾ ਦਾ ਇੱਕ ਅਣਮੁੱਲਾ ਖਜ਼ਾਨਾ ਆਪਣੇ ਵਿੱਚ ਸਮੋਈ ਬੈਠਾ ਹੈ। ਇੱਥੋਂ ਦੀਆਂ ਕੋਠੀਆਂ, ਘਰ, ਮਕਾਨ ਆਦਿ ਮਕਾਨ ਉਸਾਰੀ ਗੁਣਾਂ ਦਾ ਅਦੁੱਤੀ ਨਮੂਨਾ ਹਨ। ਮੋਟੀਆਂ-ਮੋਟੀਆਂ ਕੰਧਾਂ ਦੇ ਬਣੇ ਤਿਨ-ਤਿੰਨ ਮੰਜਿਲੀ ਮਕਾਨ ਹੁਣ ਭਾਂਵੇ ਢਹਿ-ਢੇਰੀ ਹੋ ਚੁੱਕੇ ਹਨ ਪਰ ਹਾਲੇ ਵੀ ਆਪਣੀ ਸ਼ਾਨ ਦੀ ਦਾਸਤਾਂ ਸੁਣਾਉਂਦੇ ਹਨ। ਬਰਾਂਮਦਿਆਂ ਦੇ ਦਰਵਾਜੇ ਅਰਧ ਗੋਲਾਕਾਰ ਦੀ ਸ਼ਕਲ ਦੇ ਬਣੇ ਹੋਏ ਹਨ ਜੋ ਲਗਪਗ 8 ਫੁੱਟ ਚੌੜੇ ਹਨ। ਲੱਕੜ ਦੀਆਂ ਚੋਗਾਠਾਂ ਉੱਤੇ ਬਹੁਤ ਹੀ ਮਹੀਨ ਕਿਸਮ ਦੀ ਕਲਾਕਾਰੀ ਕੀਤੀ ਹੋਈ ਦੇਖਣ ਨੂੰ ਮਿਲਦੀ ਹੈ। ਲੱਕੜ ਉੱਤੇ ਕੀਤੀ ਨਕਾਸ਼ੀ ਦੇ ਕਿਨਾਰੇ ਹਾਲੇ ਤੱਕ ਵੀ ਤਿੱਖੇ-ਤਿੱਖੇ ਹਨ। ਦਰਵਾਜ਼ਿਆਂ ਵਿੱਚ ਮੋਟੀ ਲੱਕੜ ਦੀਆਂ ਲਰ੍ਹਾਂ ਦੀ ਜੜ੍ਹਤ ਕੀਤੀ ਹੋਈ ਹੈ। ਇਸੇ ਤਰ੍ਹਾਂ ਖਿੜਕੀਆਂ ਅਤੇ ਰੋਸ਼ਨਦਾਨ ਬਹੁਤ ਹੀ ਮਜਬੂਤ ਅਤੇ ਕਲਾ ਦਾ ਅਤੀ ਸੁੰਦਰ ਨਮੂਨਾ ਹਨ। ਬਰਾਮਦਿਆਂ ਤੋਂ ਬਾਅਦ ਕਮਰੇ ਅਤੇ ਫਿਰ ਇਨ੍ਹਾਂ ਦੇ ਪਿੱਛੇ ਕੋਠੜੀਆਂ ਬਣੀਆਂ ਹਨ। ਮਕਾਨ ਉਸਾਰੀ ਵਿੱਚ ਮਜਬੂਤੀ ਲਿਆਉਣ ਲਈ ਸਰੀਏ ਅਤੇ ਚੂਨੇ ਦਾ ਇਸਤੇਮਾਲ ਕੀਤਾ ਮਿਲਦਾ ਹੈ। ਰੋਸ਼ਨੀ ਅਤੇ ਹਵਾ ਦਾ ਵੀ ਖਾਸ ਖਿਆਲ ਰੱਖਿਆ ਗਿਆ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਇੱਕ ਮਕਾਨ ਉਸਾਰਕ, ਵਧੀਆ ਕਲਾਕਾਰ ਵੀ ਸੀ।

ਕੰਧ ਚਿੱਤਰ:- ਜੇਜੋਂ ਵਿਖੇ ਘਰਾਂ ਦੀਆਂ ਕੰਧਾਂ ਉੱਤੇ ਹਰ ਵਿਸ਼ੇ ਨਾਲ ਸੰਬੰਧਤ ਚਿੱਤਰ ਵੇਖਣ ਨੂੰ ਮਿਲੇ। ਇਨ੍ਹਾਂ ਵਿੱਚ ਹਾਲੇ ਵੀ ਬਹੁਤ ਸਾਰੇ ਕੰਧ ਚਿੱਤਰ ਚੰਗੀ ਹਾਲਤ ਵਿੱਚ ਹਨ। ਤਿੰਨ ਮੰਜ਼ਿਲੀ ਮਕਾਨਾਂ ਦੇ ਮੱਥੇ ਵੱਖ-ਵੱਖ ਕਲਾ ਦੀਆਂ ਸ਼ੈਲੀਆਂ ਜਿਵੇਂ ਕੰਧ ਚਿੱਤਰ ਸ਼ੈਲੀ, ਉਭਾਰ ਸ਼ੈਲੀ, ਬੁੱਤ ਸੈਲੀ ਆਦਿ ਵਿੱਚ ਸਜਾਏ ਹੋਏ, ਹੁਣ ਵੀ ਮਿਲਦੇ ਹਨ। ਇਨ੍ਹਾਂ ਵਿੱਚ ਕਈ ਚਿੱਤਰ ਤਾਂ ਖਤਮ ਹੋਣ ਦੀ ਕਗਾਰ 'ਤੇ ਹਨ ਅਤੇ ਬਹੁਤੇ ਸਾਫ ਹੀ ਹੋ ਚੁੱਕੇ ਹਨ। ਜਿਨ੍ਹਾਂ ਦੇ ਵਿਸ਼ੇ-ਵਸਤੂ ਬਾਰੇ ਕੁੱਝ ਪਤਾ ਨਹੀਂ।

**ਕੰਧ ਚਿੱਤਰਾਂ ਦੇ ਵਿਸ਼ੇ:-** ਇਹਨ੍ਹਾਂ ਕੰਧ ਚਿੱਤਰਾਂ ਵਿੱਚ ਵੱਖ-ਵੱਖ ਧਰਮਾਂ ਦੇ ਵਿਸ਼ੇ, ਜਿਵੇਂ ਹਿੰਦੂ, ਸਿੱਖ ਆਦਿ ਨੂੰ ਵੱਖ-ਵੱਖ ਸ਼ੈਲੀਆਂ ਵਿੱਚ ਬੜੀ ਬਾਖੂਬੀ ਨਾਲ ਸੁਚਿੱਤਰਿਤ ਕੀਤਾ ਗਿਆ। ਇਹਨਾਂ ਤੋਂ ਇਲਾਵਾ ਭਗਤਾਂ, ਮਹਾਨ ਵਿਦਵਾਨਾਂ, ਰਾਜੇ-ਰਾਣੀ, ਅਮੀਰ ਪਰਿਵਾਰਾਂ ਨਾਲ ਸੰਬੰਧਤ ਵਿਅਕਤੀਆਂ, ਦਾਸ-ਦਾਸੀਆਂ ਅਤੇ ਆਮ ਲੋਕਾਂ ਆਦਿ ਵਿਸ਼ਿਆਂ 'ਤੇ ਵੀ ਚਿੱਤਰ ਦੇਖਣ ਨੂੰ ਮਿਲਦੇ ਹਨ।

**ਸਿੱਖ ਧਰਮ ਨਾਲ ਸੰਬੰਧ ਚਿੱਤਰ:-** ਇਨ੍ਹਾਂ ਚਿੱਤਰਾਂ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਸਾਥੀ ਭਾਈ ਬਾਲਾ ਜੀ ਅਤੇ ਮਰਦਾਨਾ ਜੀ ਨੂੰ ਰਵਾਇਤੀ ਢੰਗ ਨਾਲ ਇੱਕ ਬਿਲਡਿੰਗ ਦੀ ਸਾਹਮਣਲੀ ਦੀਵਾਰ ਉੱਤੇ ਦੂਸਰੀ ਮੰਜ਼ਿਲ 'ਤੇ ਚਿਤਰਿਆ ਗਿਆ ਹੈ, ਜਿਸ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਵੱਡ ਅਕਾਰੀ ਰੂਪ ਵਿੱਚ, ਇੱਕ ਦੁਸ਼ਾਲੇ ਉਪਰ ਚੌਕੜੀ ਮਾਰੀ ਭਗਤੀ ਵਿੱਚ ਲੀਨ ਬੈਠੇ ਦਿਖਾਏ ਹਨ ਅਤੇ ਉਨ੍ਹਾਂ ਦੇ ਸਾਥੀ ਉਨ੍ਹਾਂ ਦੇ ਸੱਜੇ ਅਤੇ ਖੱਬੇ ਪਾਸੇ ਬੈਠੇ ਹਨ। ਭਾਈ ਮਰਦਾਨਾ ਜੀ ਆਪਣਾ ਸਾਜ 'ਰਬਾਬ' ਬਜਾ ਰਿਹਾ ਹੈ ਅਤੇ ਧੁਰ ਕੀ ਬਾਣੀ ਆ ਰਹੀ ਹੈ। ਗੁਰੂ ਜੀ ਨੇ ਕੱਚੇ ਹਰੇ ਰੰਗ ਦੀ ਚਾਦਰ ਮੋਢਿਆਂ ਉਪਰੋਂ ਦੀ ਲਈ ਹੋਈ ਹੈ। ਸਿਰ ਉਪਰ ਨੀਲੇ ਰੰਗ ਦੀ ਤਾਜ ਵਰਗੀ ਟੋਪੀ ਪਹਿਨੀ ਹੋਈ ਹੈ। ਜਿਸ ਚਾਦਰ ਉਪਰ ਬੈਠੇ ਹਨ ਉਹ ਗੂੜ ਭੂਰੇ ਰੰਗ ਦੀ ਹੈ ਜਿਸ ਦੇ ਕਿਨਾਰੇ ਝਾਲਰਦਾਰ ਡਿਜ਼ਾਇਨ ਦੇ ਹਨ। ਗੁਰੂ ਜੀ ਦੇ ਸਾਥੀ ਉਨ੍ਹਾਂ ਵੱਲ ਆਪਣਾ ਧਿਆਨ ਕੇਂਦਰਿਤ ਕਰੀ ਬੈਠੇ ਹਨ। ਇਹਨਾਂ ਦੇ ਵਸਰਾਂ ਦੇ ਰੰਗ ਪੀਲੇ ਅਤੇ ਗੂੜੇ ਭੂਰੇ ਰੰਗਾਂ ਦੇ ਹਨ। ਸਿਰ ਦੇ ਉਪਰ ਢਿਲਕੀਆਂ ਜਿਹੀਆਂ ਨੀਲੀਆਂ-ਪੀਲੀਆਂ ਲਾਈਨਾਂ ਵਾਲਾ ਚੰਦੋਆ ਤਾਣਿਆ ਹੋਇਆ ਹੈ। ਇਸ ਚਿੱਤਰ ਦੇ ਹੇਠਾਂ ਇੱਕ ਇਸਤਰੀ ਦਾ ਵੱਡ ਆਕਾਰੀ ਚਿੱਤਰ ਹੈ ਜੋ ਹੁਣ ਕਾਫੀ ਮਿੱਟ ਚੂੱਕਾ ਹੈ।

ਇੱਸ ਬਿਲਡਿੰਗ ਦੇ ਦੂਸਰੇ ਕੋਨੇ ਵਿੱਚ ਇੱਕ ਇਸਤਰੀ ਅਤੇ ਇੱਕ ਪੁਰਸ਼ ਦਾ ਕਾਫ਼ੀ ਵਧੀਆ ਹਾਲਤ ਵਿੱਚ ਚਿੱਤਰ ਦੇਖਿਆ ਜੋ ਆਪਣੀ ਕਹਾਣੀ ਆਪ ਦਰਸਾ ਰਿਹਾ ਹੈ। ਦੋਨਾਂ ਆਕ੍ਰੀਤੀਆਂ ਦੇ ਇੱਕ ਦੂਜੇ ਵੱਲ ਵਾਰਤਾਲਾਪੀ ਚਿਹਰੇ ਹਨ। ਚਿੱਤਰ ਦੇ ਸੱਜੇ ਪਾਸੇ ਇੱਕ ਸੁੱਕਾ ਦਰਖਤ ਹੈ ਜਿਸ ਦੇ ਹੇਠਾਂ ਇੱਕ ਲੰਬੇ ਅਤੇ ਸੁਕੜੇ ਜਿਹੇ ਆਕਾਰ ਦਾ ਵਿਆਕਤੀ ਉਸ ਸੁੱਕੇ ਦਰਖਤ ਦਾ ਸਹਾਰਾ ਲਈ ਖੜ੍ਹਾ ਹੈ ਜਿਸ ਦੀਆਂ ਸੁੱਕੀਆਂ ਟਾਹਣੀਆਂ ਉਸ ਦੇ ਸਿਰ ਉਪਰੋ ਦੀ ਅਗਾਂਹ ਨੂੰ ਵਧੀਆਂ ਹੋਈਆਂ ਹਨ ਜੋ ਉਸ ਨੇ ਇੱਕ ਹੱਥ ਨਾਲ ਫ਼ੜੀਆਂ ਹੋਈਆਂ ਹਨ ਅਤੇ ਦੂਸਰਾ ਹੱਥ ਆਪਣੀ ਕਮਰ 'ਤੇ ਰੱਖਿਆ ਹੋਇਆ ਹੈ। ਇੱਕ ਪਾਸੜ ਚਿੱਹਰੇ 'ਤੇ ਇੱਕ ਮੁੱਛ ਦਿਖਾਈ ਦਿੰਦੀ ਹੈ। ਉਸ ਨੇ ਕੇਵਲ ਕਛਹਿਰਾ ਹੀ ਪਹਿਨ ਰੱਖਿਆ ਹੈ। ਸਰੀਰ ਦਾ ਰੰਗ ਹਲਕਾ ਭੂਰਾ ਹੈ। ਇਸ ਵਿਅਕਤੀ ਦੇ ਸਾਹਮਣੇ ਇੱਕ ਇਸਤਰੀ ਪੂਰੇ ਸਰੀਰ ਨੂੰ ਕੱਪੜਿਆਂ ਨਾਲ ਢੱਕੀ, ਖੜੀ ਅਵਸਥਾ ਵਿੱਚ ਹੈ ਜਿਸ ਦੀ ਚੌਲੀ ਲੰਬੀ ਕਮੀਜ਼ ਵਰਗੀ ਹੈ ਅਤੇ ਭਾਰਾ ਲਹਿੰਗਾ ਪੈਰਾਂ ਤੱਕ ਪਹਿਨਿਆ ਹੋਇਆ ਹੈ ਜੋ ਚੋਣਾਂ ਨਾਲ ਭਰਿਆ ਹੋਇਆ ਹੈ। ਇਸ ਉੱਤੇ ਨੀਲੇ ਰੰਗ ਨਾਲ ਡਿਜ਼ਾਇਨ ਪਾਇਆ ਹੋਇਆ ਹੈ। ਇਸਤਰੀ ਦੇ ਚਿਹਰੇ ਦਾ ਰੰਗ ਹਲਕਾ ਭੂਰਾ (ਚਮੜੀ ਰੰਗਾ) ਹੈ। ਉਸ ਨੇ ਸਿਰ 'ਤੇ ਕਾਫੀ ਭਾਰਾ ਦੁਪੱਟਾ ਪਹਿਨਿਆ ਹੋਇਆ ਹੈ ਅਤੇ ਨੀਲੇ ਰੰਗ ਦੀ ਟੋਪੀ ਵੀ ਪਾਈ ਹੋਈ ਹੈ। ਇਸ ਦੇ ਹੱਥ ਵਿੱਚ ਇੱਕ ਲੰਬੀ ਸਾਰੀ ਖੁੱਲੀ ਹੋਈ ਕਿਤਾਬ ਹੈ, ਜਿਸ ਉਪਰ ਸੱਜੇ ਹੱਥ ਦੀ ਉਂਗਲੀ ਕੀਤੀ ਹੋਈ ਹੈ ਅਤੇ ਅੱਖਾਂ ਉਸ ਦੇ ਚਿਹਰੇ ਉੱਤੇ ਗੱਡੀਆਂ ਹੋਈਆਂ ਹਨ। ਇਸ ਤੋਂ ਇੰਝ ਲੱਗ ਰਿਹਾ ਹੈ ਕਿ ਜਿਵੇਂ ਇਹ ਵਿਆਕਤੀ ਉਸ ਇਸਤਰੀ ਦੇ ਇਥੇ ਆਉਣ 'ਤੇ ਖੜਾ ਹੋਇਆ ਹੋਵੇ ਅਤੇ ਖੜੇ ਹੋਣ ਲਈ ਦਰਖਤ ਦੀਆਂ ਸ਼ਾਖਾਂਵਾਂ ਦਾ ਸਹਾਰਾ ਲਿਆ ਹੋਵੇ।

ਇਸ ਚਿੱਤਰ ਤੋਂ ਇੰਝ ਲਗਦਾ ਹੈ ਕਿ ਜਿਵੇਂ ਉਹ ਸੰਸਾਰ ਨੂੰ ਤਿਆਗ ਕੇ ਇੱਥੇ ਆ ਗਿਆ ਹੋਵੇ ਤੇ ਉਹ ਇਸਤਰੀ ਇਸ ਧਾਰਮਿਕ ਪੁਸਤਕ ਵੱਲ ਇਸ਼ਾਰਾ ਕਰਕੇ ਕਹਿ ਰਹੀ ਹੋਵੇ ਕਿ ਦੁਨੀਆਂ ਦੇ ਵਿੱਚ ਹੀ ਰਹਿਣਾ ਚਾਹੀਦਾ ਹੈ। ਇਸ ਚਿੱਤਰ ਦਾ ਬਾਰਡਰ ਨੀਲੇ ਰੰਗ ਦੀਆਂ ਰੇਖਾਵਾਂ ਨਾਲ ਤਿਆਰ ਕੀਤਾ ਹੈ। ਇਸ ਵਿੱਚ ਹਰੇ ਰੰਗ ਦੇ ਨੋਕੀਲੇ ਪੱਤੇ ਵੀ ਵਿਛਾਏ ਹਨ। ਕਲਾਕਾਰ ਨੇ ਨੀਲੀਆਂ ਅਤੇ ਪੀਲੀਆਂ ਰੇਖਾਵਾਂ ਦਾ ਉਨ੍ਹਾਂ ਦੇ ਪੈਰਾਂ ਥੱਲੇ ਇਸਤੇਮਾਲ ਕਰਕੇ ਕੁਦਰਤ ਦੀ ਹੋਂਦ ਦਾ ਪ੍ਰਗਟਾਵਾ ਕੀਤਾ ਹੈ। ਸੁੱਕਾ ਦਰਖਤ ਬੀਤ ਚੁੱਕੀ ਜਿੰਦਗੀ ਦਾ ਪ੍ਰਤੀਕ ਹੈ ਅਤੇ ਕੁਦਰਤ ਦਾ ਬਿੰਬ ਹੈ। ਇਸ ਤਰ੍ਹਾਂ ਕਲਾਕਾਰ ਨੇ ਇਸ ਚਿੱਤਰ ਰਾਂਹੀ ਜਿੰਦਗੀ ਦੇ ਗੂੜ-ਗਿਆਨ ਨੂੰ ਪ੍ਰਗਟਾਇਆ ਹੈ।

ਇਨ੍ਹਾਂ ਚਿੱਤਰਾਂ ਤੋਂ ਇਲਾਵਾ, ਕਲਾਕਾਰ ਨੇ ਡਿਜਾਇਨਾਂ ਦੇ ਅਤੀ ਸੁੰਦਰ ਜੁਮੈਟਰੀਕਲ ਗੁਣਾਂ ਨਾਲ ਭਰਪੂਰ ਨੀਲੇ ਰੰਗ ਵਿੱਚ ਵੱਖ-ਵੱਖ ਰੂਪਾਂ ਦੇ ਨਮੂਨੇ ਇਸ ਬਿਲਡਿੰਗ ਉੱਪਰ ਅੰਕਿਤ ਕੀਤੇ ਹਨ। ਇਨ੍ਹਾਂ ਨਮੂਨਿਆਂ ਵਿੱਚ ਕਿਤੇ-ਕਿਤੇ ਇਸਤਰੀਆਂ ਅਤੇ ਪੁਰਸ਼ਾਂ ਦੇ ਛਾਤੀ ਤੱਕ ਦੇ ਆਕਾਰਾਂ ਨੂੰ ਵੀ ਸਿਰਜਿਆ ਗਿਆ ਹੈ। ਇਸ ਪ੍ਰਕਾਰ ਕਲਾਕਾਰ ਨੇ ਚਿੱਤਰ ਸਿਰਜਣਾਂ ਦੇ ਨਾਲ-ਨਾਲ ਡਿਜ਼ਾਈਨਾਂ ਦੇ ਅਤੀ ਸੁੰਦਰ ਨਮੂਨਿਆਂ ਨੂੰ ਵੀ ਆਪਣੀ ਕਲਪਣਾਂ ਦਾ ਮਾਧਿਅਮ ਬਣਾਇਆ।

ਇਸ ਇਮਾਰਤ ਤੋਂ ਇਲਾਵਾ ਇੱਕ ਹੋਰ ਭਾਰੇ ਮੱਥੇ ਵਾਲੀ, ਖੰਡਰ ਹੋਈ ਇਮਾਰਤ ਦੇਖਣ ਨੂੰ ਮਿਲੀ ਜਿਸ ਦੀ ਅਗਲੀ ਕੰਧ ਉੱਤੇ ਚਿੱਤਰਾਂ ਤੋਂ ਇਲਾਵਾ ਉਭਾਰਵੀਆਂ ਮੂਰਤੀਆ ਵੀ ਸਿਰਜੀਆਂ, ਜਿਨ੍ਹਾਂ ਵਿੱਚ ਸ਼੍ਰੀ ਗਨੇਸ਼ ਜੀ, ਭਗਤ ਕਬੀਰ ਜੀ, ਸ਼੍ਰੀ ਰਾਮ ਚੰਦਰ ਜੀ ਹਨ।

ਇੱਕ ਮੂਰਤੀ ਦਾ ਤਾਂ ਕੇਵਲ ਕੂਹਣੀ ਤੋਂ ਹੱਥ ਤੱਕ ਦਾ ਹੀ ਨਿਸ਼ਾਨ ਬਾਕੀ ਹੈ।ਉਝ ਉਹ ਸਾਰੀ ਮੂਰਤੀ ਨਸ਼ਟ ਹੋ ਚੁੱਕੀ ਹੈ। ਮਨੁੱਖੀ ਉਭਾਰਵੀਆਂ ਮੂਰਤੀਆਂ ਤੋਂ ਇਲਾਵਾ ਹੰਸ ਅਤੇ ਹੋਰ ਪਸ਼ੂ ਪੰਛੀਆਂ ਦੀਆਂ ਉਭਾਰਵੀਆ ਮੂਰਤੀਆਂ ਵੀ ਹਨ ਪ੍ਰਤੂ ਬਹੁ-ਗਿਣਤੀ ਵਿੱਚ ਹੁਣ ਇਹ ਨਸਟ ਹੋ ਚੁੱਕੀਆਂ ਹਨ। ਇਸ ਦੀਵਾਰ ਦੇ ਕੰਧ ਚਿੱਤਰਾਂ ਵਿੱਚ, ਇੱਕ ਧੁੰਦਲਾ ਜਿਹਾ ਚਿੱਤਰ ਦਿਖਾਈ ਦਿੰਦਾ ਹੈ ਜਿਸ ਵਿੱਚ ਇੱਕ ਰਾਜਾ ਘੋੜੇ 'ਤੇ ਸਵਾਰ ਹੋ ਕੇ ਜਾ ਰਿਹਾ ਹੈ।

ਉਸ ਦੇ ਅਹਿਲਕਾਰ ਉਸ ਦੇ ਪਿੱਛੇ ਜਾ ਰਹੇ ਹਨ। ਇਸ ਚਿੱਤਰ ਵਿੱਚ ਭੂਰੇ ਰੰਗ ਦੀ ਭਰਮਾਰ ਹੈ। ਇਹ ਸਾਰੇ ਕੰਮ ਨੂੰ ਦੇਖ ਕੇ ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਇਹ ਕੋਈ ਸਾਧਾਰਣ ਕਲਾਕਾਰਾਂ ਦਾ ਕੰਮ ਨਹੀਂ ਅਤੇ ਨਾ ਹੀ ਇਹ ਨਮੂਨੇ ਮਹੀਨਿਆਂ ਵਿੱਚ ਤਿਆਰ ਕੀਤੇ ਹੋਣਗੇ, ਇਹ ਇਨ੍ਹਾਂ ਦੀ ਸਾਲਾਂ-ਬੱਧੀ ਮਿਹਨਤ ਅਤੇ ਲਗਨ ਦਾ ਨਤੀਜਾ ਹਨ। ਇਸ ਇਮਾਰਤ 'ਤੇ ਬਣਾਏ ਫੁੱਲ-ਪੱਤੀਆਂ ਦੇ ਅਤੀ ਸੁੰਦਰ ਡਿਜਾਇਨ ਹਨ। ਇਸ ਤਰਾਂ ਦੇ ਨਮੂਨੇ ਕਈ ਹੋਰ ਇਮਾਰਤਾਂ 'ਤੇ ਵੀ ਦੇਖਣ ਨੂੰ ਮਿਲਦੇ ਹਨ। ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਸਾਰਾ ਕੰਮ ਇਕ ਕਲਾਕਾਰ ਦਾ ਕੀਤਾ ਲਗਦਾ ਹੈ।

ਇੱਕ ਹੋਰ ਬਿਲਡਿੰਗ, ਜਿਸ ਦੇ ਮੱਥੇ ਉਪਰ ਸੀਮਿੰਟ ਨਾਲ ਵੇਲ-ਬੂਟਿਆਂ ਅਤੇ ਪਰੀਆਂ ਦੇ ਆਕਾਰ ਬਣਾਏ ਹੋਏ ਮਿਲੇ ਹਨ ਜੋ ਅਜੇ ਵੀ ਚੰਗੀ ਹਾਲਤ ਦੇ ਹਨ, ਉਸ ਉੱਤੇ ਉਸ ਦੇ ਮਾਲਕ ਦਾ ਨਾਮ ਅਤੇ ਸਮਾਂ ਲਿਖਿਆ ਮਿਲਿਆ ਹੈ , ਉਹ ਇਸ ਪ੍ਰਕਾਰ ਹੈ :-

ਇਸ ਸੰਨ ਤੋਂ ਸਮੇਂ ਦਾ ਠੀਕ ਪਤਾ ਲਗਾਇਆ ਜਾ ਸਕਦਾ ਹੈ ਅਤੇ ਇਸ ਤੋਂ ਪਹਿਲਾਂ ਦੀਆਂ ਇਮਾਰਤਾਂ ਉੱਤੇ ਹੋਈ ਕਲਾਕਾਰੀ ਬਾਰੇ ਵੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਹੁਣ ਤੱਕ ਦੇ ਜੋ ਬੱਚੇ-ਖੁੱਚੇ ਕੰਧ ਚਿੱਤਰ ਇੱਥੋਂ ਦੇਖਣ ਨੂੰ ਮਿਲੇ ਹਨ, ਇਸ ਸੰਨ ਤੋਂ ਲਗਭਗ ਅੱਧੀ ਸਦੀ ਪਹਿਲਾਂ ਦੇ ਬਣੇ ਹੋਣਗੇ ਜੋ 18ਵੀਂ ਸਦੀ ਦੇ ਅੱਧ ਨੂੰ ਜਾ ਮਿਲਦੇ ਹਨ ਜੋ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸਮਾਂ ਸੀ। ਉਸਦੇ ਰਾਜ ਵਿੱਚ ਕੰਧ ਚਿੱਤਰ ਕਲਾ ਨੂੰ ਬਹੁਤ ਉਤਸ਼ਾਹ ਮਿਲਿਆ ਸੀ। ਪਹਾੜੀ ਰਾਜਾਂ ਤੋਂ ਕਲਾਕਾਰ ਪੰਜਾਬ ਵਿੱਚ ਆ ਚੁੱਕੇ ਸਨ ਅਤੇ ਆਮ ਰਾਜ ਮਿਸਤਰੀ, ਲੱਕੜ ਦਾ ਕੰਮ ਕਰਨ ਵਾਲੇ ਆਦਿ ਇਹ ਕੰਮ ਕਰ ਲੈਂਦੇ ਸਨ ਜੋ ਲੋਕ ਕਲਾ ਦਾ ਵੀ ਪ੍ਰਗਟਾਵਾ ਕਰ ਜਾਂਦੇ ਸਨ।

ਇਸ ਬਿਲਡਿੰਗ ਦੇ ਸਾਹਮਣੇ ਇਕ ਹੋਰ ਬਿਲਡਿੰਗ ਦੇ ਬਰਾਮਦੇ ਵਿੱਚ ਇੱਕ ਅਤੀ ਸੁੰਦਰ ਕੰਧ ਚਿੱਤਰ ਮਿਲਿਆ ਜਿਸ ਵਿੱਚ ਸ਼੍ਰੀ ਰਾਮ ਚੰਦਰ ਜੀ ਅਤੇ ਮਾਤਾ ਸੀਤਾ ਜੀ ਨੂੰ ਚਿਤਰਿਆ ਹੈ। ਜਿਸ ਵਿੱਚ ਰਾਮ ਜੀ ਨੇ ਪੀਲੇ ਰੰਗ ਦਾ ਕਮਲਫੁੱਲੀ ਤਾਜ ਪਹਿਨਿਆ ਹੋਇਆ ਹੈ। ਇਸ ਦੀਆਂ ਬਾਹਰਲੀਆਂ ਰੇਖਾਵਾਂ ਨੀਲੀਆਂ ਹਨ। ਚਿਹਰਾ ਇੱਕ ਪਾਸੜ ਨਾ ਹੋ ਕੇ ਲਗਪਗ ਤਿੰਨ ਚੌਥਾਈ ਚਿੱਤਰਿਆ ਗਿਆ ਹੈ। ਅੱਖਾਂ, ਮੂੰਹ, ਬੁੱਲ ਆਦਿ ਅਤੀ ਸੁੰਦਰ ਚਿੱਤਰੇ ਹਨ। ਜੋ ਕਲਾਕਾਰ ਦੇ ਅਦੁੱਤੀ ਅਭਿਆਸ ਨੂੰ ਪ੍ਰਗਟਾਉਂਦਾ ਹੈ। ਰਾਮ ਜੀ ਦੇ ਸੱਜੇ ਹੱਥ ਵਿੱਚ ਧਨੁੱਸ਼ ਹੈ ਅਤ ਖੱਬਾ ਹੱਥ ਖੁੱਲੀ ਮੁੱਦਰਾ ਵਿੱਚ, ਥੋੜਾ ਅਗਾਂਹ ਨੂੰ ਵਧਿਆ ਹੈ। ਅੱਖਾਂ ਦੀ ਅਵਸਥਾ ਅਤੀ ਸੁੰਦਰ ਦਿਖਾਈ ਹੈ, ਨਾ ਬਹੁਤ ਸਿੱਧੀਆਂ ਦਿਖਦੀਆਂ ਹਨ ਅਤੇ ਨਾ ਹੀ ਪੈਰਾਂ ਵਿੱਚ ਗੱਡੀਆਂ ਹੋਈਆਂ ਹਨ। ਇੱਕ ਖਾਸ ਦ੍ਰਿਸ਼ਟੀ ਦਿਖਾਈ ਹੋਈ ਹੈ। ਲੱਕ ਦੁਆਲੇ ਲੰਬੀ ਚਾਦਰ ਪਹਿਨੀ ਹੋਈ ਹੈ। ਪੈਰਾਂ ਵਿੱਚ ਖੜਾਵਾਂ ਹਨ। ਪੂਰੇ ਸਰੀਰ ਦੀ ਬਣਤਰ ਪਰਪੱਖ ਹੈ।

ਮਾਤਾ ਸੀਤਾ ਜੀ ਦਾ ਚਿਹਰਾ ਸਾਹਮਣੇ ਤੋਂ ਨਹੀਂ ਬਲਕਿ ਇੱਕ ਪਾਸੜ ਚਿੱਤਰਿਤ ਕੀਤਾ ਹੈ। ਉਨ੍ਹਾਂ ਦੀ ਪੂਰੀ ਪਿੱਠ ਦਰਸ਼ਕਾਂ ਵੱਲ ਹੈ ਅਤੇ ਭਗਵਾਨ ਜੀ ਦੇ ਮੋਢੇ ਨਾਲ ਜੁੱੜ ਕੇ ਖੜੇ ਹਨ। ਪਿੱਠ ਹਰੇ ਰੰਗ ਦੀ ਚੁਨਰੀ ਨਾਲ ਢੱਕੀ ਹੋਈ ਹੈ ਰਾਮ ਜੀ ਦਾ ਕਮਰਕੱਸਾ ਵੀ ਇਸੇ ਰੰਗ ਦਾ ਹੈ। ਸਰੀਰ ਦਾ ਰੰਗ ਨੀਲਾ ਹੈ ਜਦਕਿ ਸੀਤਾ ਜੀ ਦੇ ਚਿਹਰੇ ਦਾ ਰੰਗ ਗੁਲਾਬੀ (ਚਮੜੀ ਰੰਗਾ) ਹੈ। ਚੋਲੀ ਲੰਬੀ ਹੈ ਜਿਸ ਦਾ ਰੰਗ ਗੂੜ੍ਹਾ ਭੂਰਾ ਹੈ, ਦੀ ਕਿਨਾਰੀ ਉੱਤੇ ਨੀਲੇ ਰੰਗ ਦਾ ਡਿਜ਼ਾਇਨ ਪਾਇਆ ਹੋਇਆ ਹੈ। ਲਹਿੰਗਾ ਪੈਰਾਂ ਤੋਂ ਥੋੜਾ ਉਪਰ ਹੈ ਤੇ ਪੈਰ ਨੰਗੇ ਹਨ। ਦੋਨੋਂ ਆਕਰੀਤੀਆਂ ਭਰ ਜਵਾਨੀ ਵਿੱਚ ਹਨ।

ਸੀਤਾ ਜੀ ਦਾ ਧਿਆਨ ਰਾਮ ਜੀ ਦੇ ਚਿਹਰੇ ਵੱਲ ਹੈ ਪਰ ਰਾਮ ਜੀ ਦਾ ਧਿਆਨ ਅਗਾਂਹ ਵੱਲ ਹੈ। ਇਸ ਚਿੱਤਰ ਦਾ ਹਾਸ਼ੀਆ ਤਿੰਨ ਰੇਖਾਵਾਂ ਦਾ ਹੈ। ਬਾਹਰਲੀਆਂ ਰੇਖਾਵਾਂ ਨੀਲੇ ਰੰਗ ਦੀਆਂ ਹਨ ਅਤੇ ਵਿਚਕਾਰ ਵਾਲੀ ਰੇਖਾ ਗੂੜੇ ਭੂਰੇ ਰੰਗ ਦੀ ਹੈ। ਦੋਨੋਂ ਆਕਰੀਤੀਆਂ ਦੀ ਰਚਨਾ ਬਹੁਤ ਗਠੀਲੀ ਹੈ। ਰੰਗਾਂ ਵਿੱਚ ਇਕਸੁਰਤਾ ਦਾ ਭਰਭੂਰ ਗੁਣ ਹੈ। ਚਿੱਤਰ ਦਾ ਸਮੁੱਚਾ ਪ੍ਰਭਾਵ ਦਰਸ਼ਕਾਂ ਦੇ ਮਨ ਨੂੰ ਮੋਂਹਦਾ ਹੈ।

**ਰੰਗ ਯੋਜਨਾ:-** ਇਨ੍ਹਾਂ ਕਲਾਕ੍ਰਿਤੀਆਂ/ਨਮੂਨਿਆਂ ਵਿੱਚ ਕਲਾਕਾਰਾਂ ਨੇ ਆਪ ਰੰਗ ਤਿਆਰ ਕਰਕੇ ਵਰਤੇ ਹਨ। ਇਨ੍ਹਾਂ ਵਿੱਚ ਗੂੜੇ ਭੂਰੇ, ਨੀਲੇ, ਪੀਲੇ, ਹਰੇ ਰੰਗ ਆਦਿ ਸਫ਼ੇਦ ਪਿੱਠ ਭੂਮੀ ਦੇ ਵਿਰੁੱਧ ਵਰਤੇ ਹਨ। ਰੰਗਾਂ ਵਿੱਚ ਰੋਸ਼ਨੀ ਅਤੇ ਪਰਛਾਵਿਆਂ ਆਦਿ ਦੀ ਵਰਤੋਂ ਕਿਤੇ-ਕਿਤੇ ਦੇਖਣ ਨੂੰ ਮਿਲੀ। ਆਮ ਤੋਰ ਤੇ ਕਲਾਕਾਰਾਂ ਨੇ ਪੱਧਰੀ ਰੰਗ ਯੋਜਨਾ ਸ਼ੈਲੀ ਦੀ ਹੀ ਵਰਤੋਂ ਕੀਤੀ ਮਿਲੀ ਹੈ। ਕੱਪੜਿਆਂ ਵਿੱਚ ਸਿਲਵਟਾਂ ਆਦਿ ਦੀ ਵਰਤੋਂ ਕਾਫੀ ਕੀਤੀ ਮਿਲਦੀ ਹੈ ਅਤੇ ਇਨ੍ਹਾਂ ਸਿਲਵਟਾਂ ਉਪਰ ਪੱਤੀਦਾਰ ਨਮੂਨੇ ਵੀ ਬਣਾਏ ਹਨ ਜੋ ਬਹੁਤ ਹੀ ਸੁੰਦਰ ਲੱਗਦੇ ਹਨ।

ਡਿਜ਼ਾਇਨਾਂ ਵਿੱਚ ਨੀਲੇ ਰੰਗ ਦੀ ਭਰਮਾਰ ਹੈ। ਉਂਝ ਪੀਲੇ ਅਤੇ ਹਰੇ ਰੰਗ ਵੀ ਚਿਤਰਾਂ ਦੇ ਕਿਨਾਰਿਆਂ ਅਤੇ ਇਮਾਰਤ ਦੇ ਕਿਨਾਰਿਆਂ ਉੱਤੇ ਵਰਤੇ ਗਏ ਹਨ। ਇੰਝ ਰੰਗਾਂ ਦੀ ਵਰਤੋਂ ਕਰਨ ਦਾ ਕਲਾਕਾਰ ਦਾ ਮੁੱਖ ਉਦੇਸ਼ ਕਲਾ ਦੇ ਵੱਖ-ਵੱਖ ਰੂਪਾਂ ਵਿੱਚ ਇਕਸੁਰਤਾ ਅਤੇ ਏਕਤਾ ਲਿਆਉਣਾ ਹੈ। ਚਿਹਰਿਆਂ ਦੀ ਡਾਰਇੰਗ ਤੋਂ ਪਤਾ ਲੱਗਦਾ ਹੈ ਕਿ ਕਲਾਕਾਰ ਇਨ੍ਹਾਂ ਨੂੰ ਹਰ ਪਾਸੇ ਤੋਂ ਬਣਾ ਸਕਦੇ ਸਨ। ਉਨ੍ਹਾਂ ਨੂੰ ਸਰੀਰ ਦੀ ਬਣਤਰ ਬਾਰੇ ਵੀ ਗਿਆਨ ਸੀ।

**ਰੇਖਾ ਦਾ ਗੁਣ:-** ਚਿੱਤਰਾਂ ਵਿੱਚ ਰੇਖਾਵਾਂ ਦਾ ਗੁਣ ਦੇਖਣ ਨੂੰ ਮਿਲਦਾ ਹੈ।ਕਈ ਵਾਰ ਕਲਾਕਾਰ ਨੇ ਇੱਕੋ ਹੀ ਰੰਗ ਵੱਖ-ਵੱਖ ਥਾਵਾਂ 'ਚ ਵਰਤ ਕੇ ਰੇਖਾਵਾਂ ਦੀ ਮਦਤ ਨਾਲ ਉਨ੍ਹਾਂ ਇੱਕ ਦੂਜੇ ਤੋਂ ਵੱਖਰੇ ਕਰ ਦਿੱਤਾ, ਦਿਖਾਇਆ ਗਿਆ ਹੈ। ਰੇਖਾਂਵਾਂ ਦੀ ਡਰਾਇੰਗ ਲਈ ਉਨ੍ਹਾਂ ਨੇ ਕਰਾਕਰ ਪੈਂਨ ਅਤੇ ਬੁਰਸ਼ਾਂ ਦੀ ਵਰਤੋਂ ਕੀਤੀ ਹੈ ਜੋ ਰੇਖਾਵਾਂ ਦੀ ਮੋਟਾਈ ਤੋਂ ਪਤਾ ਲੱਗਦਾ ਹੈ।

**ਇੱਕਸੁਰਤਾ ਅਤੇ ਦੂਰੀ ਦਿਖਾਉਣ ਦਾ ਗੁਣ:-** ਇਨ੍ਹਾਂ ਚਿੱਤਰਾਂ ਵਿੱਚ, ਕਲਾਕਾਰਾਂ ਨੇ ਰੇਖਾਵਾਂ ਅਤੇ ਰੰਗਾਂ ਦੀ ਸੁਚੱਜੀ ਵਰਤੋਂ ਨਾਲ ਆਕ੍ਰੀਤੀਆਂ ਵਿੱਚ ਫਰਕ ਅਤੇ ਸਾਂਝ ਦੇ ਗੁਣ ਪੈਦਾ ਕੀਤੇ ਅਤੇ ਦਿਲਚਸਪੀ ਦਾ ਕੇਂਦਰ ਸਥਾਪਤ ਕੀਤਾ।

**ਸਿੱਟਾ:-** ਸਾਰੀ ਪਰਖ਼ ਤੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਲਗਭਗ 200-250 ਸਾਲ ਪੁਰਾਣੀ ਇਹ ਜੇਜੋ-ਦੁਆਬਾ ਦੀ ਕਲਾ ਦੇ ਨਮੂਨੇ ਅਤੀ ਸੁੰਦਰ ਅਤੇ ਸਲਾਉਣ ਯੋਗ ਹਨ। ਉਸ ਸਮੇਂ ਦੇ ਲੋਕਾਂ ਨੂੰ ਘਰਾਂ ਨੂੰ ਸਜਾਉਣ ਦਾ ਬਹੁਤ ਸ਼ੌਂਕ ਸੀ ਅਤੇ ਕਲਾਕਾਰਾਂ ਨੇ, ਜੋ ਕਿ ਪਹਾੜਾਂ ਤੋਂ ਮੈਦਾਨਾਂ ਵੱਲ ਨੂੰ ਆ ਜਾਂਦੇ ਸਨ ਜਾਂ ਲੋਕਲ ਹੁੰਦੇ ਸਨ, ਇਸ ਕਲਾ ਨੂੰ ਬੜੀ ਨਿਸ਼ਠਾ ਨਾਲ ਨਿਭਾਇਆ।

ਕਲਾਕਾਰਾਂ ਨੂੰ ਪੂਰੀ ਜਗ੍ਹਾ ਦੀ ਵੰਡ ਕਰਨ ਦਾ, ਸ਼ਕਲਾਂ ਨੂੰ ਚਿਤਰਣ ਦਾ, ਰੰਗ ਭਰਨ ਦਾ, ਤਰਾਂ-ਤਰਾਂ ਦੇ ਹਸ਼ੀਏ ਲਾਉਣ ਦਾ, ਜਾਨਵਰਾਂ, ਪਸ਼ੂ-ਪੰਛੀਆਂ ਦੀਆਂ ਸਰੀਰਕ ਬਣਤਰਾਂ ਅਤੇ ਰਚਨਾਵਾਂ ਦਾ ਪੂਰਾ ਗਿਆਨ ਲਗਦਾ ਹੈ। ਰੰਗ ਪ੍ਰਤੀ ਕਿਹਾ ਜਾ ਸਕਦਾ ਹੈ ਕਿ ਇਹ ਰੰਗ ਉਹਨਾਂ ਦੇ ਆਪਣੇ ਤਿਆਰ ਕੀਤੇ ਲਗਦਾ ਹਨ ਜਿਹੜੇ ਸਮਤਲ ਰੂਪ ਵਿੱਚ ਵਰਤੇ ਹੋਏ ਹਨ। ਰੋਸ਼ਨੀ ਅਤੇ ਪ੍ਰਛਾਵਿਆਂ ਦਾ ਅਤੇ ਦੂਰੀ ਦਿਖਾਉਣੀ ਆਦਿ ਦਾ ਗੁਣ ਵੇਖਣ ਨੂੰ ਘੱਟ ਮਿਲਿਆ। ਊਂਝ ਚਿਤਰਾਂ ਅਤੇ ਬੁੱਤਾਂ ਆਦਿ ਦਾ ਪੂਰਨ ਪ੍ਰਭਾਵ ਅੱਖਾਂ ਨੂੰ ਸੋਹਣਾ ਲਗਦਾ ਹੈ। ਭਾਵੇਂ ਸਮੇਂ ਦੇ ਪ੍ਰਭਾਵ ਨਾਲ ਇਹ ਕਲਾ ਦੇ ਨਮੂਨੇ ਹੌਲੀ-ਹੌਲੀ ਖ਼ਤਮ ਹੁੰਦੇ ਜਾ ਰਹੇ ਹਨ ਜਾਂ ਹੋ ਚੁੱਕੇ ਹਨ, ਪਰ ਫਿਰ ਵੀ ਇਨ੍ਹਾਂ ਵਿਚ ਆਪਣੀ ਕਹਾਣੀ ਆਪ ਦਰਸਾਉਣ ਦੀ ਸਮਰੱਥਾ ਹੈ।

## 'ਗੁਰੂ ਗ੍ਰੰਥ ਸਾਹਿਬ' ਦੀ ਸੰਪੂਰਨਤਾ ਤੇ ਪ੍ਰਥਮ ਪ੍ਰਕਾਸ਼ ਪੁਰਬ ਦੇ ਪ੍ਰਸੰਗ 'ਚ

# ਗੁਰਬਾਣੀ ਦਾ ਸੰਦੇਸ਼- 'ਪੂਜਾ ਅਕਾਲ ਕੀ ਪਰਚਾ ਸ਼ਬਦ ਕਾ ਦਿਦਾਰ ਖ਼ਾਲਸੇ ਕਾ'



ਪ੍ਰੋ: ਐਚ.ਐਲ.ਕਪੂਰ
001- 916- 587-4002

'ਪੰਜਾਬੀ ਸਾਹਿਤ ਦੇ ਇਤਿਹਾਸ''ਚ ਸਤਾਰ੍ਹਵੀਂ ਸਦੀ ਦੇ ਕਾਲ ਨੂੰ 'ਪੰਜਾਬੀ ਸਾਹਿਤ ਦੇ ਇਤਿਹਾਸ' ਦਾ 'ਸੁਨਹਿਰੀ ਯੁੱਗ' ਕਿਹਾ ਜਾਂਦਾ ਹੈ ਕਿਉਂਕਿ 1604 ਈਸਵੀ 'ਚ ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਦੀ ਸੰਪਾਦਨਾ ਕੀਤੀ ਤੇ ਇਸ 'ਚ ਕਈ ਮਹਾਂਪੁਰਸਾਂ ਦੀ ਕਾਵਿ ਰਚਨਾ ਜਿਸ ਨੂੰ ਗੁਰਮਤਿ 'ਚ 'ਬਾਣੀ' ਦਾ ਨਾਮ ਦਿੱਤਾ ਗਿਆ ਹੈ ਦਰਜ ਕਰਕੇ ਇਕ ਮਹਾਨ ਕਾਰਜ ਕੀਤਾ ਸੀ ਇਸ 'ਚ ਕੋਈ ਛੇ ਸੌ ਸਾਲਾਂ ਦੇ ਮਹਾਂਪੁਰਸ਼ਾਂ ਦੀਆਂ ਰਚਨਾਵਾਂ ਦਰਜ ਹਨ ਸੰਸਾਰ ਦੇ ਸਾਹਿਤ ਦੇ ਇਤਿਹਾਸ 'ਚ ਕਿਸੇ ਅਜਿਹੇ ਧਾਰਮਿਕ ਗ੍ਰੰਥ ਦੀ ਹੋਰ ਰਚਨਾ ਦੀ ਮਿਸਾਲ ਨਹੀਂ ਮਿਲਦੀ ਇਸ ਮਹਾਨ ਕਾਰਜ ਦਾ ਸਿਹਰਾ ਸ੍ਰੀ ਗੁਰੂ ਅਰਜਨ ਦੇਵ ਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਾਂਦਾ ਹੈ

'ਗੁਰੂ ਗ੍ਰੰਥ ਸਾਹਿਬ' ਸੰਸਾਰ ਦਾ ਇਕ ਪਵਿੱਤਰ ਧਰਮ ਗ੍ਰੰਥ ਹੈ ਤੇ ਇਹ ਸਿੱਖਾਂ ਦਾ ਸਦੀਵੀ ਗੁਰੂ ਹੈ ਕਿਉਂਕਿ ਇਹ ਧਰਮ ਗ੍ਰੰਥ ਵਿਸ਼ਵ-ਵਿਆਪੀ ਪੱਧਰ ਦੇ, ਧਰਮ ਦੇ ਬਿਲਕੁਲ ਅਨੁਕੂਲ ਹੈ ਸੰਸਾਰ ਪੱਧਰ ਦੇ ਕਈ ਫਿਲਾਸਫ਼ਰ ਤੇ ਧਰਮ ਗੁਰੂ ਇਸ ਧਰਮ ਗ੍ਰੰਥ ਬਾਰੇ ਇਹ ਸੋਚਦੇ ਹਨ ਕਿ ਇਹ ਸੰਸਾਰ ਪੱਧਰ 'ਤੇ ਮਾਨਵਤਾ ਦਾ ਕਲਿਆਣ ਕਰਨ ਲਈ ਤੇ ਵਧੀਆ ਜੀਵਨ ਜਾਂਚ ਸਿਖਾਉਣ ਲਈ ਗੁਣਾਂ ਦਾ ਇਕ ਉੱਤਮ ਤੇ ਵਿਲੱਖਣ ਖ਼ਜ਼ਾਨਾ ਹੈ ਕਿਉਂਕਿ ਇਹ ਸਿੱਖਾਂ ਦਾ ਗੁਰੂ ਹੈ, ਇਸ ਦਾ ਸਤਿਕਾਰ ਤੇ ਇਸ 'ਚ ਸ਼ਰਧਾ ਰੱਖਣਾ ਸਿੱਖ ਸੰਗਤ ਦਾ ਪਰਮ-ਧਰਮ ਹੈ ਸੰਨ 2004 'ਚ ਗੁਰੂ ਅਰਜਨ ਦੇਵ ਜੀ ਦੁਆਰਾ 'ਗੁਰੂ ਗ੍ਰੰਥ ਸਾਹਿਬ' ਦੀ ਕਰਾਈ ਗਈ ਸੰਪਾਦਨਾ ਦੇ 400 ਸਾਲ ਪੂਰੇ ਹੋਣ 'ਤੇ ਇਸ ਦੀ ਚਾਰ ਸੌ ਸਾਲਾ ਸ਼ਤਾਬਦੀ ਬੜੇ ਹਰਸ਼ੋ ਉਲਾਸ ਨਾਲ ਸੰਸਾਰ ਪੱਧਰ 'ਤੇ ਮਨਾਈ ਗਈ ਸੀ ਸੰਨ 2004 'ਚ ਹੀ ਸਿੱਖ ਸੰਗਤ ਵੱਲੋਂ ਇਸ ਦੀ ਸੰਪੂਰਨਤਾ ਦੀ ਤਿੰਨ ਸੌ ਸਾਲਾ ਸ਼ਤਾਬਦੀ ਵੀ ਬੜੀ ਧੂੰਮ-ਧਾਮ ਨਾਲ ਮਨਾਈ ਗਈ ਸੀ 'ਗੁਰੂ ਗ੍ਰੰਥ ਸਾਹਿਬ' ਦੀ ਸੰਪੂਰਨਤਾ 1704 ਈਸਵੀ 'ਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਭਾਈ ਮਨੀ ਸਿੰਘ ਜੀ ਤੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰਵਾ ਕੇ ਦਮਦਮਾ ਸਾਹਿਬ ਵਿਖੇ ਕਰਵਾਈ ਸੀ ਗੁਰੂ ਗ੍ਰੰਥ ਸਾਹਿਬ 'ਚ ਛੇਵੇਂ, ਸੱਤਵੇਂ, ਅੱਠਵੇਂ ਤੇ ਦਸਵੇਂ ਗੁਰੂ ਸਾਹਿਬਾਨ ਦੀ ਬਾਣੀ ਦਰਜ ਨਹੀਂ ਹੈ ਕਿਉਂਕਿ ਉਹਨਾਂ ਨੇ ਬਾਣੀ ਦੀ ਰਚਨਾ ਕੀਤੀ ਹੀ ਨਹੀਂ 'ਗੁਰੂ ਗ੍ਰੰਥ ਸਾਹਿਬ' ਜੀ ਦੀ ਪਵਿੱਤਰ ਕਾਵਿ ਰਚਨਾ ਨੂੰ ਬੜੇ ਸਤਿਕਾਰ ਨਾਲ 'ਗੁਰਬਾਣੀ' ਕਿਹਾ ਜਾਂਦਾ ਹੈ। ਇਸ ਦੇ ਅਰਥ ਹੈ ਗੁਰੂ ਸਾਹਿਬ ਜੀ ਵੱਲੋਂ ਕਹੇ ਗਏ ਸ਼ਬਦ ਜੋ 'ਗੁਰੂ ਗ੍ਰੰਥ ਸਾਹਿਬ' 'ਚ ਦਰਜ ਹਨ। ਇਨ੍ਹਾਂ ਸ਼ਬਦਾਂ ਨੂੰ ਗਾ ਕੇ ਜਾਂ ਪੜ੍ਹ ਕੇ ਜਾਂ ਇਹਨਾਂ ਦੀ ਵਿਆਖਿਆ ਕਰਕੇ ਇਹਨਾਂ 'ਚ ਦਿੱਤੇ ਗਏ ਗੁਰੂ ਸਾਹਿਬਾਨ ਦਾ ਸੰਦੇਸ਼ ਨੂੰ ਸੰਗਤਾਂ 'ਚ ਪਹੁੰਚਾਇਆ ਜਾਂਦਾ ਹੈ। ਸਿੱਖ ਧਰਮ 'ਚ ਇਹਨਾਂ ਸ਼ਬਦਾਂ ਦੀ 'ਵਿਦਵਤਾ' ਜਾਂ ਗੂੜ੍ਹ ਗਿਆਨ ਨੂੰ ਹੀ 'ਗੁਰੂ' ਕਿਹਾ ਜਾਂਦਾ ਹੈ ਨਾ ਕਿ ਕਿਸੇ ਇਨਸਾਨ ਨੂੰ, ਜੋ ਦੇਹਧਾਰੀ ਹੋਵੇ, ਸਮੇਂ-ਸਮੇਂ 'ਤੇ ਪੈਦਾ ਹੋਏ ਸੰਤ ਮਹਾਂਪੁਰਸ਼ਾਂ ਦੇ ਮੁਖਾਰਬਿੰਦ 'ਚੋਂ ਨਿਕਲੇ ਹੋਏ ਸ਼ਬਦਾਂ ਨੂੰ ਦੈਵੀ-ਸੰਦੇਸ਼ ਜਾਂ ਅਕਾਸ਼ਬਾਣੀ ਦੇ ਤੌਰ ਤੇ ਪ੍ਰਗਟ ਕੀਤਾ ਜਾਂਦਾ ਹੈ। ਜਿਹੜੀ ਕਾਵਿ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ 'ਚ ਦਰਜ ਨਹੀਂ ਕੀਤਾ ਗਿਆ, ਉਸ ਨੂੰ ਗੁਰੂ ਸਾਹਿਬ ਦੀ ਬਾਣੀ ਨਹੀਂ ਮੰਨਿਆ ਜਾਂਦਾ ਤੇ ਉਸ 'ਚ ਦਰਜ ਸੰਦੇਸ਼ਾਂ ਨੂੰ ਗੁਰੂ ਸਾਹਿਬਾਨ ਦੇ ਸੰਦੇਸ਼ ਵੀ ਨਹੀਂ ਮੰਨਿਆ ਜਾਂਦਾ। ਇਸ ਬਾਹਰੀ ਬਾਣੀ ਨੂੰ ਗੁਰੂ ਘਰਾਂ 'ਚ ਇਕੱਤਰ ਸੰਗਤ 'ਚ ਪੜ੍ਹਨ ਤੇ ਵਿਆਖਣ ਦੀ ਮਨਾਹੀ ਹੈ। ਸਿਰਫ਼ ਗੁਰੂ ਗੋਬਿੰਦ ਸਿੰਘ ਜੀ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀਆਂ ਸਿਰਜੀਆਂ ਰਚਨਾਵਾਂ ਦੀ ਹੀ ਗਾਉਣ, ਪੜ੍ਹਨ ਤੇ ਵਿਆਖਿਆ ਕਰਨ ਦੀ ਆਗਿਆ ਹੈ। ਜਿਹੜੇ ਵੀ ਗੁਰਬਾਣੀ ਦੇ ਅਧਿਆਪਕ, ਗ੍ਰੰਥੀ, ਧਰਮ ਪ੍ਰਚਾਰਕ ਤੇ ਸੰਤ ਮਹਾਂਪੁਰਸ਼ ਇਹਨਾਂ ਦੀਆਂ ਰਚਨਾਵਾਂ 'ਚ ਦਿੱਤੇ ਗਏ, ਗੁਰੂ ਸਾਹਿਬਾਨ ਦੀਆ ਸਿੱਖਿਆਵਾਂ ਨਾਲ ਮੇਲ ਖਾਂਦੇ ਵਿਚਾਰ ਜਾਂ ਸਿੱਖਿਆਵਾਂ ਦਾ ਪ੍ਰਚਾਰ ਕਰਦੇ ਹਨ, ਉਨ੍ਹਾਂ ਸ਼ਖਸੀਅਤਾਂ ਦਾ ਸਿੱਖ ਸੰਗਤ ਬਹੁਤ ਮਾਣ-ਸਤਿਕਾਰ ਕਰਦੀ ਹੈ।

ਸਿੱਖ ਗੁਰੂ ਗ੍ਰੰਥ ਸਾਹਿਬ 'ਚ ਅਟੁੱਟ ਵਿਸ਼ਵਾਸ ਰੱਖਦੇ ਹਨ। ਇਸ ਦਾ ਪੂਰਾ ਸਤਿਕਾਰ ਕਰਦੇ ਹਨ ਤੇ ਇਸ ਨੂੰ ਪ੍ਰਮਾਤਮਾ ਦਾ ਪ੍ਰਤੱਖ ਰੂਪ ਜਾਣ ਕੇ ਇਸ ਦੇ ਆਦੇਸ਼ਾਂ ਨੂੰ ਮੰਨਦੇ ਹਨ। ਹੁਣ ਉਹ 'ਸ਼ਬਦ ਗੁਰੂ' ਤੋਂ ਇਲਾਵਾ ਕਿਸੇ ਹੋਰ ਦੇਹਧਾਰੀ ਗੁਰੂ ਨੂੰ ਨਹੀਂ ਮੰਨਦੇ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 20 ਅਕਤੂਬਰ, 1708 ਈਸਵੀ ਨੂੰ ਆਪਣੇ ਜੋਤੀ-ਜੋਤ ਸਮਾਉਣ ਤੋਂ ਕੁਝ ਸਮਾਂ ਪਹਿਲਾਂ ਇਕ ਬਹੁਤ ਵੱਡੇ ਇਕੱਠ 'ਚ ਸਿੱਖ ਸੰਗਤਾਂ ਨੂੰ, ਇਹੀ ਆਦੇਸ਼ ਦਿੱਤਾ ਸੀ ਕਿ ਉਹ 'ਸ਼ਬਦ' ਨੂੰ ਹੀ 'ਗੁਰੂ' ਮੰਨਣ।

ਜਿਹੜੇ ਸਿੱਖ ਗੁਰੂ ਨੂੰ ਦੇਖਣ ਦੀ ਇੱਛਾ ਰੱਖਦੇ ਹਨ ਉਹ ਗੁਰੂ ਗ੍ਰੰਥ ਸਾਹਿਬ ਜੀ 'ਚ ਦਰਜ ਸ਼ਬਦਾਂ 'ਚੋਂ ਮਿਲਣ ਵਾਲੀ ਸਿੱਖਿਆ ਨੂੰ ਹੀ ਗੁਰੂ ਸਮਝਣ ਤੇ ਗੁਰੂ ਗ੍ਰੰਥ ਸਾਹਿਬ ਦੇ ਆਦੇਸ਼ਾਂ ਦੀ ਹੀ ਪਾਲਣਾ ਕਰਨ। ਇਸ 'ਚ ਦਿੱਤੀਆਂ ਹੋਈਆਂ ਸਿੱਖਿਆਵਾਂ ਨੂੰ ਹੀ ਗੁਰੂ ਦਾ ਪ੍ਰਤੱਖ ਰੂਪ ਸਮਝਣ। ਗੁਰੂ ਗ੍ਰੰਥ ਸਾਹਿਬ 'ਚ 36 ਰਚਨਾਕਾਰਾਂ ਦੀ ਬਾਣੀ ਦਰਜ ਹੈ। ਇਹ ਸਮੁੱਚੀ ਬਾਣੀ ਧੁਨੀ ਵਿਗਿਆਨ ਦੇ ਆਧਾਰ 'ਤੇ 22 ਭਾਸ਼ਾਵਾਂ ਦੀ ਸ਼ਬਦਾਵਲੀ ਦਾ ਸੰਗ੍ਰਹਿ ਹੈ, ਜਿਸ ਲਈ ਗੁਰਮੁਖੀ ਲਿੱਪੀ ਦਾ ਪ੍ਰਯੋਗ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ 1430 ਅੰਗ (ਪੰਨੇ), 511,874 ਸ਼ਬਦ, 1,720,345 ਅੱਖਰ ਤੇ 28,534 ਪੰਗਤੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੁਆਰਾ, ਇਸ ਦੀ ਸੰਪੂਰਨਤਾ ਜਿਵੇਂ ਕੀਤੀ ਸੀ, ਉਸ 'ਚ ਅੱਜ ਤੱਕ ਕੋਈ ਪਰਿਵਰਤਨ ਨਹੀਂ ਕੀਤਾ ਗਿਆ ਤੇ ਇਸਦਾ ਸਰੂਪ ਜਿਉਂ ਦਾ ਤਿਉਂ ਹੀ ਹੈ।

ਸਾਰੀਆਂ ਸੰਸਥਾਵਾਂ ਤੇ ਗੁਰੂ ਘਰ, ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਸੁਰੱਖਿਆ ਦਾ ਵਿਸ਼ੇਸ਼ ਪ੍ਰਬੰਧ ਕਰਦੀਆਂ ਹਨ ਤਾਂ ਕਿ ਇਸ ਦੇ ਸਰੂਪਾਂ ਦਾ ਕੋਈ ਨੁਕਸਾਨ ਨਾ ਕਰ ਸਕੇ। ਇਸਦੇ ਸਰੂਪਾਂ ਨੂੰ ਬਹੁਤ ਹੀ ਪਵਿੱਤਰ ਅਤੇ ਸੁਰੱਖਿਅਤ ਸਥਾਨ 'ਤੇ ਰੱਖਿਆ ਜਾਂਦਾ ਹੈ ਤੇ ਇਹਨਾਂ ਦੀ ਸੰਭਾਲ ਇਵੇਂ ਹੀ ਕੀਤੀ ਜਾਂਦੀ ਹੈ, ਜਿਵੇਂ ਕਿ ਪ੍ਰਮਾਤਮਾ ਦਾ ਪ੍ਰਤੱਖ ਰੂਪ ਹੀ ਹੋਣ। ਅੱਜ ਦੇ ਵਿਗਿਆਨਕ ਯੁੱਗ 'ਚ ਇਹਨਾਂ ਸਰੂਪਾਂ ਦੀ ਸੰਭਾਲ ਲਈ ਸਭ ਤੋਂ ਵੱਧ ਸਿਧਾਂਤਕ, ਪਵਿੱਤਰ ਤੇ ਸੁਰੱਖਿਅਤ ਤਰੀਕਾ ਇਲੈਕਟ੍ਰਾਨਿਕ ਪ੍ਰਿੰਟਿੰਗ ਮਾਧਿਅਮ ਹੀ ਬਣ ਗਿਆ ਹੈ। ਜਦੋਂ ਗੁਰੂ ਗ੍ਰੰਥ ਸਾਹਿਬ ਦੀ ਆਰੰਭ 'ਚ ਸੰਪਾਦਨਾ ਹੋਈ ਸੀ ਤਾਂ ਗੁਰੂ ਸਾਹਿਬਾਨ ਇਸ ਦੀਆਂ ਹੱਥ ਲਿਖਤ ਬੀੜਾਂ ਦਾ ਹੀ ਪ੍ਰਯੋਗ ਕਰਦੇ ਸਨ ਤੇ ਉਸ ਸਮੇਂ ਹੱਥ ਨਾਲ ਬੀੜਾਂ ਲਿਖਣ ਸਮੇਂ ਬਹੁਤ ਅਹਿਤਿਆਤ ਵਰਤੀ ਜਾਂਦੀ ਸੀ ਤੇ ਇਹਨਾਂ ਬੀੜਾਂ ਦੀ ਪਵਿੱਤਰਤਾ ਦਾ ਪੂਰਾ ਧਿਆਨ ਰੱਖਿਆ ਜਾਂਦਾ ਸੀ।

ਗੁਰੂ ਗ੍ਰੰਥ ਸਾਹਿਬ ਦੀ ਸਾਰੀ ਰਚਨਾ ਦਾ ਕਾਵਿਕ ਰੂਪ ਹੈ। ਇਸੇ ਲਈ ਹੀ ਇਸ 'ਚ ਕਿਸੇ ਤਰ੍ਹਾਂ ਦਾ ਰਲਾਅ ਜਾਂ ਮਿਲਾਵਟ ਦੀ ਕੋਈ ਗੁੰਜਾਇਸ਼ ਨਹੀਂ ਹੈ ਤੇ ਆਪਣੇ ਕਾਵਿਕ



ਰੂਪ ਕਾਰਨ ਹੀ ਲੋਕ ਦਿਲਾਂ 'ਤੇ ਆਪਣਾ ਪੂਰਾ ਪ੍ਰਭਾਵ ਛੱਡਦਾ ਹੈ। ਇਸ ਲਈ ਕੁਝ ਵਿਦਵਾਨ, "ਇਸ ਦੀ ਤਾਕਤ ਨੂੰ ਇਕ ਬਹੁਤ ਹੀ ਪ੍ਰਭਾਵਸ਼ਾਲੀ ਸਾਹਿਤਕ ਤੇ ਸ਼ਾਬਦਿਕ ਤਾਕਤ ਮੰਨਦੇ ਹਨ ਤੇ ਕੋਈ ਵੀ ਟੀਕਾਕਾਰ ਜਾਂ ਵਿਆਖਿਆਕਾਰ ਇਸ ਦੇ ਕਾਵਿਕ ਰੂਪ ਜਿੰਨਾ ਸੁੰਦਰ ਪ੍ਰਭਾਵ, ਆਪਣੇ ਵਿਚਾਰਾਂ 'ਚ ਪ੍ਰਗਟਾ ਨਹੀਂ ਕਰ ਸਕਦਾ।" ਅਗਾਂਹ ਆਉਣ ਵਾਲੇ ਸਮੇਂ 'ਚ ਵੀ ਇਸ ਦੇ ਕਾਵਿਕ ਰੂਪ ਦਾ ਪ੍ਰਭਾਵ, ਇਸੇ ਤਰ੍ਹਾਂ ਹੀ ਬਣਿਆ ਰਹੇਗਾ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀਆਂ ਵਿਸ਼ੇਸ਼ਤਾਵਾਂ ਹੀ ਇਸ ਨੂੰ ਦੁਨੀਆਂ ਦੇ ਸਭ ਧਰਮ ਗ੍ਰੰਥਾਂ ਦੇ ਮੁਕਾਬਲੇ 'ਚ ਸਰਵਸ੍ਰੇਸ਼ਟ ਸਥਾਨ ਤੇ ਰੱਖਦੀਆਂ ਹਨ। ਇਸ ਤੋਂ ਇਲਾਵਾ ਸਿਰਫ਼ ਇਹੀ ਧਰਮ ਗ੍ਰੰਥ ਹੈ ਜਿਸ 'ਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਨੂੰ ਬੋਲ ਕੇ ਲਿਖਾਇਆ ਗਿਆ, ਸੰਪਾਦਿਤ ਕੀਤਾ ਗਿਆ, ਗਲਤੀਆਂ ਦਾ ਸ਼ੁੱਧੀਕਰਨ ਕੀਤਾ ਗਿਆ ਤੇ ਹਸਤਾਖਰ ਕੀਤੇ ਗਏ ਤੇ ਇਸ ਨੂੰ, ਇਸ ਦੇ ਬਾਨੀਆਂ ਨੇ ਆਪਣੇ ਜੀਵਨ ਕਾਲ 'ਚ ਹੀ ਪ੍ਰਮਾਣਿਕਤਾ ਦਿੱਤੀ। ਇਹਨਾਂ ਵਿਲੱਖਣ ਵਿਸ਼ੇਸ਼ਤਾਵਾਂ ਦੀ ਮਦਦ ਨਾਲ ਹੀ ਸਿੱਖ ਧਰਮ ਸੁਰੱਖਿਅਤ ਰਹਿ ਸਕਿਆ ਹੈ, ਭਾਵੇਂ ਕਿ ਇਸ 'ਤੇ ਪਿਛਲੀਆਂ ਪੰਜ ਸਦੀਆਂ ਤੋਂ ਇਸ ਨੂੰ ਤਬਾਹ ਕਰਨ ਲਈ ਅਨੇਕਾਂ ਮਾਰੂ ਹਮਲੇ ਹੁੰਦੇ ਆ ਰਹੇ ਹਨ, ਨੂੰ ਸਹਿ ਸਕਿਆ ਹੈ। ਇਸੇ ਲਈ ਹੀ ਇਸ ਦੀ ਕਈ ਸਦੀਆਂ ਤੋਂ ਪਵਿੱਤਰਤਾ ਤੇ ਸੁਰੱਖਿਆ ਬਣੀ ਹੋਈ ਹੈ ਤੇ ਇਸ 'ਚ ਕੋਈ ਵੀ ਕਿਸੇ ਤਰ੍ਹਾਂ ਦਾ ਰਲ਼ਾ ਨਹੀਂ ਕਰ ਸਕਿਆ ਹੈ।

ਦਮਦਮਾ ਸਾਹਿਬ ਵਾਲੇ ਪਹਿਲੇ 'ਗੁਰੂ ਗ੍ਰੰਥ ਸਾਹਿਬ' ਦੇ ਅਨੇਕਾਂ ਵਾਰ ਸਰੂਪ ਛੱਪ ਚੁੱਕੇ ਹਨ। ਅੱਜ ਕੱਲ੍ਹ ਦੇ ਵਿਗਿਆਨਕ ਯੁੱਗ ਨੇ ਇਸ ਦੀ ਪੜ੍ਹਾਈ ਕਰਨਾ, ਹੋਰ ਵੀ ਆਸਾਨ ਕਰ ਦਿੱਤਾ ਹੈ ਤੇ ਇਸ ਦੇ ਦਮਦਮੀ ਸਰੂਪ ਨੂੰ ਕਈ ਵੈਬਸਾਈਟਾਂ 'ਤੇ ਦੇਖਿਆ ਜਾ ਸਕਦਾ ਹੈ ਤੇ ਇੱਥੇ ਇਸ ਨੂੰ ਦੇਖਣ ਤੇ ਪੜ੍ਹਨ ਦਾ ਕੋਈ ਪੈਸਾ ਨਹੀਂ ਦੇਣਾ ਪੈਂਦਾ। ਇਸ ਤੋਂ ਇਲਾਵਾ ਇਸ ਦੇ ਸਰੂਪਾਂ ਨੂੰ ਹਿੰਦੀ, ਸਿੰਧੀ ਭਾਸ਼ਾਵਾਂ 'ਚ ਤੇ ਰੋਮਨ ਅੰਗਰੇਜ਼ੀ 'ਚ ਤਰਜਮਾ ਵੀ ਵੈਬਸਾਈਟ 'ਤੇ ਦੇਖਿਆ ਜਾ ਸਕਦਾ ਹੈ। ਇਸ ਦੇ ਨਾਲ-ਨਾਲ ਇਸ ਦਾ ਤਰਜਮਾ ਫਰੈਂਚ, ਸਪੈਨਿਸ਼, ਪੰਜਾਬੀ, ਹਿੰਦੀ, ਸਿੰਧੀ ਤੇ ਜਰਮਨ ਭਾਸ਼ਾਵਾਂ 'ਚ ਵੀ ਮੌਜੂਦ ਹੈ। ਇਸ ਤੋਂ ਇਲਾਵਾ ਇਸ ਦਾ ਤਰਜਮਾ ਥਾਈ, ਉਰਦੂ, ਹੈਬੱਰਿਊ ਤੇ ਹੋਰ ਕਈ ਭਾਰਤੀ ਭਾਸ਼ਾਵਾਂ 'ਚ ਤਿਆਰ ਹੋ ਰਿਹਾ ਹੈ।

ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਦੀ ਸੰਪਾਦਨਾ ਕੀਤੀ। ਇਸ 'ਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਦਰਜ ਕੀਤੀ ਤੇ ਇਸ ਦੇ ਨਾਲ ਹੀ ਭਾਰਤ ਦੇ ਕਈ ਸੰਤਾਂ ਮਹਾਂਪੁਰਸ਼ਾਂ ਤੇ ਮੱਧ ਕਾਲੀਨ ਸਮੇਂ ਦੇ, ਕਈ ਵਰਗਾਂ ਦੇ ਰਹਿਬਰਾਂ ਦੀ ਬਾਣੀ ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ ਤੇ ਇਹ ਸਾਰੇ ਮਹਾਂਪੁਰਸ਼ ਸਤਿਗੁਰੂ ਦਾ ਦਰਜਾ ਰੱਖਦੇ ਹਨ:- ਸ੍ਰੀ ਫ਼ਰੀਦ ਜੀ, ਸ੍ਰੀ ਰਾਮਾਨੰਦ ਜੀ, ਸ੍ਰੀ ਕਬੀਰ ਜੀ, ਸ੍ਰੀ ਰਵਿਦਾਸ ਜੀ, ਸ੍ਰੀ ਸੈਣ ਜੀ, ਸ੍ਰੀ ਪੀਪਾ ਜੀ, ਸ੍ਰੀ ਧੰਨਾ ਜੀ, ਸ੍ਰੀ ਨਾਮਦੇਵ ਜੀ, ਸ੍ਰੀ ਤ੍ਰਿਲੋਚਨ ਜੀ, ਸ੍ਰੀ ਜੈਦੇਵ ਜੀ, ਸ੍ਰੀ ਬੇਣੀ ਜੀ, ਸ੍ਰੀ ਪਰਮਾਨੰਦ ਜੀ, ਸ੍ਰੀ ਸੂਰਦਾਸ ਜੀ, ਸ੍ਰੀ ਸਧਨਾ ਜੀ, ਸ੍ਰੀ ਭੀਖਣ ਜੀ, ਸ੍ਰੀਮਤੀ ਮੀਰਾ ਬਾਈ ਜੀ, ਭਾਈ ਮਰਦਾਨਾ ਜੀ, ਭਾਈ ਸੱਤਾ ਜੀ, ਭਾਈ ਬਲਵੰਡ ਜੀ ਤੇ ਬਾਬਾ ਸੁੰਦਰ ਜੀ, ਭੱਟ ਬਾਲ, ਭੱਟ ਭਾਲ੍ਹ, ਭੱਟ ਭੀਖਾ, ਭੱਟ ਮਯਾਂਡ, ਭੱਟ ਹਰਬੰਸ, ਭੱਟ ਜਾਪਾਲ, ਭੱਟ ਕੀਰਤ, ਭੱਟ ਮਥੁਰਾ, ਭੱਟ ਨਾਲ, ਭੱਟ ਸਾਲ, ਭੱਟ ਕਾਲਸ਼ਰ, ਭੱਟ ਕਾਲ੍ਹ ਤੇ ਭੱਟ ਤਾਲ ਜੀ ਦੀ ਬਾਣੀ ਦਰਜ ਕੀਤੀ। ਇਸ ਉਪਰੰਤ ਸ੍ਰੀ 'ਆਦਿ ਗ੍ਰੰਥ' ਸਾਹਿਬ ਦੀ ਸਥਾਪਨਾ ਸਿੱਖ ਧਰਮ ਦੇ ਮੁੱਖ ਤੀਰਥ ਸਥਾਨ 'ਸ੍ਰੀ ਦਰਬਾਰ ਸਾਹਿਬ' ਅੰਮ੍ਰਿਤਸਰ ਵਿਖੇ 1604 ਈਸਵੀ ਨੂੰ ਕਰ ਦਿੱਤੀ। ਇਸ ਤੋਂ ਬਾਅਦ ਇਸ ਦਾ ਵਿਰੋਧ ਕਰਨ ਵਾਲਿਆਂ ਨੇ ਜੋ ਕਿ ਸਿੱਖ ਧਰਮ ਦੇ ਦੋਖੀ ਸਨ, ਨੇ ਕਿਹਾ, "ਸਿੱਖ ਧਰਮ ਦੀ ਗੱਦੀ 'ਤੇ ਗੁਰੂ ਅਰਜਨ ਦੇਵ ਜੀ ਦਾ ਅਧਿਕਾਰ ਨਹੀਂ ਹੈ, ਸਗੋਂ ਸਾਡਾ ਅਧਿਕਾਰ ਹੈ ਤੇ ਉਨ੍ਹਾਂ ਨੇ 'ਸ੍ਰੀ ਆਦਿ ਗ੍ਰੰਥ' ਸਾਹਿਬ ਦੀ ਬੀੜ ਤੇ ਕਰਜ਼ਾ ਕਰ ਲਿਆ ਤੇ ਇਸ ਤੇ ਆਪਣੀ ਮਾਲਕੀ ਦਾ ਐਲਾਨ ਕਰ ਦਿੱਤਾ। ਇਹ ਵਿਰੋਧੀ ਗਰੁੱਪ ਸਿੱਖ ਧਰਮ ਦੀ ਮੁੱਖ ਧਾਰਾ 'ਚ ਵੀ ਸ਼ਾਮਲ ਨਹੀਂ ਹੋਣਾ ਚਾਹੁੰਦੇ ਸਨ।" ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ' ਦੀ ਬੀੜ ਦਾ ਪੁਨਰ ਸਿਰਜਣ ਕਰਨ ਲਈ ਇਸ ਨੂੰ ਆਪਣੇ ਕਬਜ਼ੇ 'ਚ ਕਰ ਲਿਆ ਤੇ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਵੀ ਇਸ 'ਚ ਦਰਜ ਕਰ ਦਿੱਤਾ। ਇਸ ਤਰ੍ਹਾਂ ਹੁਣ ਇਸ ਆਦਿ ਗ੍ਰੰਥ 'ਚ ਛੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੋ ਗਈ। ਇਹ ਸਾਰਾ ਕਾਰਜ ਗੁਰੂ ਸਾਹਿਬ ਨੇ ਆਪ ਬੋਲ ਕੇ, ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਮਨੀ ਸਿੰਘ ਜੀ ਤੋਂ ਕਰਵਾਇਆ। ਇਹ ਕਾਰਜ ਅਨੰਦਪੁਰ ਸਾਹਿਬ ਤੇ ਸ੍ਰੀ ਦਮਦਮਾ ਸਾਹਿਬ ਵਿਖੇ 1704 ਈਸਵੀ 'ਚ ਪੰਜਾਂ ਸਾਲਾਂ 'ਚ ਮੁਕੰਮਲ ਹੋਇਆ। ਇਹ ਕਾਰਜ ਪੂਰਾ ਹੋਣ ਨਾਲ ਸ੍ਰੀ ਦਮਦਮਾ ਸਾਹਿਬ ਦੀ ਜਗ੍ਹਾ ਵੀ ਹਮੇਸ਼ਾ ਲਈ ਅਮਰ ਹੋ ਗਈ।

ਇਸ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਮਹਾਰਾਸ਼ਟਰ ਦੇ ਨਾਂਦੇੜ ਸਥਾਨ 'ਤੇ ਚਲੇ ਗਏ ਤੇ ਇੱਥੇ ਇਕ ਵਿਸ਼ਾਲ ਦੀਵਾਨ 'ਚ ਆਪਣਾ ਆਖਰੀ ਸੰਦੇਸ਼ ਜਾਰੀ ਕਰਦਿਆਂ, ਸਿੱਖ ਕੌਮ ਨੂੰ ਕਿਹਾ ਕਿ, "ਅੱਗੋਂ ਤੋਂ ਗੁਰੂ ਪ੍ਰਥਾ ਬੰਦ ਕੀਤੀ ਜਾਂਦੀ ਹੈ ਤੇ ਹੁਣ ਸਾਰੀ ਸਿੱਖ ਕੌਮ ਦੇ 'ਗੁਰੂ' ਸ੍ਰੀ 'ਗੁਰੂ ਗ੍ਰੰਥ ਸਾਹਿਬ' ਜੀ ਹੀ ਹੋਣਗੇ, 'ਸੱਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।' ਉਸ ਦਿਨ ਤੋਂ 'ਆਦਿ ਗ੍ਰੰਥ' ਨੂੰ ਸ੍ਰੀ 'ਗੁਰੂ ਗ੍ਰੰਥ ਸਾਹਿਬ ਜੀ ਕਿਹਾ ਜਾਣ ਲੱਗ ਪਿਆ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 31 ਰਾਗਾਂ ਵਿਚ ਹੈ। ਇਸ ਵਿਚ 14 ਰਾਗ ਤੇ 17 ਰਾਗਣੀਆਂ ਹਨ। ਰਾਗਾਂ ਵਿਚ ਰਾਗ ਰਾਮਕਲੀ, ਨਟ-ਨਰਾਇਣ, ਮਾਲੀ ਗਾਉੜਾ, ਰਾਗ ਮਾਰੂ, ਤੁਖਾਰੀ ਰਾਗ, ਕੇਦਾਰ ਰਾਗ, ਭੈਰਵ ਰਾਗ, ਰਾਗ ਬਸੰਤ, ਸਾਰੰਗ ਰਾਗ, ਰਾਗ ਮਲਾਰ, ਕੰਨੜ ਰਾਗ, ਰਾਗ ਕਲਿਆਣ, ਰਾਗ ਪ੍ਰਭਾਤੀ, ਰਾਗ ਜੈਜੈਵੰਤੀ, ਸ੍ਰੀ ਰਾਗ, ਮੰਝ ਰਾਗ, ਰਾਗ ਗਾਉੜੀ, ਰਾਗ ਆਸਾ, ਰਾਗ ਗੂਜਰੀ, ਰਾਗ ਦੇਵ ਗੰਧਾਰੀ, ਰਾਗ ਬਿਹਾਰੜਾ, ਰਾਗ ਵੰਡ ਹੰਸ, ਸੋਰਠ ਰਾਗ, ਰਾਗ ਧਨਾਸਰੀ, ਜੈਤਸ੍ਰੀ ਰਾਗ, ਰਾਗ ਟੋਡੀ, ਰਾਗ ਬੈਰਾੜੀ, ਰਾਗ ਤਿਲੰਗ, ਸੂਹੀ ਰਾਗ, ਰਾਗ ਬਿਲਾਵੜਾ ਤੇ ਰਾਗ ਗੌਂਡ ਸ਼ਾਮਿਲ ਹਨ। ਇਸ ਤੋਂ ਇਲਾਵਾ 22 ਵਾਰਾਂ ਹਨ, ਇਹਨਾਂ ਵਿਚੋਂ 9 ਵਾਰਾਂ ਗਾਉਣ ਦੀ ਵਿਸ਼ੇਸ਼ ਤਰਜ਼ ਹੈ ਅਤੇ ਬਾਕੀ 13 ਵਾਰਾਂ ਨੂੰ ਕਿਸੇ ਵੀ ਤਰਜ਼ 'ਚ ਗਾਇਆ ਜਾ ਸਕਦਾ ਹੇ।

ਗੁਰੂ ਗ੍ਰੰਥ ਸਾਹਿਬ 'ਚ 5894 ਸ਼ਬਦ ਦਰਜ ਹਨ। ਇਸ 'ਚ ਸਭ ਤੋਂ ਵੱਧ ਬਾਣੀ ਗੁਰੂ ਅਰਜਨ ਦੇਵ ਜੀ ਦੀ ਹੀ ਹੈ ਤੇ ਉਹਨਾਂ ਦੇ 2216 ਸ਼ਬਦ ਹਨ। ਗੁਰੂ ਸਾਹਿਬਾਨ ਤੋਂ ਇਲਾਵਾ ਹੋਰ ਪੰਦਰਾਂ ਸੰਤ-ਮਹਾਂਪੁਰਸ਼ਾਂ ਦੇ 837 ਸ਼ਬਦ ਵੀ ਇਸ 'ਚ ਦਰਜ ਹਨ। ਇਸ ਦੇ ਨਾਲ ਹੀ ਗਿਆਰਾਂ ਹੋਰ ਮਹਾਨ ਕਵੀਆਂ ਦੀਆਂ ਰਚਨਾਵਾਂ ਜਿਹੜੇ ਕਿ ਗੁਰੂ ਦਰਬਾਰ ਨਾਲ ਸਬੰਧਤ ਸਨ ਤੇ ਉਹਨਾਂ ਦੇ ਵਿਚਾਰ ਜਾਂ ਸਿਧਾਂਤ ਵੀ ਗੁਰੂ ਸਾਹਿਬਾਨ ਦੇ ਰੂਹਾਨੀ ਦੀਵਾਨਾਂ ਤੇ ਸੰਤ ਸੰਗਾਂ 'ਚ ਹਜ਼ਾਰਾਂ ਦੀ ਗਿਣਤੀ 'ਚ ਹਿੰਦੂ, ਮੁਸਲਮਾਨ, ਬ੍ਰਾਹਮਣ ਤੇ ਦਲਿਤ ਪਰਿਵਾਰਾਂ ਦੇ ਲੋਕ ਜੁੜਦੇ ਸਨ ਤੇ ਉਹ ਸਿੱਖ ਧਰਮ ਦੀ ਵਿਸ਼ਵ-ਵਿਆਪੀ ਵਿਚਾਰਧਾਰਾ ਜੋ ਗੁਰੂ ਗ੍ਰੰਥ ਸਾਹਿਬ 'ਚ ਦਰਜ ਹੈ, ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਸਨ।

ਭਾਸ਼ਾ-ਵਿਗਿਆਨ ਦੇ ਨਜ਼ਰੀਏ ਤੋਂ ਵੀ ਜੇਕਰ ਦੇਖਿਆ ਜਾਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਬਹੁਤ ਸਾਰੀਆਂ ਭਾਸ਼ਾਵਾਂ ਦਾ ਆਪਣੇ ਜ਼ਮਾਨੇ ਦਾ ਇਕ ਵੱਡਾ ਖ਼ਜ਼ਾਨਾ ਹੈ, ਜਿਹੜਾ ਕਿ ਸਾਡੇ ਸਮਾਜ ਦੇ ਹਰ ਵਰਗ 'ਤੇ ਆਪਣਾ ਪੂਰਾ ਪ੍ਰਭਾਵ ਛੱਡਦਾ ਹੈ। ਭਾਸ਼ਾਵਾਂ ਖਾਸ ਤੌਰ 'ਤੇ ਸੰਤਾਂ-ਮਹਾਂਪੁਰਸ਼ਾਂ ਨੇ ਜੋ ਆਪਣੀਆਂ ਰਚਨਾਵਾਂ ਲਈ ਪ੍ਰਯੋਗ ਕੀਤੀਆਂ ਹਨ, ਉਹ ਮੱਧ-ਯੁੱਗ ਦੀਆਂ, ਆਪਣੇ-ਆਪਣੇ ਇਲਾਕੇ ਦੀਆਂ ਭਾਸ਼ਾਵਾਂ ਹੋਣ ਤੋਂ ਇਲਾਵਾ ਭਾਰਤ ਦੀ ਮੁੱਖ ਧਾਰਾ ਵਾਲੀ ਭਾਸ਼ਾ ਨਾਲ ਵੀ ਸਾਨੂੰ ਜੋੜਦੀਆਂ ਹਨ। ਇਹ ਭਾਸ਼ਾਵਾਂ ਇਲਾਕਾਈ ਉਪਭਾਸ਼ਾਵਾਂ ਹੋਣ ਦੇ ਨਾਲ-ਨਾਲ ਸੰਸਕ੍ਰਿਤ, ਪ੍ਰਾਕ੍ਰਿਤ, ਫਾਰਸੀ, ਅਰਬੀ, ਬੰਗਾਲੀ ਤੇ ਮਰਾਠੀ ਆਦਿ ਭਾਸ਼ਾਵਾਂ ਦੀ ਪੁੱਠ ਚੜ੍ਹਨ ਤੋਂ ਵੀ ਬਚ ਨਹੀਂ ਸਕੀਆਂ ਹਨ। ਇਸ ਭਾਸ਼ਾ ਨੇ ਅੱਜ ਤੱਕ ਇਹ ਆਪਣੀ ਵਿਭਿੰਨਤਾ ਦੱਖਣੀ-ਪੂਰਬੀ ਏਸ਼ੀਆ 'ਚ ਬਣਾਈ ਰੱਖੀ ਹੈ। ਇਸ ਦਾ ਪ੍ਰਭਾਵ, ਸਪਸ਼ਟਤਾ ਤੇ ਦੂਸਰੀਆਂ ਭਾਸ਼ਾਵਾਂ ਨੂੰ ਆਪਣੇ 'ਚ ਧਾਰਨ ਕਰਨ ਦੀ ਪ੍ਰਵਿਰਤੀ ਅਜੇ ਤੱਕ ਮੌਜੂਦ ਹੈ। ਗੁਰੂ ਸਾਹਿਬਾਨ ਨੇ ਇਸ ਪ੍ਰਵਿਰਤੀ 'ਚ ਹੋਰ ਵਾਧਾ ਕਰਨ ਲਈ ਇਸ ਦੇ ਧੁਨੀ-ਵਿਗਿਆਨ ਨੂੰ ਗੁਰਮੁਖੀ ਲਿਪੀ 'ਚ ਅਭਿਵਿਅਕਤ ਕੀਤਾ ਤੇ ਇਸਦਾ ਰੂਪ ਬਹੁ-ਭਾਸ਼ਾਈ ਹੋਣ ਦੇ ਬਾਵਜੂਦ ਵੀ, ਬਾਣੀ ਸਾਰੀ ਦੀ ਸਾਰੀ ਸੰਗੀਤਮਈ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਵਿਸ਼ਾ ਪ੍ਰਧਾਨ ਹੋਣ ਕਰਕੇ ਬੜੀ ਸਨਮਾਨਯੋਗ ਹੈ ਤੇ ਇਹ ਬੜੀ ਉੱਚੀ ਸੋਚ ਵਿਚਾਰ ਵਾਲੀ ਵੀ ਹੈ। ਬਾਣੀ ਸੰਗੀਤਮਈ ਹੋਣ ਕਾਰਨ, ਇਸ ਦਾ ਰਾਗਾਂ 'ਚ ਵਰਗੀਕਰਣ ਕੀਤਾ ਗਿਆ ਹੈ। ਇਸ ਦੀ ਲੈ ਤੇ ਰਵਾਨਗੀ ਵਜ਼ਨ ਤੇ ਤੋਲ 'ਚ ਪੂਰੀ ਹੈ। ਇਸੇ ਕਰਕੇ ਹੀ ਇਸ ਨੂੰ 'ਰਾਗ' ਕਿਹਾ ਗਿਆ ਹੈ। ਭਾਰਤੀਯ ਸ਼ਾਸਤਰੀ ਸੰਗੀਤ 'ਚ ਰਾਗ ਦਾ ਭਾਵ ਹੈ ਕਿ ਲੈਆਤਮਕ ਆਦਰਸ਼ਕ ਸੁਰ ਜੋ ਸਰੋਤਿਆਂ ਨੂੰ ਮੰਤਰ ਮੁਗਧ ਕਰ ਦੇਵੇ। ਇਸ ਦੇ ਇਸ ਸਰੂਪ ਨੂੰ ਸਿਰਫ਼ ਸੁਰੱਖਿਅਤ ਰੱਖਣ ਲਈ ਹੀ ਨਹੀਂ ਵਰਤਿਆ ਗਿਆ ਕਿ ਬਾਣੀ ਦੀ ਰਚਨਾਤਮਿਕਤਾ ਦਾ ਅਸਲੀ ਰੂਪ ਨਾ ਵਿਗੜੇ। ਵੈਸੇ ਵੀ ਬਾਣੀ ਦੀ ਇਸ ਰੂਪ 'ਚ ਨਕਲ ਕਰਨਾ ਬੜਾ ਮੁਸ਼ਕਿਲ ਕੰਮ ਹੈ ਪ੍ਰੰਤੂ ਇਸ ਨੂੰ ਹੋਰ ਰੂਹਾਨੀ ਤਜਰਬੇ ਨਾਲ, ਸੰਗੀਤ ਦੁਆਰਾ ਪੇਸ਼ ਕਰਕੇ ਸੁਰੱਖਿਅਤ ਕਰਨਾ ਤੇ ਅਲਾਹੀ ਸ਼ਬਦਾਵਲੀ ਦਾ ਪ੍ਰਯੋਗ ਕਰਕੇ ਪੇਸ਼ ਕਰਨਾ, ਇਕ ਮਾਰਕੇ ਦੀ ਗੱਲ ਹੈ। ਇਸ 'ਚ 31 ਰਾਗਾਂ ਦੀ ਵਰਤੋਂ ਹੋਈ ਹੈ। ਰਾਗਾਂ ਦੇ ਨਾਂ, ਗੁਰੂ ਸਾਹਿਬ ਨੇ ਇਸ 'ਚ ਕਈ ਰਾਗਾਂ ਦੀ ਆਪ ਖੁਦ ਬਣਤਰ ਤਿਆਰ ਕੀਤੀ ਹੈ। ਹਰ ਰਾਗ ਦੇ ਅਧੀਨ, ਸ਼ਬਦਾਂ ਨੂੰ ਗਾਉਣ ਦੀ ਵਿਧੀ ਤਿਆਰ ਕੀਤੀ ਤੇ ਇਹਨਾਂ 'ਚ ਚੌਪਦੇ ਤੇ ਅਸ਼ਟਪਦੇ ਤੇ ਕੁਝ ਲੰਮੀਆਂ ਕਾਵਿ ਰਚਨਾਵਾਂ, ਜਿਹਨਾਂ 'ਚ ਚੰਡਜ਼, ਵਾਰਾਂ ਤੇ ਭਗਤਾਂ ਦੀ ਬਾਣੀ ਆਉਂਦੀ ਹੈ।

ਗੁਰੂ ਗ੍ਰੰਥ ਸਾਹਿਬ 'ਚ ਦਰਜ ਬਾਣੀ ਦੀ ਇਕ ਖ਼ੂਬੀ ਇਹ ਵੀ ਹੈ ਕਿ ਇਸ 'ਚ ਛੰਦਾ-ਬੰਦੀ ਤੇ ਪਿੰਗਲ ਸ਼ਾਸਤਰ ਦਾ ਬਹੁਤ ਧਿਆਨ ਰੱਖਿਆ ਗਿਆ ਹੈ। ਪੌੜੀਆਂ ਤੇ ਸ਼ਲੋਕਾਂ ਦੀ ਛੰਦਾ-ਬੰਦੀ ਅਜਿਹੀ ਰਿਵਾਇਤੀ ਢੰਗ ਨਾਲ ਕੀਤੀ ਗਈ ਹੈ ਕਿ ਉਹ ਕਾਬਲੇ ਤਾਰੀਫ਼ ਹੈ। ਇਹ ਸ਼ਾਸਤਰੀ ਸੰਗੀਤ ਦੀ ਕਲਾ ਦੀ ਕਸਵੱਟੀ ਤੇ ਪੂਰੀ ਉਤਰਦੀ ਹੈ ਤੇ ਇਸ ਨੂੰ ਪੂਰੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਬਹੁਤ ਸਾਰੀਆਂ ਅਲਾਉਣੀਆਂ, ਗੋਰਿਸ ਤੇ ਚੰਡਜ ਆਦਿ ਆਪਣੀ ਲੋਕ ਧਾਰਾ ਵਾਲੀ ਕਸਵੱਟੀ ਤੇ ਪੂਰੀਆਂ ਉਤਰਦੀਆਂ ਹਨ ਤੇ ਉਹਨਾਂ ਦੀ ਛੰਦਾ-ਬੰਦੀ ਦਾ ਤੋਲ ਵੀ ਨਿਯਮਾਂ ਦੀ ਪੂਰੀ ਪਾਲਣਾ ਕਰਦਾ ਹੈ। ਬਾਣੀ ਦੀ ਅੰਦਰਲੀ ਤੇ ਬਾਹਰਲੀ ਖ਼ੂਬਸੂਰਤੀ ਦਾ ਤਾਲਮੇਲ ਅਜਿਹਾ ਹੈ ਕਿ ਇਸ ਦੀ ਸ਼ਬਦਾਵਲੀ ਸੰਗੀਤ ਦੀ ਕਸਵੱਟੀ ਤੇ ਪੂਰੀ ਉਤਰਦੀ ਹੈ ਤੇ ਆਪਣੀ ਵਿਦਵਤਾ ਤੇ ਸਰਲਤਾ ਦਾ ਪੂਰਾ ਪ੍ਰਗਟਾ ਕਰਦੀ ਹੈ। ਬਾਣੀ 'ਚ ਦਿੱਤੇ ਵਿਚਾਰਾਂ ਦਾ ਸੁਰੀਲਾਪਣ ਬੜੀ ਨਿਪੁੰਨਤਾ ਤੇ ਵਿਗਿਆਨਕ ਤਰੀਕੇ ਨਾਲ ਆਪਣੀ ਵਿਦਵਤਾ ਦੀ ਪੂਰੀ ਛਾਪ ਛੱਡਦਾ ਹੈ। ਇਸ ਲਈ ਇਹ, ਇਸ ਨੂੰ ਇਕ ਵਿਲੱਖਣ ਤਰੀਕੇ ਨਾਲ ਹੋਰ ਪ੍ਰਭਾਵਸ਼ਾਲੀ ਤੇ ਲਚਕੀਲਾ ਬਣਾਉਂਦਾ ਹੈ ਤੇ ਗੁਰੂ ਗ੍ਰੰਥ ਸਾਹਿਬ ਦੀ ਸੁੰਦਰਤਾ ਤੇ ਅਨੁਸ਼ਾਸਨਤਾ ਦਾ ਪ੍ਰਗਟਾ ਕਰਦਾ ਹੈ।

ਗੁਰੂ ਗ੍ਰੰਥ ਸਾਹਿਬ 'ਚ ਦਰਜ ਬਾਣੀ ਨੂੰ, ਕੀਰਤਨ ਕਰਨ ਦੀ ਵਿਧੀ ਨਾਲ ਗਾਇਆ ਜਾਂਦਾ ਹੈ। ਇਸ ਤਰੀਕੇ ਨਾਲ ਗੁਰਬਾਣੀ ਦੇ ਸਹੀ ਅਰਥਾਂ ਨੂੰ ਸਰੋਤਿਆਂ ਦੀ ਇਲਾਹੀ ਸੁਰਤ ਨਾਲ ਜੋੜ ਦਿੱਤਾ ਜਾਂਦਾ ਹੈ ਤੇ ਉਹ ਸੰਗੀਤ ਦੀਆਂ ਸੁਰਾਂ ਨਾਲ ਝੂੰਮਦਾ ਹੋਇਆ ਆਪਣੀ ਸੁਰਤ ਨੂੰ ਇਕਾਗਰ ਕਰ ਲੈਂਦਾ ਹੈ ਤੇ ਉਸ ਸਰਵਵਿਆਪੀ ਨਾਲ ਜੁੜ ਜਾਂਦਾ ਹੈ। ਸ਼ਬਦ ਕੀਰਤਨ ਕਰਨ ਵਾਲਿਆਂ ਦਾ ਸਰੀਰਕ ਪ੍ਰਭਾਵ ਤੇ ਉਹਨਾਂ ਦੇ ਚਿਹਰੇ ਦੇ

(ਬਾਕੀ ਅਗਲੇ ਸਫੇ 'ਤੇ)

# ਗੁਰਬਾਣੀ ਦਾ ਸੰਦੇਸ਼- 'ਪੂਜਾ ਅਕਾਲ ਕੀ ਪਰਚਾ ਸ਼ਬਦ ਕਾ ਦਿਦਾਰ ਖ਼ਾਲਸੇ ਕਾ'

ਹਾਵ ਭਾਵ, ਬਾਣੀ 'ਚ ਦਰਜ ਵਿਚਾਰਾਂ ਦਾ ਪ੍ਰਗਟਾ ਵੀ ਕਰਦੇ ਹਨ ਤੇ ਇਸ ਦਾ ਵੀ ਸਰੋਤਿਆਂ ਦੀ ਸੁਰਤ ਜੋੜਨ 'ਚ ਸਰੀਰ ਤੇ ਦਿਮਾਗ ਦੋਹਾਂ ਤੇ ਬਹੁਤ ਪ੍ਰਭਾਵ ਪੈਂਦਾ ਹੈ। ਜਿਉਂ ਹੀ ਅਸੀਂ ਗੁਰਬਾਣੀ ਦਾ ਗਾਇਨ ਕਰਦੇ ਹਾਂ ਜਾਂ ਸੁਣਦੇ ਹਾਂ ਤਾਂ ਸਾਰੀ ਸ੍ਰਿਸ਼ਟੀ ਸਾਨੂੰ ਇਕ ਰੂਪਕ ਦਾ ਚਿੱਤਰਨ ਧਾਰ ਕੇ ਨਜ਼ਰ ਆਉਂਦੀ ਹੋਈ ਪ੍ਰਤੀਤ ਹੁੰਦੀ ਹੈ। ਸ਼ਬਦ ਕੀਰਤਨ ਸੁਣਨ ਨਾਲ ਅਸੀਂ ਸ਼ਬਦਾਂ 'ਤੇ ਆਪਣਾ ਧਿਆਨ ਕੇਂਦਰਿਤ ਕਰਦੇ ਹਾਂ। ਇਸ ਦੇ ਸੁਣਨ ਨਾਲ ਸਾਡੀ ਕਾਇਆ ਪਵਿੱਤਰ ਹੁੰਦੀ ਹੈ ਤੇ ਸਾਡੇ ਅੰਦਰ ਵਿਚਾਰਾਂ ਦੀ ਸ਼ੁੱਧਤਾ ਆਉਂਦੀ ਹੈ। ਗੁਰਬਾਣੀ ਦੇ ਰਾਗਾਂ ਦੀਆਂ, ਸੰਗੀਤਕ ਸੁਰਾਂ ਦਾ ਸਬੰਧ ਸਰੀਰ, ਦਿਮਾਗ ਤੇ ਰੂਹ ਨਾਲ ਹੁੰਦਾ ਹੈ, ਇਹਨਾਂ ਸਭ ਦੀ ਸੇਧ ਸਾਨੂੰ ਸਾਡੀਆਂ ਭਾਵਨਾਵਾਂ, ਮਾਨਸਿਕਤਾ, ਰੂਹਾਨੀਅਤ ਤੇ ਉਸ ਹਸਤੀ ਦੀ ਹੋਂਦ ਨਾਲ ਜੋੜਦੀ ਹੈ। ਇਹ ਸਾਰੀਆਂ ਚੀਜ਼ਾਂ ਦਿਮਾਗ 'ਚ ਕੋਈ ਖਿਆਲ ਬਿਠਾਉਂਦੀਆਂ ਹਨ ਜੋ ਰੂਹਾਨੀਅਤ ਤੇ ਦਿਮਾਗੀ ਵਿਕਾਸ ਦਾ ਕੇਂਦਰ ਹਨ। ਇਸ ਤਰ੍ਹਾਂ ਸਿੱਖ ਸੰਗਤ ਇਕੱਠੀ ਹੋ ਕੇ ਜਦੋਂ ਗੁਰਬਾਣੀ ਦਾ ਪਾਠ ਤੇ ਗਾਇਨ ਕਰਦੀ ਹੈ ਤਾਂ ਉਹਨਾਂ ਨੂੰ ਅੱਖਾਂ ਸਾਹਮਣੇ, ਇਕ ਸੰਯੁਕਤ ਰੂਹਾਨੀਅਤ ਸ਼ਕਤੀ ਨਜ਼ਰ ਆਉਂਦੀ ਹੈ। ਇਹ ਇਵੇਂ ਹੁੰਦਾ ਹੈ ਕਿ ਸਾਧਾਰਨ ਸ਼ਬਦ, ਸ਼ੁਭ ਸ਼ਬਦ ਬ੍ਰਹਮ 'ਚ ਤਬਦੀਲ ਹੋ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨਾ, ਜਿਸ ਨੂੰ ਗੁਰਬਾਣੀ ਪਾਠ ਵੀ ਕਿਹਾ ਜਾਂਦਾ ਹੈ, ਹਰ ਸਿੱਖ ਦਾ ਇਕ ਪਵਿੱਤਰ ਹੱਕ ਹੈ ਜਿਹੜਾ ਉਸ ਨੂੰ ਆਪਣੇ ਗੁਰੂ ਨਾਲ ਜੋੜਦਾ ਹੈ ਤੇ ਇਹ ਉਸਨੂੰ ਰੂਹਾਨੀਅਤ ਦੀ ਅਗਵਾਈ ਵੀ ਕਰਦਾ ਹੈ। ਇਹ ਇਕ ਧਰਮ ਮਰਿਆਦਾ ਤੋਂ ਕਿਤੇ ਉਪਰ ਹੈ ਜਾਂ ਇਕ ਸਮੂਹਿਕ ਗੁੰਝਲਦਾਰ ਯਤਨ ਕਰਨਾ ਹੈ। ਬੌਧਿਕ ਸੋਚ ਵਿਚਾਰ ਜਾਂ ਠਰ੍ਹੰਮਾ, ਸਿਆਣਪਤ ਤੇ ਵਿਸ਼ਵਾਸ ਨੂੰ ਪਾਉਣ ਲਈ, ਦਾ ਇਕ ਵਧੀਆ ਤਰੀਕਾ ਹੈ ਜਿਸ ਨਾਲ ਅੰਦਰਲੀ ਰੌਸ਼ਨੀ ਨੂੰ ਉਜਾਗਰ ਕੀਤਾ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸੁਰ 'ਚ ਪੜ੍ਹ ਕੇ ਵੀ ਆਪਣੇ ਵਿਚਾਰਾਂ 'ਚ ਸ਼ੁੱਧਤਾ ਲਿਆਂਦੀ ਜਾ ਸਕਦੀ ਹੈ। ਬਾਣੀ ਦੇ ਸ਼ਬਦਾਂ ਨੂੰ ਪੜ੍ਹ ਕੇ ਅਕਸਰ ਆਪਣੇ 'ਚ ਧੀਰਜ ਲਿਆਉਣ ਨਾਲ ਆਪਣੇ ਦੁੱਖਾਂ ਕਲੇਸ਼ਾਂ ਨੂੰ ਨਸ਼ਟ ਕੀਤਾ ਜਾ ਸਕਦਾ ਹੈ। ਇਸ ਨਾਲ ਆਪਣੇ ਦੁੱਖਾਂ-ਕਲੇਸ਼ਾਂ ਨੂੰ ਸਮਝਣ 'ਚ ਮਦਦ ਮਿਲਦੀ ਹੈ ਤੇ ਮਾਨਸਿਕ ਖੁਸ਼ੀ ਪ੍ਰਾਪਤ ਹੁੰਦੀ ਹੈ ਜਾਂ ਅੰਤਰ ਆਤਮਾ 'ਚ ਇਸਦੀ ਖੁਸ਼ੀ ਦੀ ਲਹਿਰ ਅੰਦਰ ਦੌੜਦੀ ਹੈ।

'ਗੁਰੂ ਗ੍ਰੰਥ ਸਾਹਿਬ' ਦੀ ਰਹੱਸਮਈ ਬਾਣੀ 'ਚ ਜਿਹੜੀ ਅਧਿਆਤਮਕ ਅਰਜੋਈ ਕੀਤੀ ਗਈ ਹੈ, ਉਸ ਨੂੰ ਥੋੜ੍ਹੇ ਲਫਜ਼ਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਪਵਿੱਤਰ ਧਰਮ ਗ੍ਰੰਥ 'ਚ ਅਧਿਆਤਮਕਵਾਦ ਦਾ ਵਿਸ਼ਾ ਇਕ ਗੂੜ੍ਹ ਗਿਆਨ ਦਾ ਵਿਸ਼ਾ ਹੈ। ਇਸ ਦੀਆਂ ਰਹੱਸਮਈ ਤੰਦਾਂ ਦੀਆਂ ਗੁੰਝਲਾਂ ਨੂੰ ਖੋਲ੍ਹਣ ਦਾ ਚਿੰਤਨ ਕਰਨਾ, ਇਕ ਬਹੁਤ ਵੱਡੀ ਵਿਦਵਤਾ ਦੀ ਮੰਗ ਕਰਦਾ ਹੈ। ਇਸ ਦੀਆਂ ਕਈ ਰਚਨਾਵਾਂ 'ਚ ਜੋ ਮੁਹਾਵਰੇ ਵਰਤੇ ਗਏ ਹਨ, ਉਹ ਆਮ ਲੋਕਾਂ ਦੀ ਬੋਲੀ 'ਚੋਂ ਹਨ ਤੇ ਬੜੀ ਸਰਲਤਾ ਤੇ ਸਪਸ਼ਟਤਾ ਨਾਲ, ਉਹ ਸਮਝ ਆਉਂਦੇ ਹਨ ਤੇ ਚੌਗਿਰਦੇ ਦਾ ਪੂਰਾ ਦ੍ਰਿਸ਼ਟਾਂਤ ਪੇਸ਼ ਕਰਦੇ ਹਨ। ਬਾਣੀ ਦੀ ਰਚਨਾ ਬੜੀ ਕਾਬਲੇ ਤਾਰੀਫ਼ ਹੈ। ਇਹ ਬੜੀ ਰਸੀਲੀ, ਆਮ ਆਦਮੀ ਦੀ ਸਮਝ 'ਚ ਪੈਣ ਵਾਲੀ ਤੇ ਇਸ ਨੂੰ ਬੜੀ ਆਸਾਨੀ ਨਾਲ ਗਾਇਆ ਜਾ ਸਕਦਾ ਹੈ। ਇਸ ਦੀ ਬਿੰਬਾਵਲੀ ਸਾਡੀ ਰੋਜ਼ਾਨਾ ਜ਼ਿੰਦਗੀ ਦੀ ਆਮ ਬੋਲੀ 'ਚੋਂ ਹੈ ਤੇ ਇਸਦਾ ਤੋਲ ਤੇ ਤੁਕਾਂਤ ਪਿੰਗਲ ਸ਼ਾਸਤਰ ਦੀ ਕਸਵੱਟੀ 'ਤੇ ਪੂਰਾ ਉਤਰਦਾ ਹੈ। ਗੁਰੂ ਸਾਹਿਬਾਨ ਕੁਦਰਤ ਦੇ ਵੀ ਬਹੁਤ ਪ੍ਰੇਮੀ ਸਨ, ਉਹਨਾਂ ਦੀ ਗੁਰਬਾਣੀ 'ਚ ਆਪਣੇ ਆਲੇ-ਦੁਆਲੇ ਤੇ ਕੁਦਰਤੀ ਨਜ਼ਾਰਿਆਂ ਦਾ ਚਿਤਰਨ ਤੇ ਰੂਪਾਂਤਰਨ ਵੀ ਬੜੀ ਖੂਬਸੂਰਤੀ ਨਾਲ ਕੀਤਾ ਹੈ। ਸੂਰਜ ਦੇ ਚੜ੍ਹਨ ਤੇ ਅਸਤ ਹੋਣ ਦੇ ਦ੍ਰਿਸ਼, ਰੁੱਤਾਂ ਦੀ ਤਬਦੀਲੀ ਤੇ ਉਸ ਅਕਾਲ ਪੁਰਖ ਨਾਲ ਆਪਣੇ ਪ੍ਰੇਮ ਨੂੰ ਵੀ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਇਆ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ 'ਚ ਬਾਣੀ ਦੇ ਰਚਾਇਤਾਵਾਂ ਨੇ ਇਸ ਧਰਮ ਗ੍ਰੰਥ ਨੂੰ ਇਕ ਵਿਸ਼ੇਸ਼, ਵਿਲੱਖਣ, ਰਹੱਸਮਈ, ਤੱਤਕਾਲੀਨ, ਮਹੱਤਵਪੂਰਨ ਤੇ ਜੀਵਨ ਜਾਂਚ ਦਾ ਯਥਾਰਥ ਬਣਾ ਦਿੱਤਾ ਹੈ ਜਿਹੜਾ ਕਿ ਮਨੁੱਖੀ ਮਨਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਟੁੰਬਦਾ ਹੈ।

'ਗੁਰੂ ਗ੍ਰੰਥ ਸਾਹਿਬ' ਦੀ ਸਭ ਤੋਂ ਜ਼ਿਆਦਾ ਸ਼ਾਨ ਵਧਾਉਣ ਵਾਲੀ ਖਾਸੀਅਤ ਇਹ ਹੈ ਕਿ ਇਸ ਦੀ ਪ੍ਰਵਿਰਤੀ ਕਿਸੇ ਨਾਲ ਪੱਖਪਾਤ ਕਰਨ ਵਾਲੀ ਨਹੀਂ ਹੈ। ਇਸ ਦੀ ਪ੍ਰਵਿਰਤੀ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ 'ਚ ਲੈਣ ਵਾਲੀ ਹੈ, ਕਿਸੇ ਨਾਲ ਵੀ ਵੈਰ ਵਿਰੋਧ ਤੇ ਤਕਰਾਰ ਰੱਖਣ ਵਾਲੀ ਨਹੀਂ ਹੈ। ਇਸ ਧਰਮ ਗ੍ਰੰਥ ਦੀ ਵਿਲੱਖਣਤਾ ਇਹ ਵੀ ਹੈ ਕਿ ਜਿਸ ਸਮੇਂ 'ਚ ਇਸ ਦੀ ਸੰਪਾਦਨਾ ਹੋਈ, ਉਸ ਸਮੇਂ ਦੇ ਦੌਰਾਨ 'ਚ ਇਹ ਆਪਣੇ ਆਪ ਨੂੰ ਰੂੜ੍ਹੀਵਾਦੀ, ਕੱਟੜਵਾਦ, ਧੜੇਬਾਜ਼ੀ ਤੇ ਫਜ਼ੂਲ ਦੇ ਮਾਨਵੀ ਵਿਵਾਦ ਤੋਂ ਦੂਰ ਰੱਖਦਾ ਹੈ। ਉਸ ਸਮੇਂ 'ਚ ਇਹ ਆਪਣੇ ਸੰਤੁਲਨ ਨੂੰ, ਆਪਣੀ ਬਾਣੀ ਦੀ ਵਿਆਖਿਆ ਸ਼ਬਦਾਂ ਤੇ ਭਜਨਾਂ ਨਾਲ, ਜਿਹਨਾਂ ਨੂੰ ਸੰਤ ਮਹਾਂਪੁਰਸ਼, ਵਿਦਵਾਨ ਤੇ ਹੋਰ ਪਵਿੱਤਰ ਰੂਹਾਂ ਸੰਗੀਤਕ ਸੁਰਾਂ 'ਤੇ ਗਾ ਕੇ ਪ੍ਰਚਾਰਿਤ ਕਰਦੀਆਂ ਸਨ, ਨਾਲ ਬਣਾਈ ਰੱਖਿਆ ਹੈ। ਅਕਸਰ ਬਾਣੀ ਦੇ ਸ਼ਬਦ ਤੇ ਦੋਹਰੇ, ਲੋਕਾਂ ਦੀ ਆਮ ਜ਼ੁਬਾਨ 'ਚ ਹੋਣ ਕਰਕੇ ਤੇ ਮੁਹਾਵਰੇ ਬੰਦੀ ਬੜੀ ਸਰਲ ਹੋਣ ਕਰਕੇ ਇਸ ਨਾਲ, ਲੋਕਾਂ ਨਾਲ ਸੰਪਰਕ ਬਣਾਉਣਾ ਬੜਾ ਆਸਾਨ ਸੀ। ਇਸ ਨਾਲ ਬਾਣੀ ਦੇ ਮੂਲ ਭਾਵ ਨੂੰ ਲੋਕਾਂ ਤੱਕ ਪਹੁੰਚਾਉਣਾ, ਗੁਰੂ ਸਾਹਿਬਾਨ ਲਈ ਇਕ ਬੜਾ ਆਸਾਨ ਤਰੀਕਾ ਸੀ।

ਗੁਰੂ ਗ੍ਰੰਥ ਸਾਹਿਬ ਉਸ ਸਮੇਂ ਦਾ ਇਕ ਅਜਿਹਾ ਧਰਮ ਗ੍ਰੰਥ ਹੈ, ਜਿਸ 'ਚ ਉਸ ਸਮੇਂ ਸਭ ਤੋਂ ਪਹਿਲਾ ਗੁਰੂ ਸਾਹਿਬਾਨ ਨੇ ਇਸ 'ਚ ਲੋਕਾਂ ਦਾ ਵਿਸ਼ਵਾਸ ਬਹਾਲ ਕਰਵਾਇਆ ਤੇ ਅੱਜ ਇਸ ਧਰਮ ਗ੍ਰੰਥ 'ਚ ਇਹ ਵਿਸ਼ਵਾਸ ਵਿਸ਼ਵ ਵਿਆਪੀ ਪੱਧਰ 'ਤੇ ਬਹਾਲ ਹੈ। ਦਰਅਸਲ 'ਚ ਇਸ 'ਚ ਰੂਹਾਨੀਅਤ, ਜੀਵਨ ਜਾਂਚ ਤੇ ਧਾਰਮਿਕਤਾ ਦੀ ਬਹੁਮੁੱਲਤਾ ਦਾ ਬੜੀ ਵੱਡੀ ਪੱਧਰ 'ਤੇ ਵਿਸਥਾਰ ਦਰਜ ਹੈ। ਇਸ 'ਚ 12ਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਤੱਕ ਦਾ ਕਾਵਿ ਜਿਹੜਾ ਕਿ ਭਾਰਤ ਦੇ ਮਹਾਨ ਸੰਤ-ਮਹਾਂਪੁਰਸ਼ਾਂ ਤੇ ਰਹਿਬਰਾਂ ਦਾ ਰਚਿਤ ਹੈ ਤੇ ਉਹ ਸਿੱਖ ਗੁਰੂ ਸਾਹਿਬਾਨ ਦੇ ਗੁਰਮਤਿ ਦੇ ਸਿਧਾਂਤਾਂ ਨਾਲ ਮੇਲ ਖਾਂਦਾ ਹੈ, ਦਰਜ ਹੈ। ਇਸ ਸਾਹਿਤ 'ਚ ਉਸ ਸਮੇਂ ਦੀ ਰਾਜਨੀਤਿਕ, ਸਮਾਜਿਕ, ਆਰਥਿਕ ਤੇ ਧਾਰਮਿਕ ਦਸ਼ਾ ਦਾ ਵੀ ਵਰਣਨ ਮਿਲਦਾ ਹੈ। ਇਸ ਕਾਵਿ ਰਚਨਾ 'ਚ ਉਸ ਸਮੇਂ ਦੇ ਰਾਜਨੀਤਿਕ ਲੋਕਾਂ, ਪਾਖੰਡੀ-ਦੰਭੀ, ਸਾਧਾਂ ਫਕੀਰਾਂ ਤੇ ਦੂਸਰੇ ਧਰਮਾਂ ਦੀਆਂ ਕੁਰੀਤੀਆਂ ਦਾ ਵਰਣਨ ਵੀ ਦਰਜ ਹੈ। ਜਿੱਥੇ ਗੁਰੂ ਗ੍ਰੰਥ ਸਾਹਿਬ 'ਚੋਂ ਰੂਹਾਨੀਅਤ ਤੇ ਅਧਿਆਤਮਿਕਤਾ ਦੀ ਸਿੱਖਿਆ ਮਿਲਦੀ ਹੈ, ਇਸ ਦੇ ਨਾਲ ਹੀ ਧਰਮ ਨਿਰਪੱਖਤਾ ਤੇ ਜ਼ਿੰਦਗੀ ਦੀ ਵਿਗਿਆਨਕ ਤਰੀਕੇ ਨਾਲ ਯਥਾਰਥਕ ਜਾਂਚ ਕਰਨ ਦੀ ਸਿੱਖਿਆ ਵੀ ਮਿਲਦੀ ਹੈ। ਇਸ ਦੇ ਨਾਲ ਹੀ ਰਹੱਸਮਈ ਤੇ ਰੂਹਾਨੀਅਤ ਦੀਆਂ ਡੂੰਘੀਆਂ ਗੁੰਝਲਾਂ ਨੂੰ 'ਸ਼ਬਦ ਗੁਰੂ' ਦੀ ਮਦਦ ਨਾਲ ਹੱਲ ਕਰਨ ਦੀ ਪ੍ਰੇਰਨਾ ਵੀ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ 'ਚ ਮਾਨਵੀ ਕਦਰਾਂ ਕੀਮਤਾਂ ਦਾ ਜ਼ਿਕਰ ਵੀ ਸੰਕਲਿਤ ਹੈ। ਇਹ ਮਾਨਵਵਾਦੀ ਸੋਚ ਹੈ ਜੋ ਮਾਨਵ ਨੂੰ 'ਸਮਾਜਿਕ ਬਰਾਬਰੀ' ਦੀ ਨਸੀਹਤ ਵੀ ਦਿੰਦਾ ਹੈ ਤੇ ਸਮੁੱਚੀ ਮਾਨਵਤਾ ਨੂੰ, ਕੁਦਰਤ ਦੇ ਸਭ ਬੰਦੇ ਤੇ ਮਨੁੱਖ ਦੀ ਜਾਤ ਇਕੋ ਮਾਨਵਤਾ ਹੀ ਹੈ, ਦਾ ਸੰਦੇਸ਼ ਵੀ ਦਿੰਦਾ ਹੈ। ਸਮਾਜਿਕ ਕੁਰੀਤੀਆਂ ਨੂੰ ਨਕਾਰਦਾ ਹੈ, ਭ੍ਰਿਸ਼ਟਾਚਾਰ ਦਾ ਵਿਰੋਧ ਕਰਦਾ ਹੈ, ਸੱਚੀ ਸੁੱਚੀ ਕਿਰਤ ਦੀ ਪ੍ਰਸੰਸਾ ਕਰਦਾ ਹੈ ਤੇ ਆਪਣੀ ਮਿਹਨਤ ਦੀ ਕਮਾਈ ਨਾਲ ਆਪਣੀ ਆਰਥਿਕ ਹਾਲਤ ਨੂੰ ਸੁਧਾਰਨ ਦਾ ਉਪਦੇਸ਼ ਵੀ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਉਸ ਸਮੇਂ ਦੇ ਜਰਵਾਣੇ ਰਾਜੇ, ਮਹਾਰਾਜਿਆਂ ਨੂੰ ਰੂਹਾਨੀਅਤ ਅਪਣਾਉਣ ਦੀ ਗੱਲ ਵੀ ਕਰਦਾ ਹੈ ਤੇ ਉਹਨਾਂ ਦੇ ਅਮਾਨਵੀ ਕਾਰਨਾਮਿਆਂ ਦਾ ਵਿਰੋਧ ਵੀ ਕਰਦਾ ਹੈ। ਬਾਬਰ ਬਾਣੀ ਇਸ ਦੀ ਵੱਡੀ ਉਦਾਹਰਣ ਕਹੀ ਜਾ ਸਕਦੀ ਹੈ।

ਗੁਰੂ ਅਰਜਨ ਦੇਵ ਜੀ ਦਾ ਇਹ ਵਿਚਾਰ ਬੜੇ ਸਪਸ਼ਟ ਰੂਪ 'ਚ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਸਭ ਧਰਮਾਂ 'ਚ ਜੋ ਰਹੱਸਵਾਦੀ ਅਨੇਕਰੂਪਤਾ ਦਾ ਜੋ ਅਨੁਭਵ ਨਜ਼ਰ ਆਉਂਦਾ ਹੈ, ਉਸ ਨੂੰ ਇਕ ਜਗ੍ਹਾ, ਇਕੱਤਰ ਕਰਕੇ, ਉਸ ਦੀ ਜਾਣਕਾਰੀ, ਲੋਕਾਈ ਤੱਕ ਪਹੁੰਚਾਈ ਜਾਵੇ ਤੇ ਉਸੇ ਸਮੇਂ ਇਹਨਾਂ ਦੇ ਰਹੱਸਮਈ ਮੂਲ ਸਿਧਾਂਤਾਂ ਨੂੰ, ਇਕ ਥਾਂ ਇਕੱਤਰ ਕਰਕੇ, 'ਗੁਰੂ ਗ੍ਰੰਥ ਸਾਹਿਬ' 'ਚ ਵਿਸ਼ਵਾਸ ਬਹਾਲ ਕੀਤਾ ਜਾਵੇ। ਇਸ ਧਾਰਮਿਕ ਗ੍ਰੰਥ 'ਚ ਉਹਨਾਂ ਨੇ ਸਭ ਧਰਮਾਂ ਦੇ ਵਿਚਾਰਾਂ ਦਾ ਸੰਗ੍ਰਹਿ ਵੀ ਕੀਤਾ ਹੈ ਤਾਂ ਕਿ ਸਭ ਧਰਮਾਂ ਦੇ ਲੋਕ, ਇਕੋ ਹੀ ਧਾਰਮਿਕ ਗ੍ਰੰਥ 'ਚੋਂ ਰੂਹਾਨੀਅਤ ਤੇ ਜੀਵਨ ਜਾਂਚ ਦੀ ਸਿੱਖਿਆ ਲੈ ਸਕਣ। ਇਸ ਲਈ ਹੀ ਉਹਨਾਂ ਨੇ ਸਭ ਧਰਮਾਂ ਦੇ ਸੰਤ-ਮਹਾਂਪੁਰਸ਼ਾਂ, ਰਹਿਬਰਾਂ, ਸੂਫ਼ੀ ਫਕੀਰਾਂ, ਭਗਤਾਂ, ਗੁਰੂਆਂ ਤੇ ਵਿਦਵਾਨਾਂ ਦੀ ਬਾਣੀ ਨੂੰ ਇਕੱਤਰ ਕਰਕੇ 'ਗੁਰੂ ਗ੍ਰੰਥ ਸਾਹਿਬ' ਜੀ ਦੀ ਸੰਪਾਦਨਾ ਤੇ ਸਥਾਪਨਾ ਕਰਵਾਈ ਤਾਂ ਜੋ ਸਮੁੱਚੀ ਲੋਕਾਈ ਉਸ 'ਇਕੋ ਜੋਤ' ਭਾਵ ਪ੍ਰਮਾਤਮਾ ਦੀ ਉਪਾਸਨਾ ਕਰ ਸਕਣ। ਸਿੱਖ ਜਗਤ ਖਾਸ ਤੌਰ 'ਤੇ ਸਮੁੱਚਾ ਸੰਸਾਰ ਆਮ ਕਰਕੇ ਵਧਾਈ ਦਾ ਪਾਤਰ ਹੈ ਕਿ ਅੱਜ ਉਹਨਾਂ ਪਾਸ 'ਗੁਰੂ ਗ੍ਰੰਥ ਸਾਹਿਬ' ਜੀ ਜਿਹਾ ਇਕ ਮਹਾਨ ਪਵਿੱਤਰ ਧਾਰਮਿਕ ਗ੍ਰੰਥ ਹੈ ਜੋ ਸਮੁੱਚੀ ਮਾਨਵਤਾ ਨੂੰ ਜੀਵਨ ਜਾਂਚ ਤੇ ਰੂਹਾਨੀਅਤ ਦੀ ਸੇਧ ਦੇਣ ਦੇ ਸਮਰੱਥ ਹੈ। ਅਸੀਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੀ ਬੜੇ ਰਿਣੀ ਹਾਂ, ਜਿਹਨਾਂ ਨੇ 'ਗੁਰੂ ਪ੍ਰਥਾ' ਬੰਦ ਕਰਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਨੂੰ, ਆਪਣੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ, ਸਿੱਖ ਜਗਤ ਲਈ ਇਕ ਸਿਧਾਂਤਕ 'ਗਿਆਰਵਾਂ ਗੁਰੂ' ਸੰਪੂਰਨਤਾ ਉਪਰੰਤ ਸਥਾਪਤ ਕਰਕੇ ਅਰਪਣ ਕਰ ਦਿੱਤਾ।

ਅਗਰ ਇਹ ਗੱਲ ਧਿਆਨ ਨਾਲ ਦੇਖੀ ਜਾਵੇ ਤਾਂ ਦੁਨੀਆਂ 'ਚ ਮਾਨਵ-ਬਰਾਬਰੀ ਏਕਤਾ ਤੇ ਭਾਈਚਾਰਕ ਸੱਦਭਾਵਨਾ ਦੀ ਸਾਂਝ ਪੈਦਾ ਕਰਨ ਲਈ ਗੁਰਬਾਣੀ ਨੇ ਸਾਨੂੰ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਵੋ' ਦਾ ਸਿਧਾਂਤ ਦਿੱਤਾ ਹੈ। ਜੇਕਰ ਮਾਨਵ ਆਪਣੇ ਮਨ 'ਚ ਇਹ ਗੱਲ ਧਾਰ ਲਏ- 'ਹਮ ਨਹੀਂ ਚੰਗੇ ਬੁਰਾ ਨਹੀਂ ਕੋਇ' ਤਾਂ ਇਸ ਸੰਸਾਰ 'ਚੋਂ ਸਭ ਵਖਰੇਵੇਂ ਤੇ ਭਰਮ-ਭੁਲੇਖੇ ਮਿਟ ਸਕਦੇ ਹਨ। ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਵਿਚਾਰ, ਉਕਤ ਵਿਚਾਰ ਨਾਲ ਮੇਲ ਖਾਂਦੇ, ਇਸ ਤਰ੍ਹਾਂ ਪ੍ਰਗਟ ਕੀਤੇ ਹਨ- 'ਨਾ ਕੋ ਮੇਰਾ ਦੁਸ਼ਮਨੁ ਰਹਿਆ ਨਾ ਹਮ ਕਿਸੇ ਕੇ ਬੈਰਾਈ'। ਗੁਰਬਾਣੀ ਦੇ ਇਹ ਸਾਰੇ ਸਿਧਾਂਤ ਇਕ ਸਰਬ-ਸਾਂਝੇ ਸੱਭਿਆਚਾਰ ਦੇ ਸੰਕਲਪ ਦੀ ਪੁਸ਼ਟੀ ਕਰਦੇ ਹਨ। ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਜੀ ਦੇ 'ਗੁਰੂ ਗ੍ਰੰਥ ਸਾਹਿਬ' ਜੀ ਬਾਰੇ ਵਿਚਾਰ ਵੀ ਇਹਨਾਂ ਵਿਚਾਰਾਂ ਦੀ ਪ੍ਰੋੜ੍ਹਤਾ ਇਸ ਤਰ੍ਹਾਂ ਕਰਦੇ ਹਨ- 'ਓਸ ਸਦੀਵੀ ਸੱਚ ਦੀ ਆਵਾਜ਼ ਜਿਸ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਵੇਦਨਾ ਦੀ ਨਿਰਮਲਤਾ ਤੇ ਸ਼ਰਧਾ ਦੀ ਤੀਬਰਤਾ ਨੇ ਸ਼ਿੰਗਾਰਿਆ ਹੋਵੇ, ਅੱਗੇ ਸਾਗਰਾਂ ਅਤੇ ਪਹਾੜਾਂ ਦੀਆਂ ਰੋਕਾਂ ਰਾਹ ਖੋਲ੍ਹ ਦੇਣਗੀਆਂ।'

ਉਕਤ ਵਿਚਾਰ-ਚਰਚਾ ਦਾ ਸੰਖੇਪ 'ਚ ਸਾਰ ਇਹੀ ਨਿਕਲਦਾ ਹੈ ਕਿ ਅੱਜ ਦਾ ਸੰਸਾਰ ਬੜੇ ਨਾਜ਼ੁਕ ਦੌਰ 'ਚੋਂ ਗੁਜ਼ਰ ਰਿਹਾ ਹੈ। ਸੰਸਾਰ ਦੇ ਹਰ ਦੇਸ਼ ਦਾ ਆਪਣਾ-ਆਪਣਾ ਸੱਭਿਆਚਾਰ ਹੈ। ਉਹਨਾਂ ਦੀ ਆਪਣੀ-ਆਪਣੀ ਤਹਿਜ਼ੀਬ ਹੈ। ਉਹਨਾਂ ਨੂੰ ਸ਼ਾਂਤੀਪੂਰਵਕ ਮਾਹੌਲ 'ਚ ਰਹਿਣ ਲਈ ਭਾਈਚਾਰਕ ਪਿਆਰ ਤੇ ਇਕ ਸਾਂਝਾ ਸੱਭਿਆਚਾਰ ਮਿਲ-ਬੈਠ ਕੇ ਸਿਰਜਣਾ ਪਵੇਗਾ। ਇਕ-ਦੂਜੇ ਦੇ ਸੱਭਿਆਚਾਰ ਤੇ ਇਤਿਹਾਸ, ਧਾਰਮਿਕ ਅਕੀਦਿਆਂ, ਸੱਭਿਆਚਾਰਾਂ ਤੇ ਭਾਸ਼ਾ ਦੇ ਵਖਰੇਵਿਆਂ ਨੂੰ ਇਕ ਜਗ੍ਹਾ ਤੇ ਮਿਲ-ਬੈਠ ਕੇ ਸਮਝਣਾ ਹੋਵੇਗਾ ਤੇ ਇਹਨਾਂ ਵਖਰੇਵਿਆਂ ਦਾ ਸਤਿਕਾਰ ਕਰਨਾ ਹੋਵੇਗਾ। ਇਹ ਸਾਰਾ ਯਤਨ ਸੰਵਾਦ ਪ੍ਰਣਾਲੀ ਨਾਲ ਹੀ ਸੰਭਵ ਹੋ ਸਕਦਾ ਹੈ। ਮੈਂ ਇਹ ਗੱਲ ਬੜੇ ਦ੍ਰਿੜ੍ਹ ਨਿਸ਼ਚੇ ਨਾਲ ਕਹਿ ਸਕਦਾ ਹਾਂ ਕਿ 'ਗੁਰੂ ਗ੍ਰੰਥ ਸਾਹਿਬ' ਦੀ ਬਾਣੀ, ਇਨ੍ਹਾਂ ਸਾਰੇ ਵਖਰੇਵਿਆਂ ਨੂੰ ਦੂਰ ਕਰਨ ਲਈ ਤੇ ਭਾਈਚਾਰਕ ਸਾਂਝ ਪੈਦਾ ਕਰਨ ਲਈ ਪੂਰੀ ਤਰ੍ਹਾਂ ਸਮਰੱਥ ਹੈ।

ਸਹੀ ਮਾਅਨਿਆਂ 'ਚ 'ਗੁਰੂ ਗ੍ਰੰਥ ਸਾਹਿਬ' ਦੀ ਆਪਣੀ ਮੂਲ ਪ੍ਰਵਿਰਤੀ ਸਦਭਾਵਨਾ ਤੇ ਭਾਈਚਾਰਕ ਸਾਂਝੀਵਾਲਤਾ ਵਾਲੀ ਹੈ। 'ਗੁਰੂ ਗ੍ਰੰਥ ਸਾਹਿਬ' ਦਾ ਦਰਅਸਲ 'ਚ ਆਪਣਾ ਵਿਚਾਰਧਾਰਕ ਖੇਤਰ ਬਹੁਤ ਵਿਸ਼ਾਲ ਹੈ। ਇਸ ਦੇ ਵਿਸ਼ਾਲ ਖੇਤਰ 'ਚ ਕਿਸੇ ਕਿਸਮ ਦੀ ਕੋਈ ਪਾਬੰਦੀ ਤੇ ਕਿਸੇ ਤਰ੍ਹਾਂ ਦੀ ਹੱਦਬੰਦੀ ਨਹੀਂ ਹੈ। ਇਸ 'ਚ ਮਾਨਵਤਾ ਲਈ ਕਿਸੇ ਕਿਸਮ ਦਾ ਵਖਰੇਵਾਂ ਤੇ ਈਰਖਾ ਨਹੀਂ ਹੈ। ਬਾਣੀ ਵਿਚਾਰ ਯੁਕਤ ਤੇ ਸਿਧਾਂਤਕ ਹੈ ਤੇ ਇਸ ਦੇ ਵਿਸ਼ਲੇਸ਼ਣ 'ਚੋਂ ਸਰਵਸਾਂਝੀਵਾਲਤਾ, ਭਾਈਚਾਰਕ ਪਿਆਰ ਤੇ ਇਕ ਅੰਤਰ ਰਾਸ਼ਟਰੀ ਪੱਧਰ ਦੇ ਸੱਭਿਆਚਾਰ ਦੀ ਸਿਰਜਣਾ ਦੇ ਸੰਕਲਪ ਦਾ ਆਧਾਰ, ਇਕ ਆਈਨੇ 'ਚ ਦਿਸਦੇ ਸਪਸ਼ਟ ਚਿਹਰੇ ਦੀ ਤਰ੍ਹਾਂ ਪ੍ਰਤੀਬਿੰਬਤ ਹੁੰਦਾ ਬੜੇ ਸਪਸ਼ਟ ਰੂਪ 'ਚ ਨਜ਼ਰ ਆਉਂਦਾ ਹੈ।

'ਗੁਰੂ ਗ੍ਰੰਥ ਸਾਹਿਬ' 'ਚ ਦਰਜ ਬਾਣੀ ਦੀ ਇਕ ਬੁਨਿਆਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਕਿਸੇ ਵੀ ਮਾਨਵ ਨਾਲ ਜਾਤ, ਲਿੰਗ, ਭਾਸ਼ਾ, ਰੰਗ-ਭੇਦ ਤੇ ਧਰਮ ਦੇ ਆਧਾਰ 'ਤੇ ਵਿਤਕਰਾ ਨਹੀਂ ਕਰਦੀ, ਸਗੋਂ ਮਾਨਵ ਸਮਾਜਿਕ-ਬਰਾਬਰੀ ਵਾਲੇ ਭਾਈਚਾਰੇ ਦੀ ਗੱਲ ਕਰਦੀ ਹੈ। ਗੁਰਬਾਣੀ ਦਾ ਸਿਧਾਂਤ- 'ਸਰਬੱਤ ਦੇ ਭਲੇ' ਦੀ ਗੱਲ ਸਿਰਫ਼ ਕਿਸੇ ਵਿਸ਼ੇਸ਼ ਵਰਗ ਜਾਂ ਕਿਸੇ ਖਾਸ ਕੌਮ ਦੀ ਨਹੀਂ ਕਰਦਾ, ਸਗੋਂ ਇਹ ਵੀ ਕਹਿੰਦਾ ਹੈ ਕਿ- 'ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ', ਕਹਿ ਕੇ ਅੰਤਰ ਰਾਸ਼ਟਰੀ ਪੱਧਰ ਦੇ ਮਾਨਵਵਾਦ ਦੀ ਗੱਲ ਕਰਦਾ ਹੈ। ਬਾਣੀ 'ਚ ਧਰਮ ਦੇ ਅਰਥਾਂ ਨੂੰ ਇਕ ਖੁੱਲ੍ਹੇ ਅਸਮਾਨ ਦੀ ਵਿਸ਼ਾਲਤਾ ਵਾਂਗ ਬਿਆਨਿਆ ਗਿਆ ਹੈ। ਬਾਣੀ ਦੀ ਪ੍ਰਵਿਰਤੀ, ਇਕ ਆਤਮਕ, ਰੂਹਾਨੀ ਤੇ ਸਦਾਚਾਰਕ ਵਿਰਤੀ ਵਾਲੀ ਹੈ, ਜਿਹੜੀ ਸ਼ਾਹ ਹੁਸੈਨ ਦੇ ਵਿਚਾਰਾਂ ਅਨੁਸਾਰ- 'ਅਮਲਾਂ ਉਤੇ ਹੋਊ ਨਬੇੜਾ, ਕਿਆ ਸੂਫੀ ਕਿਆ ਭੰਗੀ' ਤੇ ਗੁਰੂ ਨਾਨਕ ਸਾਹਿਬ ਜੀ ਦੇ ਸ੍ਰੀ ਰਾਗ 'ਚ ਉਚਾਰੇ ਬਚਨ- 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ' ਅਨੁਸਾਰ ਹੈ। ਇਹ ਅਮਲੀ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੀ ਹੈ। ਗੁਰਬਾਣੀ ਦਾ ਸਾਰਾ ਜੋਰ ਆਚਾਰ ਦੀ ਸੱਚਤਾ ਤੇ ਸੁੱਚਤਾ 'ਤੇ ਹੈ। ਸਮੁੱਚੇ ਤੌਰ 'ਤੇ 'ਗੁਰੂ ਗ੍ਰੰਥ ਸਾਹਿਬ' 'ਚ ਦਰਜ ਬਾਣੀ ਬਾਰੇ ਇਹੀ ਕਿਹਾ ਜਾ ਸਕਦਾ ਹੈ ਕਿ ਬਾਣੀ ਮਨੁੱਖਤਾ 'ਚ ਪਾਏ ਗਏ ਭੇਦਾਂ ਤੋਂ ਨਿਰਲੇਪ ਹੈ, ਮਨੁੱਖਤਾ ਦੀ ਸਰਬ-ਸਾਂਝੀ ਵਿਰਾਸਤ ਹੈ, ਜੋ 'ਮਾਨਵਵਾਦ' ਦੀ ਗੱਲ ਕਰਦੀ ਹੈ, ਇਸ ਦੀ ਵਿਚਾਰਧਾਰਾ 'ਰਾਸ਼ਟਰੀ ਪੱਧਰ' ਤੋਂ ਉਪਰ ਉਠ ਕੇ 'ਸਰਬੱਤ ਦੇ ਭਲੇ' ਦੀ ਗੱਲ ਕਰਕੇ 'ਅੰਤਰ ਰਾਸ਼ਟਰਵਾਦੀ ਮਾਨਵਤਾ' ਦੇ ਭਲੇ ਦੀ ਗੱਲ ਕਰਦੀ ਹੈ। ਅੱਜ ਦੇ ਸਮਾਜਵਾਦੀ-ਪਦਾਰਥਵਾਦੀ ਤੇ ਹਉਮੈ 'ਚ ਗ੍ਰਸਤ ਸਮਾਜ ਦੇ ਯੁੱਗ 'ਚ, ਜਦੋਂ ਹਰ ਪਾਸੇ ਰੂਹਾਨੀਅਤ ਦੇ ਨਾਂ ਨੂੰ ਲੈ ਕੇ ਧਰਮਾਂ 'ਚ ਅਸਹਿਣਸ਼ੀਲਤਾ ਦੇ ਭੁਲੇਖਾ ਪਾਊ ਅਰਥ ਕੱਢੇ ਜਾ ਰਹੇ ਹਨ। ਮਨੁੱਖ 'ਚ ਪਦਾਰਥਵਾਦੀ ਵਧੀ ਪ੍ਰਵਿਰਤੀ ਕਾਰਨ, ਹਰ ਮਨੁੱਖ ਹਉਮੈ 'ਚ ਗੱਲ ਕਰਦਾ ਹੈ ਤੇ ਇਸ ਨਾਲ ਭਾਰਤ 'ਚ ਅਣਸੁਖਾਵਾਂ ਮਾਹੌਲ ਉੱਸਰ ਰਿਹਾ ਹੈ ਤੇ ਚਾਰ ਚੁਫੇਰੇ ਅਸ਼ਾਂਤੀ ਫੈਲ ਰਹੀ ਹੈ। ਅਜਿਹੇ ਮੌਕੇ 'ਤੇ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਬਾਣੀ, ਬਿਨਾਂ ਕਿਸੇ ਭੇਦ-ਭਾਵ ਦੇ ਸਮੁੱਚੀ ਮਾਨਵਤਾ ਦਾ ਮਾਰਗ ਦਰਸ਼ਨ ਕਰ ਸਕਦੀ ਹੈ।

'ਗੁਰੂ ਗ੍ਰੰਥ ਸਾਹਿਬ' ਅਧਿਆਤਮਵਾਦ ਦਾ ਵਿਸ਼ਾ ਹੈ ਤੇ ਇਸ 'ਚੋਂ ਗੂੜ੍ਹ-ਗਿਆਨ ਪ੍ਰਾਪਤ ਕਰਨਾ ਬੜਾ ਕਠਿਨ ਹੈ। ਗੁਰੂ ਨਾਨਕ ਦੇਵ ਜੀ ਨੇ ਗਿਆਨ ਨੂੰ ਹੀ 'ਗੁਰੂ' ਕਿਹਾ ਹੈ। ਇਹ ਇਕ ਟਕਸਾਲੀ ਸਚਾਈ ਹੈ ਕਿ ਇਕ ਪ੍ਰਚੰਡ ਗਿਆਨੀ ਹੋਣ ਨਾਲ ਹੀ, ਸ੍ਰਿਸ਼ਟੀ ਦੀ ਰਚਨਾ ਨੂੰ ਸਮਝਿਆ ਜਾ ਸਕਦਾ ਹੈ ਤੇ ਮਨੁੱਖ ਆਪਣੇ ਭਰਮ-ਭੁਲੇਖੇ ਦੂਰ ਕਰ ਸਕਦਾ ਹੈ ਪ੍ਰੰਤੂ ਜ਼ਿਆਦਾਤਰ ਸੌੜੀਆਂ ਧਾਰਮਿਕ ਪ੍ਰਵਿਰਤੀਆਂ ਵਾਲੇ ਲੋਕ, ਗਿਆਨਵਾਨ ਹੋਣ ਦੀ ਪ੍ਰਵਿਰਤੀ ਨੂੰ ਆਪਣੇ ਲੜ ਹੀ ਨਹੀਂ ਬੰਨ੍ਹਦੇ। 'ਗੁਰੂ ਗ੍ਰੰਥ ਸਾਹਿਬ' ਦੀ ਪ੍ਰਵਿਰਤੀ ਹੈ ਕਿ ਉਹ ਸਮੁੱਚੀ ਮਾਨਵਤਾ ਦੇ ਚਰਿੱਤਰ ਦੀ ਸਰਬਪੱਖੀ ਉਸਾਰੀ ਕਰਨ ਲਈ, ਉਸ ਨੂੰ ਆਪਣੇ ਕਲਾਵੇ 'ਚ ਲੈਣ ਦੇ ਸਮਰੱਥ ਹੈ ਪਰ ਜ਼ਿਆਦਾਤਰ ਬ੍ਰਾਹਮਣਵਾਦੀ ਕਰਮਕਾਂਡਾਂ ਤੇ ਡੇਰਾਵਾਦ ਦੇ ਸ਼ਿਕਾਰ ਹੋਏ ਲੋਕ 'ਗੁਰੂ ਗ੍ਰੰਥ ਸਾਹਿਬ' ਨੂੰ ਪੜ੍ਹ ਕੇ ਜਾਂ ਉਸ ਦਾ ਅਧਿਐਨ ਕਰਕੇ ਗਿਆਨਵਾਨ ਹੋਣ ਦੀ ਬਜਾਏ, ਪਾਠ ਕਰਨ, ਅਖੰਡ ਪਾਠ ਕਰਵਾਉਣ, ਤਸਵੀਰ ਜਾਂ ਮੂਰਤੀ ਪੂਜਾ ਕਰਨ, ਮੱਥੇ ਰਗੜਦੇ ਹੋਏ ਹੱਥ ਜੋੜ ਕੇ ਮੰਨਤਾਂ ਮੰਨਣ, ਡੰਡੌਤ ਕਰਨ ਜਾਂ 'ਗੁਰੂ ਗ੍ਰੰਥ ਸਾਹਿਬ' ਦੀ ਬ੍ਰਾਹਮਣਵਾਦੀ ਕਰਮਕਾਂਡਾਂ ਨਾਲ ਧੂਫ-ਬੱਤੀ ਜਗਾ ਕੇ ਪੂਜਾ ਕਰਨ ਦੇ ਤਰੀਕੇ ਨਾਲ ਹੀ ਸਭ ਕੁਝ ਪ੍ਰਾਪਤ ਕਰ ਲੈਣਾ ਚਾਹੁੰਦੇ ਹਨ। ਇਸ ਤੋਂ ਉਪਰੰਤ ਕਥਾਵਾਚਕ ਜਾਂ ਪ੍ਰਚਾਰਕ ਗੁਰੂ ਸਾਹਿਬਾਨ ਦੇ ਜੀਵਨ ਨਾਲ ਮਿਥਿਹਾਸਕ, ਕਾਲਪਨਿਕ ਤੇ ਚਮਤਕਾਰੀ ਕਹਾਣੀਆਂ ਸੁਣਾ ਕੇ ਇਹ ਦੱਸਦੇ ਹਨ ਕਿ ਸਾਡੇ ਧਾਰਮਿਕ ਰਹਿਬਰਾਂ ਪਾਸ ਸੰਸਾਰ ਦੀਆਂ ਸਾਰੀਆਂ ਸ਼ਕਤੀਆਂ ਹਨ, ਉਹ ਸੰਸਾਰ 'ਚ ਸਭ ਕੁਝ ਕਰ ਸਕਦੇ ਸਨ। ਪਰ ਇਹ ਅਗਿਆਨੀ ਲੋਕ ਗੁਰਬਾਣੀ ਦੇ ਸਿਧਾਂਤਾਂ- 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵਿਚਾਰ' ਤੇ 'ਪੂਜਾ ਆਕਾਲ ਕੀ, ਪਰਚਾ ਸ਼ਬਦ ਕਾ, ਦਿਦਾਰ ਖ਼ਾਲਸੇ ਕਾ' ਦੇ ਡੂੰਘੇ ਅਰਥਾਂ ਤੋਂ ਕੋਰੇ ਜਾਪਦੇ ਹਨ। ਗੁਰਬਾਣੀ ਦੇ ਸਿਧਾਂਤਾਂ ਨੂੰ ਜੀਵਨ 'ਚ ਅਪਣਾ ਕੇ ਹੀ ਅਸੀਂ ਇਕ ਵਧੀਆ ਆਦਰਸ਼ਵਾਦੀ ਜੀਵਨ ਸਿਰਜ ਸਕਦੇ ਹਾਂ ਤੇ ਗਿਆਨਵਾਨ ਹੋ ਸਕਦੇ ਹਾਂ। ਗੁਰਬਾਣੀ (ਗੁਰਮਤਿ) ਤੇ ਇਸਲਾਮ ਧਰਮ 'ਚ ਅਜਿਹੇ ਭਰਮਾਂ-ਵਹਿਮਾਂ, ਕਰਮਕਾਂਡਾਂ ਤੇ ਪੂਜਾ ਕਰਨ ਲਈ ਕੋਈ ਜਗ੍ਹਾ ਨਹੀਂ ਹੈ। ਗੁਰਬਾਣੀ ਇਸ ਦੀ ਘੋਰ ਨਿੰਦਾ ਕਰਦੀ ਹੈ। ਗੁਰੂ ਨਾਨਕ ਦੇਵ ਜੀ ਦੇ 'ਕਿਰਤ' ਕਰਨ ਦੇ ਸੱਚੇ-ਸੁੱਚੇ ਵਿਗਿਆਨਕ ਸਿਧਾਂਤ ਨੂੰ ਅਪਣਾ ਕੇ, ਦੁਨੀਆਂ ਦੀ ਹਰ ਵਸਤ ਤੇ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ। 'ਗੁਰੂ ਗ੍ਰੰਥ ਸਾਹਿਬ' 'ਚ ਦਰਜ ਬਾਣੀ ਮਾਨਵਤਾ ਦੇ ਸਰਬ-ਪੱਖੀ ਵਿਕਾਸ ਕਰਨ ਲਈ, ਪੂਰੀ ਤਰ੍ਹਾਂ ਸਮਰੱਥਾ ਰੱਖਦੀ ਹੈ।

# ਅੱਜਕਲ੍ਹ ਦੀ ਨਵੀਂ ਪੀੜ੍ਹੀ ਦਾ ਪਹਿਰਾਵਾ

ਅਮਨਦੀਪ ਕੌਰ
91-94785-83003

ਸਿਆਣਿਆਂ ਸੱਚ ਆਖਿਆ ਹੈ ਕਿ 'ਖਾਈਏ ਮਨ ਭਾਉਂਦਾ, ਪਹਿਨੀਏ ਜੱਗ ਭਾਉਂਦਾ।' ਇਹ ਗੱਲ ਬਿਲਕੁਲ ਠੀਕ ਹੈ, ਪਰ ਅੱਜਕਲ੍ਹ ਦੇ ਨੌਜਵਾਨਾਂ ਦੇ ਪਹਿਰਾਵੇ ਬਹੁਤ ਅਜੀਬ ਲਗਦੇ ਹਨ। ਕੁੜੀਆਂ-ਮੁੰਡਿਆਂ ਦੀ ਸੋਚ ਕਿੱਦਾਂ ਦੀ ਹੁੰਦੀ ਜਾਂਦੀ ਹੈ? ਅੱਜਕਲ੍ਹ ਦੇ ਲੜਕੇ-ਲੜਕੀਆਂ ਕਿੱਦਾਂ ਦੀਆਂ ਪੈਂਟਾਂ ਪਹਿਨਦੇ ਹਨ ਜੋ ਗੋਡਿਆਂ ਤੋਂ ਫਟੀਆਂ ਹੁੰਦੀਆਂ ਹਨ, ਪਰ ਉਹ ਉਸ ਨੂੰ ਫੈਸ਼ਨ ਦੱਸਦੇ ਹਨ। ਇਹ ਕਿਹੋ ਜਿਹਾ ਫੈਸ਼ਨ ਹੈ, ਜੋ ਫਟੇ ਹੋਏ ਕੱਪੜੇ ਪਾ ਕੇ ਦਿਖਾਇਆ ਜਾਂਦਾ ਹੈ ਜਾਂ ਫਿਰ ਬਹੁਤ ਛੋਟੀਆਂ ਪੈਂਟਾਂ ਜੋ ਕਿ ਪੈਰਾਂ ਤੋਂ ਗਿੱਠ-ਗਿੱਠ ਉੱਚੀਆਂ ਹੁੰਦੀਆਂ ਹਨ। ਇਕ ਸਮਝਦਾਰ ਇਨਸਾਨ ਤਾਂ ਸਮਝਾਉਂਦਾ ਹੈ ਕਿ ਇਸ ਦੀ ਪੈਂਟ ਏਨੀ ਉੱਚੀ ਕਿਉਂ ਹੈ ਤਾਂ ਉਹ ਕਹਿੰਦੇ ਨੇ ਕਿ ਇਹ ਵੀ ਫੈਸ਼ਨ ਹੁੰਦਾ ਹੈ। ਜੇਕਰ ਕੋਈ ਘਰ ਵਿਚ ਕਹੇ ਕਿ ਕੋਈ ਪੁਰਾਣੀ ਪੈਂਟ ਪਈ ਹੈ, ਉਸ ਨੂੰ ਪਾ ਲਓ ਤਾਂ ਉਹ ਕਹਿੰਦੇ ਹਨ ਕਿ ਇਹ ਪਿਛਲੇ ਸਾਲ ਦੀ ਹੈ, ਇਸ ਦਾ ਰਿਵਾਜ ਨਹੀਂ ਹੈ ਅਤੇ ਉੱਚੀ ਹੋ ਗਈ ਹੈ। ਦੂਜੇ ਪਾਸੇ ਉਹ ਉੱਚੀਆਂ ਅਤੇ ਫਟੀਆਂ ਹੋਈਆਂ ਪੈਂਟਾਂ 'ਤੇ ਹਜ਼ਾਰਾਂ ਰੁਪਏ ਖਰਚ ਕੇ ਖਰੀਦਦੇ ਹਨ। ਕੀ ਹੋ ਗਿਆ ਨੌਜਵਾਨ ਪੀੜ੍ਹੀ ਦੀ ਸੋਚ ਨੂੰ, ਦੇਖ ਕੇ ਬਹੁਤ ਹੈਰਾਨੀ ਹੁੰਦੀ ਹੈ। ਵੱਡੀਆਂ-ਵੱਡੀਆਂ ਕੰਪਨੀਆਂ ਏਦਾਂ ਦੇ ਕੱਪੜਿਆਂ ਤੋਂ ਅਰਬਾਂ ਰੁਪਏ ਕਮਾਉਂਦੀਆਂ ਹਨ, ਜਿਨ੍ਹਾਂ ਵਿਚ ਫਟੀਆਂ, ਉੱਚੀਆਂ ਜਾਂ ਫਿਰ ਬਹੁਤ ਤਰ੍ਹਾਂ ਦੀਆਂ



ਰੰਗ-ਬਰੰਗੀਆਂ ਹੁੰਦੀਆਂ ਹਨ। ਦੇਖਣ ਨੂੰ ਇਹ ਇਸ ਤਰ੍ਹਾਂ ਲਗਦਾ ਹੈ, ਜਿਸ ਤਰ੍ਹਾਂ ਅਲੱਗ-ਅਲੱਗ ਬਚੇ ਹੋਏ ਕੱਪੜੇ ਦੇ ਟੁਕੜਿਆਂ ਤੋਂ ਬਣਾਈਆਂ ਹੋਣ ਪਰ ਸਿਰਫ ਕੰਪਨੀ ਦਾ ਟੈਗ ਲਗਾ ਕੇ ਇਨ੍ਹਾਂ ਨੂੰ ਉੱਚੀਆਂ ਕੀਮਤਾਂ 'ਤੇ ਵੇਚਿਆ ਜਾਂਦਾ ਹੈ। ਫਿਰ ਸਾਡੇ ਨੌਜਵਾਨ ਲੜਕੇ-ਲੜਕੀਆਂ ਇਨ੍ਹਾਂ ਨੂੰ ਖਰੀਦਦੇ ਹਨ ਅਤੇ ਬੜੇ ਮਾਣ ਨਾਲ ਪਾਟੇ ਹੋਏ ਕੱਪੜਿਆਂ ਨੂੰ ਬ੍ਰਾਂਡਿਡ ਦੱਸਦੇ ਹਨ। ਇਹ ਕਿਹੋ ਜਿਹੀ ਸੋਚ ਹੁੰਦੀ ਜਾ ਰਹੀ ਹੈ। ਬ੍ਰਾਂਡਿਡ ਵੀ ਪਹਿਨੋਂ ਪਰ ਢੰਗ ਦੇ ਤਾਂ ਹੋਣੇ ਚਾਹੀਦੇ ਹਨ। ਸਾਨੂੰ ਬ੍ਰਾਂਡ ਜਾਂ ਫੈਸ਼ਨ ਦੇ ਮਗਰ ਨਹੀਂ ਦੌੜਨਾ ਚਾਹੀਦਾ, ਸਗੋਂ ਚੰਗਾ ਤੇ ਸਹੀ ਪਹਿਰਾਵਾ ਹੀ ਪਹਿਨਣਾ ਚਾਹੀਦਾ ਹੈ, ਜੋ ਸਾਨੂੰ ਖੁਦ ਵੀ ਅਤੇ ਦੂਜਿਆਂ ਨੂੰ ਵੀ ਚੰਗਾ ਲੱਗੇ, ਕਿਉਂਕਿ ਅੱਜਕਲ੍ਹ ਦੇ ਨੌਜਵਾਨ ਹੀ ਆਉਣ ਵਾਲੇ ਬੱਚਿਆਂ ਦਾ ਆਈਨਾ ਹਨ। ਜੋ ਅਸੀਂ ਕਰਾਂਗੇ, ਸਾਡੇ ਬੱਚੇ ਵੀ ਉਸੇ ਤਰ੍ਹਾਂ ਹੀ ਕਰਨਗੇ। ਇਸ ਲਈ ਬੱਚਿਆਂ ਨੂੰ ਇਕ ਚੰਗੀ ਸੇਧ ਦੇਣ ਲਈ ਪਹਿਲਾਂ ਸਾਨੂੰ ਖੁਦ ਚੰਗੇ ਬਣਨਾ ਪਵੇਗਾ, ਤਾਂ ਹੀ ਸਾਡੇ ਬੱਚੇ ਸਹੀ-ਗ਼ਲਤ ਦੀ ਪਹਿਚਾਣ ਕਰ ਸਕਣਗੇ। ਖੁਦ ਵੀ ਸਹੀ ਪਹਿਨੋ ਅਤੇ ਆਪਣੇ ਬੱਚਿਆਂ ਨੂੰ ਵੀ ਸਹੀ ਪਹਿਨਣ ਦੀ ਸਿੱਖਿਆ ਦਿਓ। ਇਕ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਇਨਸਾਨ ਕੱਪੜਿਆਂ ਨੂੰ ਖੂਬਸੂਰਤ ਬਣਾਉਂਦਾ ਹੈ, ਕੱਪੜੇ ਇਨਸਾਨ ਨੂੰ ਨਹੀਂ। ਬ੍ਰਾਂਡਿਡ ਕੱਪੜੇ ਪਾਉਣ ਨਾਲ ਕੋਈ ਖਾਸ ਗੱਲ ਨਹੀਂ ਬਣਦੀ, ਗੱਲ ਤਾਂ ਬਣਦੀ ਹੈ ਜੇ ਖੁਸ਼ਬੂ ਤੁਹਾਡੇ ਕਿਰਦਾਰ ਵਿਚੋਂ ਆਵੇ।

# "ਮੋਰਚਾ ਗੁਰੂ ਕਾ ਬਾਗ"



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਧਰਮ ਵਿਚ ਸਮੇਂ ਦੇ ਅੱਤਿਆਚਾਰਾਂ ਵਿਰੁੱਧ ਸੱਚ ਧਰਮ ਲਈ ਸ਼ਹੀਦੀਆਂ ਦਿੱਤੀਆਂ। ਵੀਹਵੀਂ ਸਦੀ ਵਿਚ ਪਾਵਨ ਇਤਿਹਾਸਕ ਗੁਰਧਾਮਾਂ ਨੂੰ ਆਚਰਣਹੀਣ ਮਹੰਤਾਂ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇਕ ਤੋਂ ਬਾਅਦ ਇਕ ਮੋਰਚਾ ਅੰਗਰੇਜ਼ੀ ਹਕੂਮਤ ਵਿਰੁੱਧ ਲਾਉਣਾ ਪਿਆ। ਇਸ ਜਨਤਕ ਸੰਘਰਸ਼ ਵਿਚ ਸਿੱਖਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਫਿਰ ਭਾਵੇਂ ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ ਦਾ ਮੋਰਚਾ, ਤਰਨਤਾਰਨ ਦਾ ਮੋਰਚਾ, ਜੈਤੋ ਦਾ ਮੋਰਚਾ ਅਤੇ ਗੁਰੂ ਕੇ ਬਾਗ ਕਾ ਮੋਰਚਾ ਹੋਵੇ।ਇਹ ਸਾਰੇ ਮੋਰਚੇ ਸੁਤੰਤਰਤਾ ਸੰਗਰਾਮ ਦੀ ਹੀ ਕੜੀ ਸਨ। ਵਿਭਿੰਨ ਮੋਰਚਿਆਂ ਵਿਚੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁਕੇਵਾਲੀ ਸਹਿੰਸਰਾ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ ਗੁਰੂ ਕਾ ਬਾਗ ਦਾ ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਸੀ। ਉਥੇ ਕਾਬਜ਼ ਮਹੰਤ ਸੁੰਦਰ ਦਾਸ ਭ੍ਰਿਸ਼ਟ-ਬੁੱਧੀ ਦਾ ਮਾਲਕ ਸੀ। ਉਸ ਨੂੰ ਸਿੱਖਾਂ ਵਿਰੁੱਧ ਸਰਕਾਰੀ ਸ਼ਹਿ ਮਿਲੀ ਹੋਈ ਸੀ। ਸ੍ਰੀ ਨਨਕਾਣਾ ਸਾਹਿਬ ਦਾ ਮਹੰਤ ਲਛਮਣ ਦਾਸ ਵੀ ਉਸਦਾ ਨਜ਼ਦੀਕੀ ਸੀ। ਇਸੇ ਕਰਕੇ 20 ਫਰਵਰੀ 1921 ਨੂੰ ਵਾਪਰੇ ਸ੍ਰੀ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਤੋਂ ਬਾਅਦ 8 ਅਗਸਤ 1922 ਨੂੰ ਸਾਕਾ ਗੁਰੂ ਕਾ ਬਾਗ ਵਾਪਰਿਆ, ਜਿਸ ਵਿਚ ਸਿੱਖ ਕੌਮ ਵੱਲੋਂ ਵਿਦੇਸ਼ੀ ਸਰਕਾਰ ਦੇ ਵਿਰੁੱਧ ਭਾਵਨਾ ਅਤੇ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਭਾਵਨਾ ਦੀ ਮੂੰਹ ਬੋਲਦੀ ਤਸਵੀਰ ਹੈ। ਲੰਗਰ ਦੀ ਸੇਵਾ ਲਈ ਲੱਕੜੀ ਬਾਲਣ ਇਕੱਠਾ ਕਰਨ ਗਏ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਉਹਨਾਂ ਨੂੰ ਛੇ ਛੇ ਮਹੀਨੇ ਦੀ ਕੈਦ ਸੁਣਾਈ ਗਈ।

ਇਸ ਘਟਨਾ ਤੇ ਮੋਰਚਾ ਲੱਗ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਰੋਸ ਵਜੋਂ ਗ੍ਰਿਫਤਾਰੀ ਲਈ 5-5 ਸਿੰਘਾਂ ਦਾ ਜਥਾ ਭੇਜਿਆ ਜਾਣ ਲੱਗਾ। ਜਿਸਨੂੰ ਪੁਲਿਸ ਫੜ ਕੇ ਦੂਰ-ਦੁਰਾਡੇ ਛੱਡ ਆਉਂਦੀ। ਜਦੋਂ ਮੋਰਚੇ ਵਿਚ ਸਿੰਘਾਂ ਦੀ ਗਿਣਤੀ ਵਧਦੀ ਗਈ ਤਾਂ ਪੁਲਿਸ ਨੇ ਸਖ਼ਤੀ ਸ਼ੁਰੂ ਕਰ ਦਿੱਤੀ। 26 ਅਗਸਤ ਨੂੰ ਲੱਕੜਾਂ ਲੈਣ ਗਏ ਸਿੰਘਾਂ ਦੀ ਸਖ਼ਤ ਮਾਰ-ਕੁਟਾਈ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜ ਦੀ ਸੇਵਾ ਵਿਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਫੜ ਕੇ ਧੂਹਿਆ ਗਿਆ। ਬੰਦੂਕਾਂ ਦੇ ਦਸਤੇ ਤੇ ਡਾਂਗਾਂ ਨਾਲ ਭਾਰੀ ਕੁੱਟਮਾਰ ਕੀਤੀ। ਮੁੱਖ ਆਗੂਆਂ ਦੀ ਗ੍ਰਿਫਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਹੁਣ ਸਿੰਘ ਹੁੰਮ-ਹੁੰਮਾ ਕੇ ਗ੍ਰਿਫਤਾਰੀਆਂ ਦੇਣ



ਲੱਗੇ। ਰੋਜ਼ਾਨਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸਾ ਸੋਧ ਕੇ ਸਿੰਘ ਸ਼ਾਂਤਮਈ ਢੰਗ ਨਾਲ ਗੁਰੂ ਕਾ ਬਾਗ ਲਈ ਗ੍ਰਿਫਤਾਰੀਆਂ ਦੇਣ ਲੱਗੇ। ਪੁਲਿਸ ਉਹਨਾਂ ਤੇ ਲਾਠੀਆਂ ਵਰਸਾਉਂਦੀ, ਸਿੰਘ ਨਾਮ ਜਪਦੇ ਇਹ ਸਾਰਾ ਤਸ਼ੱਦਦ ਤਨ 'ਤੇ ਹੰਢਾਉਂਦੇ। ਫੱਟੜ ਹੋ ਕੇ ਡਿੱਗ ਜਾਂਦੇ। ਹੌਸਲਾ ਕਰਕੇ ਉੱਠਦੇ ਅਤੇ ਮਾਰ ਖਾਣ ਲਈ ਛਾਤੀਆਂ ਤਾਣ ਦਿੰਦੇ। ਪੁਲਿਸ ਨੇ ਡਾਂਗਾਂ ਨਾਲ ਹੀ ਬੱਸ ਨਹੀਂ ਕੀਤੀ, ਬਲਕਿ ਫੱਟੜ ਹੋ ਕੇ ਡਿੱਗੇ ਸਿੰਘਾਂ ਉੱਤੇ ਘੋੜੇ ਵੀ ਦੁੜਾਏ ਜਾਣ ਲੱਗੇ। ਸੰਸਾਰ ਭਰ ਵਿਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਰਹਿਣ ਦੇ ਚਰਚੇ ਹੋਣ ਲੱਗੇ। ਅੰਗਰੇਜ਼ੀ ਹਕੂਮਤ ਦੇ ਵਹਿਸ਼ੀਪੁਣੇ, ਤਸ਼ੱਦਦ ਦੀ ਘੋਰ ਨਿਖੇਧੀ ਹੋਣ ਲੱਗੀ। ਵੱਖ-ਵੱਖ ਧਰਮਾਂ ਦੇ ਲੋਕ ਭਾਰੀ ਗਿਣਤੀ ਵਿਚ ਗੁਰੂ ਕਾ ਬਾਗ ਪੁੱਜਣ ਲੱਗੇ। ਇਹਨਾਂ ਵਿਚ ਸੀ. ਐਫ. ਐਂਡਰਿਊਜ਼, ਜਿਸਨੇ ਇਕ ਮਸੀਹਾ ਸੂਲੀ ਚੜ੍ਹਿਆ ਸੁਣਿਆ ਸੀ। ਅੱਖਾਂ ਸਾਹਮਣੇ ਸੈਂਕੜੇ ਲੋਕ ਤਸੀਹੇ ਝੱਲਦੇ ਵੇਖ ਰੋ ਪਿਆ ਸੀ। ਉਸਨੇ ਪ੍ਰੈਸ ਰਿਪੋਰਟ ਭੇਜੀ ਕਿ ਇਹ ਅੰਗਰੇਜ਼ੀ ਸਰਕਾਰ ਦਾ ਅਣਮਨੁੱਖੀ ਤਸ਼ੱਦਦ ਹੈ। ਇਕ ਹਿਰਦੇਵੇਦਕ ਘਟਨਾ ਹੈ ਜੋ ਦੇਖੀ ਨਹੀਂ ਜਾ ਸਕਦੀ। ਰੱਬ ਅਜਿਹਾ ਸਮਾਂ ਕਿਸੇ ਨੂੰ ਨਾ ਦਿਖਾਵੇ। ਹੋਰ ਪੁੱਜੇ ਆਗੂਆਂ ਵਿਚ ਮਦਨ ਮੋਹਨ ਮਾਲਵੀਆ, ਪ੍ਰੋ. ਰੁਚੀ ਰਾਮ ਸਾਹਨੀ, ਹਕੀਮ ਅਜਮਲ ਖਾਨ, ਸ੍ਰੀਮਤੀ ਸਰੋ-ਜਨੀ ਨਾਇਡੂ ਆਦਿ, ਸਭ ਨੇ ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦੀ ਘੋਰ ਨਿਖੇਧੀ ਕੀਤੀ। ਏ. ਐਲ. ਵੈਰਗਸ ਇਕ ਅਮਰੀਕੀ ਫਿਲਮਸਾਜ਼ ਨੇ ਇਸ ਦਰਦਨਾਕ ਦ੍ਰਿਸ਼ ਦੀ ਫਿਲਮ ਵੀ ਬਣਾਈ।

ਸਰ ਐਡਵਰਡ ਮੈਕਲਗਨ ਪੰਜਾਬ ਦਾ ਲੈਫਟੀਨੈਂਟ ਗਵਰਨਰ, ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸਦੇ ਦਖਲ ਦੇਣ ਨਾਲ ਸਿੰਘਾਂ ਤੇ ਡਾਂਗਾਂ ਵਰ੍ਹਨੀਆਂ ਤਾਂ ਬੰਦ ਹੋ ਗਈਆਂ ਪਰ ਗ੍ਰਿਫਤਾਰੀਆਂ ਦਾ ਦੌਰ 17 ਨਵੰਬਰ 1922 ਤੱਕ ਚੱਲਿਆ। ਅਕਤੂਬਰ ਦੇ ਪਹਿਲੇ ਹਫਤੇ ਗਵਰਨਰ ਜਨਰਲ ਲਾਰਡ ਰੀਡਿੰਗ ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ। ਇਕ ਧਨਾਢ ਸੇਵਾ ਮੁਕਤ ਇੰਜੀਨੀਅਰ ਸਰ ਗੰਗਾ ਰਾਮ ਦੀਆਂ ਸੇਵਾਵਾਂ ਵੀ ਲਈਆਂ ਗਈਆਂ। ਉਸਨੇ ਪਟੇ 'ਤੇ ਗੁਰੂ ਕਾ ਬਾਗ ਦੀ ਜ਼ਮੀਨ ਛੁਡਵਾ ਲਈ ਅਤੇ 17 ਨਵੰਬਰ 1922 ਨੂੰ ਸਿੰਘਾਂ ਨੂੰ ਕਬਜ਼ਾ ਦੇ ਦਿੱਤਾ। ਸਰਕਾਰ ਨੇ ਸਾਰੇ ਸਿੰਘਾਂ ਨੂੰ ਛੱਡਣ ਦੇ ਹੁਕਮ ਵੀ ਜਾਰੀ ਕੀਤੇ। ਗੁਰੂ ਕਾ ਬਾਗ ਦਾ ਮੋਰਚਾ ਇਸ ਤਰ੍ਹਾਂ ਸ਼ਾਂਤੀਪੂਰਵਕ ਖਤਮ ਹੋ ਗਿਆ। ਇਸ ਮੋਰਚੇ ਦੌਰਾਨ ਸਰਕਾਰ ਨੇ ਲੱਗਭੱਗ ਸਾਢੇ ਪੰਜ ਹਜ਼ਾਰ ਨੂੰ ਗ੍ਰਿਫ਼ਤਾਰ ਕੀਤਾ। ਜਿਹਨਾਂ ਵਿਚ 37 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ। ਪੁਲਿਸ ਦੀ ਮਾਰਕੁੱਟ ਕਾਰਨ ਇਕ ਹਜ਼ਾਰ ਤੋਂ ਵੱਧ ਅਕਾਲੀ ਜ਼ਖਮੀ ਹੋਏ। ਪੁਲਿਸ ਦੇ ਜ਼ੁਲਮ ਕਾਰਨ ਗੰਭੀਰ ਜ਼ਖਮੀ ਹੋਣ ਕਰਕੇ 9 ਸਿੰਘ ਸ਼ਹੀਦ ਹੋਏ। ਆਮ ਜਨ ਸਧਾਰਨ ਦੇ ਨਾਲ 200 ਫੌਜੀ ਪੈਨਸ਼ਨੀਏ ਸਨ।

ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ, ਬਹਾਦਰੀ ਅਤੇ ਅਣਖ ਤੇ ਲੋਕਾਂ ਨੇ ਮਾਣ ਕੀਤਾ। ਗੁਰੂ ਕਾ ਬਾਗ ਮੋਰਚੇ ਵਿਚ ਸ਼ਾਮਲ ਸੂਰਬੀਰਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ ਹੱਠ ਅਤੇ ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ 'ਤੇ ਜਰਿਆ। ਇਸ ਮੋਰਚੇ ਦੀ ਜਿੱਤ ਨਾਲ ਆਜ਼ਾਦੀ ਅੰਦੋਲਨ ਦਾ ਰਾਹ ਪੱਧਰਾ ਹੋਇਆ। ਲੋਕਾਂ ਵਿਚ ਉਤਸ਼ਾਹ ਆਇਆ ਕਿਉਂਕਿ ਇਹ ਮੋਰਚਾ ਅੰਗਰੇਜ਼ੀ ਹਕੂਮਤ ਦੇ ਖ਼ਿਲਾਫ਼ ਸੀ। ਇਸ ਮੋਰਚੇ ਨੇ ਚੜ੍ਹਦੀ ਕਲਾ ਸਰਬੱਤ ਦੇ ਭਲੇ ਦਾ ਸਿਧਾਂਤ ਪ੍ਰਫੁੱਲਿਤ ਕੀਤਾ ਅਤੇ ਉਸ ਸਮੇਂ ਦੇ ਸਿੱਖ ਆਚਰਣ ਵਿਚੋਂ ਪ੍ਰਦਰਸ਼ਿਤ ਗੁਣਾਂ ਨੂੰ ਅਪਣਾਉਣ ਦੀ ਸਿੱਖਿਆ ਮਿਲਦੀ ਹੈ।

# ਸੱਤਾ ਪਰਿਵਰਤਨ ਦੀ ਥਾਂ ਵਿਵਸਥਾ ਪਰਿਵਰਤਨ ਜ਼ਿਆਦਾ ਜ਼ਰੂਰੀ ਕਿਉਂ?

ਕੁਲਵੰਤ ਸਿੰਘ ਟਿੱਬਾ (91 -92179 -71379)

ਸੱਤਾ ਪਰਿਵਰਤਨ ਅਤੇ ਵਿਵਸਥਾ ਪਰਿਵਰਤਨ ਦੋ ਵੱਖ ਵੱਖ ਪਹਿਲੂ ਹਨ ਅਤੇ ਵਿਵਸਥਾ ਪਰਿਵਰਤਨ ਦੀ ਮਹੱਤਤਾ, ਸੱਤਾ ਪਰਿਵਰਤਨ ਨਾਲੋਂ ਕਿਤੇ ਜ਼ਿਆਦਾ ਹੈ। ਸੱਤਾ ਪਰਿਵਰਤਨ 'ਪਾਵਰ ਆਫ਼ ਟਰਾਂਸਫ਼ਰ' ਤੋਂ ਵੱਧ ਕੁੱਝ ਨਹੀਂ ਹੈ, ਜੋ ਦੇਸ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਲਗਾਤਾਰ ਹੁੰਦੀ ਆ ਰਹੀ ਹੈ। ਇਹ ਇੱਕੋ ਹੀ ਭਾਵ ਕਿਰਤ ਅਤੇ ਕਿਰਤੀ ਵਿਰੋਧੀ ਮਾਨਸਿਕਤਾ ਵਾਲੀਆਂ ਸਿਆਸੀ ਧਿਰਾਂ ਕੋਲ ਖੂਹ ਦੀਆਂ ਟਿੰਡਾਂ ਵਾਂਗ ਮੁੜ ਮੁੜ ਆਉਂਦੀ ਰਹਿੰਦੀ ਹੈ। ਇਹੀ ਕਾਰਣ ਹੈ ਕਿ ਦੇਸ ਦੇ ਆਜ਼ਾਦ ਹੋਣ ਦੇ 69 ਵਰੇ ਬਾਅਦ ਵੀ ਅਮੀਰੀ ਅਤੇ ਗਰੀਬੀ ਦਾ ਸਮਾਜਿਕ ਪਾੜਾ ਘੱਟ ਹੋਣ ਦੀ ਬਜਾਏ ਹੋਰ ਵਧਿਆ ਹੈ। ਜਾਤੀ ਭੇਦਭਾਵ, ਛੂਆਛਾਤ, ਊਚ-ਨੀਚ ਆਦਿ ਸਮਾਜਿਕ ਕੁਰੀਤੀਆਂ ਖ਼ਤਮ ਹੋਣ ਦੀ ਥਾਂ ਇਨਖ਼ਾਂ ਤਰੀਕਾ ਬਦਲ ਗਿਆ ਹੈ ਪਰ ਇਹ ਅੱਗੇ ਤੋਂ ਹੋਰ ਜ਼ਿਆਦਾ ਦੁਖਦਾਇਕ ਅਤੇ ਖ਼ਤਰਨਾਕ ਰੂਪ ਧਾਰਨ ਕਰ ਚੁੱਕੀਆਂ ਹਨ। ਸੱਤਾ ਪਰਿਵਰਤਨ ਦੇ ਨਾਅਰੇ ਨੂੰ ਅਸਲ ਵਿੱਚ ਗਰੀਬੀ, ਬੇਰੁਜ਼ਗਾਰੀ, ਅਨਪੜਖ਼ਤਾ ਅਤੇ ਜਾਤੀ ਪ੍ਰਬੰਧ ਦੇ ਲਿਤਾੜੇ, ਸਮਾਜਿਕ ਅਤੇ ਆਰਥਿਕ ਤੌਰ 'ਤੇ ਝੰਬੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਇੱਕ ਕਾਰਗਰ ਹਥਿਆਰ ਕਿਹਾ ਜਾ ਸਕਦਾ ਹੈ। ਕਿਉਂਕਿ ਸੱਤਾ ਪਰਿਵਰਤਨ ਨੂੰ ਜ਼ਿਆਦਾਤਰ ਆਮ ਲੋਕ ਮਾੜੇ ਰਾਜ ਪ੍ਰਬੰਧ ਤੋਂ ਨਿਜਾਤ ਪਾਉਣ ਲਈ ਇੱਕ ਵਿਕਲਪ ਵਜੋਂ ਦੇਖਦੇ ਹਨ ਪਰ ਦਲਿਤ, ਮੁਸਲਿਮ ਅਤੇ ਪਛੜੇ ਵਰਗ ਦੇ ਲੋਕਾਂ ਦੀ ਆਰਥਿਕ ਅਤੇ ਸਮਾਜਿਕ ਉੱਨਤੀ ਲਈ ਸੱਤਾ ਪਰਿਵਰਤਨ ਦੀ ਕੋਈ ਬਹੁਤੀ ਮਹੱਤਤਾ ਨਹੀਂ ਹੈ। ਭਾਰਤੀ ਸਮਾਜ ਦਾ ਪਿਛੋਕੜ ਇਸਦਾ ਪ੍ਰਤੱਖ ਪ੍ਰਮਾਣ ਹੈ। ਅਸਲ ਵਿੱਚ ਸੱਤਾ ਵਿਰੋਧੀ ਭਾਵਨਾ ਨੂੰ ਖੁੰਢਾ ਕਰਨ ਦੇ ਮੰਤਵ ਨਾਲ ਕਿਰਤ ਵਿਰੋਧੀ ਵਿਵਸਥਾ ਨੂੰ ਟਿਕਾਊ ਬਣਾਈ ਰੱਖਣ ਲਈ ਯਤਨਸ਼ੀਲ ਸਿਆਸੀ ਧਿਰਾਂ ਹਮੇਸ਼ਾ ਸੱਤਾ ਪਰਿਵਰਤਨ ਦਾ ਹੋਕਾ ਦਿੰਦੀਆਂ ਹਨ ਅਤੇ ਆਮ ਜਨਤਾ ਉਨਖ਼ਾਂ ਦੀਆਂ ਸਿਆਸੀ ਚਾਲਾਂ ਵਿੱਚ ਸਹਿਜੇ ਹੀ ਆ ਜਾਂਦੀ ਹੈ। ਅਸੀਂ ਪੂੰਜੀਵਾਦ ਅਤੇ ਸਿਆਸੀ ਧਿਰਾਂ ਨੂੰ ਵੱਖੋ ਵੱਖਰੇ ਰੂਪ ਵਿੱਚ ਦੇਖਦੇ ਹਾਂ ਜਦਕਿ ਇਹ ਇਕੋ ਸਿੱਕੇ ਦੇ ਦੋ ਪਹਿਲੂ ਹਨ। ਅਸਲ ਵਿੱਚ ਸੱਤਾ ਪਰਿਵਰਤਨ ਬਹੁਜਨ ਸਮਾਜ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਕੋਈ ਠੋਸ ਅਤੇ ਟਿਕਾਊ ਹੱਲ ਨਹੀਂ ਹੈ। ਸੱਚ ਤਾਂ ਇਹ ਹੈ ਕਿ ਦਲਿਤ, ਮੁਸਲਿਮ, ਪਛੜਾ ਵਰਗ ਅਤੇ ਘੱਟ ਗਿਣਤੀਆਂ ਦੇ ਲੋਕਾਂ ਦਾ ਭਲਾ ਸੱਤਾ ਪਰਿਵਰਤਨ ਨਾਲ ਨਹੀਂ ਸਗੋਂ ਵਿਵਸਥਾ ਪਰਿਵਰਤਨ ਨਾਲ ਹੋਵੇਗਾ। ਇਸ ਕਿਰਤ ਵਿਰੋਧੀ ਵਿਵਸਥਾ ਨੂੰ ਜੰਗੀਰੂ ਪ੍ਰਬੰਧ ਦੀਆਂ ਹਾਮੀ, ਸਰਮਾਏਦਾਰ ਪੱਖੀ ਅਤੇ ਵੱਡੇ ਉਦਯੋਗਪਤੀਆਂ ਦੇ ਕਾਲੇ ਧਨ ਦੇ ਬਲ ਨਾਲ ਸਿਆਸਤ ਕਰਨ ਵਾਲੀਆਂ ਧਿਰਾਂ ਹਮੇਸ਼ਾ ਕਾਇਮ ਰੱਖਣ ਲਈ ਹੀਲੇ ਵਸੀਲੇ ਕਰਦੀਆਂ ਹਨ। ਇਸ ਸੰਦਰਭ ਵਿੱਚ ਅਜਿਹੀਆਂ ਸਿਆਸੀ ਧਿਰਾਂ ਤੋਂ ਵਿਵਸਥਾ ਪਰਿਵਰਤਨ ਦੀ ਆਸ ਰੱਖਣਾ ਅਤੇ ਅਜਿਹੀਆਂ ਸਿਆਸੀ ਪਾਰਟੀਆਂ ਨੂੰ ਸੱਤਾਧਾਰੀ ਧਿਰ ਵਿਰੁੱਧ ਸੱਤਾ ਪਰਿਵਰਤਨ ਦੇ ਬਦਲ ਵਜੋਂ ਦੇਖਣਾ, ਆਪਣੇ ਆਪ ਨੂੰ ਧੋਖਾ ਦੇਣ ਦੇ ਸਮਾਨ ਹੈ। ਬਹੁਜਨ ਸਮਾਜ ਨੂੰ ਇਹ ਗੱਲ ਧਿਆਨ ਵਿੱਚ ਰੱਖਣੀ ਪਵੇਗੀ ਕਿ ਮਨੂਵਾਦੀ ਸੋਚ ਦੇ ਧਾਰਨੀ ਸਰਮਾਏਦਾਰ ਅਤੇ ਸਨਅਤੀ ਘਰਾਣਿਆਂ ਦੀ ਵਿੱਤੀ ਮਦਦ ਨਾਲ ਸਿਆਸਤ ਕਰਨ ਵਾਲੀਆਂ ਧਿਰਾਂ ਕਦੇ ਵੀ ਬਹੁਜਨਾਂ ਦੇ ਹਿਤਾਂ ਲਈ ਵਿਵਸਥਾ ਪਰਿਵਰਤਨ ਕਰਨ ਲਈ ਹਰਗਿਜ਼ ਤਿਆਰ ਨਹੀਂ ਹੋਣਗੀਆਂ। ਸਗੋਂ ਉਹ ਤਾਂ ਇਸ ਵਿਵਸਥਾ ਨੂੰ ਟਿਕਾਊ ਬਣਾਉਣ ਦੇ ਮੰਤਵ ਨਾਲ ਬਹੁਜਨ ਸਮਾਜ ਦੇ ਲੋਕਾਂ ਨੂੰ ਉਨਖ਼ਾਂ ਦੇ ਅਸਲ ਹੱਕਾਂ ਦੀ ਥਾਂ ਛੋਟੇ ਛੋਟੇ ਲਾਲਚ ਪ੍ਰਦਾਨ ਕਰਕੇ ਕਿਰਤ ਪੱਖੀ ਹੋਣ ਦਾ ਭਰਮ ਪੈਦਾ ਕਰਦੀਆਂ ਹਨ ਜਦਕਿ ਅਸਲ ਵਿੱਚ ਉਨਖ਼ਾਂ ਦੀ ਮਾਨਸਿਕਤਾ ਕਿਰਤ ਅਤੇ ਕਿਰਤੀ ਦੋਵਾਂ ਦੀ ਲੁੱਟ ਕਰਕੇ ਸਮਾਜਿਕ ਪਾੜੇ ਵਿੱਚ ਹੋਰ ਵਾਧਾ ਕਰਨ ਵਾਲੀ ਹੈ।

ਭਾਰਤ ਅੰਦਰ ਲੋਧੀ ਵੰਸ਼ ਤੋਂ ਲੈ ਕੇ ਮੁਗਲ ਰਾਜ, ਅੰਗਰੇਜ਼ਾਂ ਦਾ ਬਸਤੀਵਾਦ ਰਾਜ ਅਤੇ ਦੇਸ ਦੀ ਆਜ਼ਾਦੀ ਤੋਂ ਕੇਂਦਰ ਵਿੱਚ 70 ਸਾਲਾਂ ਦੌਰਾਨ ਵੱਖ ਵੱਖ ਸਿਆਸੀ ਜਮਾਤਾਂ ਦੀ ਸੱਤਾ ਰਹੀ ਹੈ। ਇਸ ਸਮੇਂ ਦੌਰਾਨ ਕਿਰਤ ਅਤੇ ਕਿਰਤੀ ਲੋਕਾਂ ਦੀ ਲੁੱਟ ਬਾਦਸਤੂਰ ਜਾਰੀ ਰਹੀ। ਹਰ ਪੰਜ ਵਰੇ ਬਾਅਦ ਸੱਤਾ ਪਰਿਵਰਤਨ ਤੋਂ ਬਾਅਦ ਸਾਡੀਆਂ ਉਮੀਦਾਂ ਕੁੱਝ ਮਹੀਨਿਆਂ ਦੌਰਾਨ ਮੱਧਮ ਅਤੇ ਫਿਰ ਹੌਲੀ ਹੌਲੀ ਝੂਠੀਆਂ ਪੈ ਜਾਂਦੀਆਂ ਹਨ। ਭਾਰਤ ਅੰਦਰ ਸਮਾਜਿਕ ਅਤੇ ਆਰਥਿਕ ਵਿਵਸਥਾ ਕਿਰਤੀ ਲੋਕਾਂ ਦੇ ਪੱਖੀ ਨਹੀਂ ਹੈ ਅਤੇ ਭਾਰਤ ਦੀ ਕਾਰਜਪਾਲਿਕਾ ਵਿੱਚ ਜ਼ਿਆਦਾਤਰ ਕਿਰਤ ਵਿਰੋਧੀ ਮਾਨਸਿਕਤਾ ਵਾਲੇ ਲੋਕ ਹਰ ਸਮੇਂ ਇਸ ਵਿਵਸਥਾ ਨੂੰ ਪੱਕੇ ਤੌਰ 'ਤੇ ਲਾਗੂ ਕਰਨ ਲਈ ਤਰਲੋਮੱਛੀ ਰਹਿੰਦੇ ਹਨ। ਹੁਣ ਇਸ ਗੱਲ ਦਾ ਅੰਦਾਜਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਭਾਰਤ ਅੰਦਰ ਸੈਂਕੜੇ ਸਾਲਾਂ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਅਨੇਕ ਸੱਤਾ ਪਰਿਵਰਤਨ ਹੋਣ ਦੇ ਬਾਵਜੂਦ ਵੀ ਦਲਿਤਾਂ, ਪਛੜਿਆਂ, ਮੁਸਲਿਮਾਂ ਅਤੇ ਘੱਟ ਗਿਣਤੀਆਂ ਦੇ ਲੋਕਾਂ ਦਾ ਆਰਥਿਕ ਅਤੇ ਸਮਾਜਿਕ ਪੱਧਰ ਉਥਾਨ ਦੀ ਥਾਂ ਨਿਘਾਰ ਵੱਲ ਕਿਉਂ ਜਾ ਰਿਹਾ ਹੈ? ਦੇਸ ਅੰਦਰ ਜਾਤੀ ਪ੍ਰਬੰਧ ਅਤੇ ਕਿਰਤ ਵਿਰੋਧੀ ਵਿਵਸਥਾ ਖ਼ਤਮ ਹੋਣ ਦੀ ਥਾਂ ਦਿਨੋ ਦਿਨ ਹੋਰ ਮਜ਼ਬੂਤ ਹੁੰਦੇ ਗਏ। ਕਿਰਤੀ ਲੋਕਾਂ ਨੂੰ ਵੱਡੀ ਪੱਧਰ 'ਤੇ ਲੁੱਟਿਆ ਤੇ ਕੁੱਟਿਆ ਜਾ ਰਿਹਾ ਹੈ। ਜੇਕਰ ਸੱਤਾ ਪਰਿਵਰਤਨ ਨਾਲ ਕਿਰਤੀ ਸਮਾਜ ਦਾ ਭਲਾ ਹੋਣਾ ਹੁੰਦਾ ਤਾਂ ਕਦੋਂ ਦਾ ਹੋ ਗਿਆ ਹੁੰਦਾ। ਇਸ ਲਈ ਇਹ ਗੱਲ ਚਿੱਟੇ ਦਿਨ ਵਾਂਗ ਸਪੱਸ਼ਟ ਹੈ ਕਿ ਸੱਤਾ ਪਰਿਵਰਤਨ ਵੀ ਕਿਰਤ ਵਿਰੋਧੀ ਵਿਵਸਥਾ ਨੂੰ ਟਿਕਾਊ ਬਣਾਈ ਰੱਖਣ ਲਈ ਇੱਕ ਹਥਿਆਰ ਮਾਤਰ ਹੈ। ਕਿਉਂਕਿ ਸੱਤਾ ਪਰਿਵਰਤਨ ਨਾਲ ਰਾਜ ਭਾਗ 'ਤੇ ਕਾਬਜ਼ ਧਿਰ ਦਾ ਚਿਹਰਾ ਹੀ ਬਦਲਦਾ ਹੈ ਜਦਕਿ ਕਿਰਤ ਵਿਰੋਧੀ ਨੀਤੀਆਂ ਹੋਰ ਵੀ ਭੈੜੀਆਂ ਅਤੇ ਜ਼ਾਲਮ ਰੂਪ ਧਾਰ ਲੈਂਦੀਆਂ ਹਨ। ਜਿਸਦੇ ਸਿੱਟੇ ਵਜੋਂ ਕਿਰਤੀਆਂ ਦੀ ਆਰਥਿਕ ਅਤੇ ਸਮਾਜਿਕ ਹਾਲਤ ਬਦਤਰ ਹੁੰਦੀ ਜਾਂਦੀ ਹੈ ਅਤੇ ਦਲਿਤਾਂ, ਪਛੜਿਆਂ ਅਤੇ ਮੁਸਲਿਮਾਂ ਨੂੰ ਭਾਰਤੀ ਸਮਾਜ ਵਿੱਚ ਹਾਸ਼ੀਏ 'ਤੇ ਧੱਕ ਦਿੱਤਾ ਜਾਂਦਾ ਹੈ। ਇਸ ਮਾਨਵ ਵਿਰੋਧੀ, ਕਿਰਤ ਵਿਰੋਧੀ ਅਤੇ ਦਲਿਤ ਵਿਰੋਧੀ ਵਿਵਸਥਾ ਨੂੰ ਬਣਾਈ ਰੱਖਣ ਲਈ ਕਈ ਪੱਖ ਜ਼ਿੰਮੇਵਾਰ ਹਨ, ਜਿੰਨਖ਼ਾਂ ਵਿੱਚ ਪ੍ਰਚਾਰ ਤੰਤਰ ਦੇ ਰੂਪ ਵਿੱਚ ਮੀਡੀਆ, ਪੂੰਜੀਵਾਦ, ਨਸਾ, ਗੁੰਡਾਗਰਦੀ ਆਦਿ ਪ੍ਰਮੁੱਖ ਹਨ। ਸੱਚ ਤਾਂ ਇਹ ਹੈ ਕਿ ਦੇਸ ਦੇ ਆਜ਼ਾਦ ਹੋਣ ਤੋਂ ਬਾਅਦ ਵੀ ਕਿਰਤ ਵਿਰੋਧੀ ਮਾਨਸਿਕਤਾ ਖ਼ਤਮ ਹੋਣ ਦੀ ਥਾਂ ਹੋਰ ਵੀ ਪਰਪੱਕ ਹੋ ਕੇ ਉੱਭਰੀ ਅਤੇ ਸਰਕਾਰਾਂ ਸਰਮਾਏਦਾਰੀ ਅਤੇ ਜਗੀਰਦਾਰੀ ਪ੍ਰਬੰਧ ਨਾਲ ਬੱਝੀਆਂ ਕਿਰਤੀਆਂ ਦੇ ਹੱਕਾਂ ਨੂੰ ਲੁੱਟਣ ਵਾਲੇ ਸਿਸਟਮ ਨੂੰ ਮਜ਼ਬੂਤ ਕਰਨ ਦਾ ਇੱਕ ਨੁਕਾਤੀ ਪ੍ਰੋਗਰਾਮ ਲਾਗੂ ਕਰਨ ਵਿੱਚ ਲੱਗੀਆਂ ਰਹੀਆਂ। ਜਿਸ ਕਰਕੇ ਕਿਰਤੀ ਵਰਗ ਵਿਰੁੱਧ ਹਮਲੇ ਤੇਜ ਹੁੰਦੇ ਗਏ, ਦਮਨਕਾਰੀ ਨੀਤੀਆਂ ਸਦਕਾ ਲੁੱਟਣ ਅਤੇ ਕੁੱਟਣ ਦੇ ਨਾਲ ਨਾਲ ਸਮਾਜਿਕ ਤੌਰ 'ਤੇ ਜ਼ਲੀਲ ਕਰਨ ਦੀਆਂ ਕਾਰਵਾਈਆਂ ਹੱਦਾਂ ਬੰਨੇ ਟੱਪ ਗਈਆਂ। ਇਸ ਸਮੁੱਚੇ ਵਰਤਾਰੇ ਦਾ ਨਤੀਜਾ ਇਹ ਨਿਕਲਿਆ ਕਿ ਦੇਸ ਅੰਦਰ ਫ਼ਿਰਕਾਪ੍ਰਸਤੀ ਪੈਦਾ ਹੋਣ ਤੋਂ ਇਲਾਵਾ ਦਲਿਤਾਂ, ਪਛੜਿਆਂ ਅਤੇ ਘੱਟ ਗਿਣਤੀਆਂ ਦੇ ਲੋਕਾਂ ਪ੍ਰਤੀ ਨਫ਼ਰਤ ਅਤੇ ਘ੍ਰਿਣਾ ਪੈਦਾ ਹੋ ਗਈ। ਕੀ ਅਸੀਂ ਸਦੀਆਂ ਤੋਂ ਮੰਨੂਵਾਦੀ ਵਿਵਸਥਾ ਰਾਹੀਂ ਭਾਰਤੀ ਸਮਾਜ ਨੂੰ ਹਜ਼ਾਰਾਂ ਹੀ ਜਾਤਾਂ ਵਿੱਚ ਵੰਡ ਕੇ ਰਾਜ ਸੱਤਾ ਦਾ ਸੁੱਖ ਭੋਗਦਾ ਆ ਰਹੇ ਤਬਕੇ ਦੇ ਸਮੁੱਚੇ ਪ੍ਰਬੰਧ ਨੂੰ ਸੱਤਾ ਪਰਿਵਰਤਨ ਨਾਲ ਬਦਲ ਸਕਦੇ ਹਾਂ? ਬਿਲਕੁਲ ਨਹੀਂ ਕਿਉਂਕਿ ਕਿਰਤ ਵਿਰੋਧੀ ਵਿਵਸਥਾ ਦੀਆਂ ਜੜਾਂ ਸਾਡੇ ਸਮਾਜ ਦੇ ਅੰਦਰ ਤੱਕ ਫੈਲ ਚੁੱਕੀਆਂ ਹਨ, ਸਾਡੇ ਭਾਈਚਾਰੇ ਦੇ ਲੋਕ ਇਸ ਵਿਵਸਥਾ ਦਾ ਹਿੱਸਾ ਬਣ ਚੁੱਕੇ ਹਨ, ਉਹ ਆਪਣੇ ਭੈਣ ਭਰਾਵਾਂ ਦੀਆਂ ਦੁੱਖਾਂ ਤਕਲੀਫ਼ਾਂ ਦੀ ਪ੍ਰਵਾਹ ਕੀਤੇ ਬਿਨਾਂ ਨਿੱਜੀ ਸਵਾਰਥਾਂ ਹਿਤ ਆਪਣੇ ਹੀ ਸਮਾਜ ਨੂੰ ਧੋਖਾ ਦਿੰਦੇ ਹਨ ਅਤੇ ਕਿਰਤੀ ਸਮਾਜ ਵਿੱਚ ਪੈਦਾ ਹੋ ਕੇ ਲੋਟੂ ਅਤੇ ਜਗੀਰਵਾਦੀ ਸਿਸਟਮ ਨਾਲ ਖੜਖ਼ਨ ਵਿੱਚ ਆਪਣਾ ਮਾਣ ਸਮਝਦੇ ਹਨ। ਆਪਣੇ ਇਸ ਕਾਰਜ ਨੂੰ ਉਹ ਤਰੱਕੀ ਸਮਝਣ ਦੀ ਭੁੱਲ ਕਰ ਰਹੇ ਹਨ।

ਭਾਰਤੀ ਸੰਵਿਧਾਨ ਦੇ ਲਾਗੂ ਹੋਣ ਸਮੇਂ 26 ਜਨਵਰੀ 1950 ਨੂੰ ਬੋਲਦਿਆਂ ਬਾਬਾ ਸਾਹਿਬ ਡਾ: ਅੰਬੇਡਕਰ ਨੇ ਕਿਹਾ ਸੀ ਕਿ "ਅੱਜ ਤੋਂ ਭਾਰਤ ਵਿੱਚ ਰਾਜਨੀਤਕ ਸਮਾਨਤਾ ਹੋ ਗਈ ਹੈ, ਪਰੰਤੂ ਅਜੇ ਸਮਾਜਿਕ ਅਤੇ ਆਰਥਿਕ ਜੀਵਨ ਵਿੱਚ ਅਸਮਾਨਤਾ ਹੈ। ਇਸ ਬੁਰਾਈ ਨੂੰ ਜਲਦੀ ਖ਼ਤਮ ਨਾ ਕੀਤਾ ਗਿਆ ਤਾਂ ਉਹ ਲੋਕ ਜਿਹੜੇ ਇਸ ਸਮਾਜਿਕ ਅਤੇ ਆਰਥਿਕ ਵਿਵਸਥਾ ਦੇ ਸਤਾਏ ਹੋਏ ਹਨ, ਇਸ ਰਾਜਨੀਤਕ ਲੋਕਤੰਤਰ ਦੀਆਂ ਧੱਜੀਆਂ ਉਡਾ ਦੇਣਗੇ।" ਇਹ ਪਾੜਾ ਅੱਜ ਵੀ ਖ਼ਤਮ ਨਹੀਂ ਹੋਇਆ। ਇਸ ਲਈ ਦੇਸ ਦੀ ਆਜ਼ਾਦੀ ਦੇ 70 ਵਰੇ ਬਾਅਦ ਵੀ ਆਮ ਲੋਕ ਸਮਾਜਿਕ ਅਤੇ ਆਰਥਿਕ ਤੌਰ 'ਤੇ ਸਰਮਾਏਦਾਰੀ ਦੇ ਗ਼ੁਲਾਮ ਹਨ। ਅਜੇ ਤੱਕ ਸਾਡੇ ਹੁਕਮਰਾਨ ਭਾਰਤ ਦੀਆਂ ਮੁੱਖ ਸਮੱਸਿਆਵਾਂ ਜਿਵੇਂ ਗਰੀਬੀ, ਅਨਪੜਤਾ, ਬੇਰੁਜ਼ਗਾਰੀ, ਜਾਤਪਾਤ, ਛੂਆਛਾਤ ਅਤੇ ਊਚ-ਨੀਚ ਆਦਿ ਦਾ ਕੋਈ ਠੋਸ ਹੱਲ ਨਹੀਂ ਕਰ ਸਕੇ। ਕਿਉਂਕਿ ਸਿਆਸੀ ਧਿਰਾਂ ਦੇਸ ਦੇ ਕਿਰਤੀ, ਗਰੀਬ ਅਤੇ ਲਿਤਾੜੇ ਲੋਕਾਂ ਦੇ ਹਿਤਾਂ ਦੀ ਥਾਂ ਸਰਮਾਏਦਾਰਾਂ ਦਾ ਹੱਥ-ਠੋਕਾ ਬਣ ਜਾਂਦੀਆਂ ਹਨ। ਇਸ ਲਈ ਦੇਸ ਦੇ ਹਾਕਮ ਜਿਨਖ਼ਾਂ ਸਮੱਸਿਆਵਾਂ ਦੇ ਸਿਰ 'ਤੇ ਹਰ ਪੰਜ ਵਰਿਖ਼ਆਂ ਬਾਅਦ ਸਾਨੂੰ ਗੁੰਮਰਾਹ ਕਰਦੇ ਹਨ। ਦਲਿਤਾਂ, ਪਛੜਿਆਂ ਅਤੇ ਮੁਸਲਿਮਾਂ ਸਮੇਤ ਘੱਟ ਗਿਣਤੀਆਂ ਨੂੰ ਸਦੀਵੀ ਗ਼ੁਲਾਮ ਬਣਾਈ ਰੱਖਣ ਦੇ ਮੂਲ ਮੰਤਰ ਵਜੋਂ ਕੰਮ ਰਹੀ ਵਿਵਸਥਾ ਨੂੰ ਕੋਈ ਸਰਮਾਏਦਾਰ ਪੱਖੀ ਸਿਆਸੀ ਧਿਰ ਕਿਉਂ ਖ਼ਤਮ ਕਰੇਗੀ? ਜਦਕਿ ਇਸ ਦੇ ਉਲਟ ਜਿੰਨਖ਼ਾਂ ਸਰਕਾਰਾਂ ਨੇ ਕਿਰਤ ਵਿਰੋਧੀ ਦਮਨਕਾਰੀ ਨੀਤੀਆਂ 'ਤੇ ਪਹਿਰਾ ਦਿੰਦਿਆਂ ਦਲਿਤਾਂ ਅਤੇ ਪਛੜਿਆਂ ਦਾ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਰਾਜਨੀਤਿਕ ਤੌਰ 'ਤੇ ਰੱਜਵਾਂ ਸ਼ੋਸ਼ਣ ਕੀਤਾ, ਜ਼ਲੀਲ ਕੀਤਾ। ਜਿਸ ਦੇ ਸਿੱਟੇ ਵਜੋਂ ਅਜਿਹੀਆਂ ਸਰਕਾਰਾਂ ਦਾ ਕਾਰਜਕਾਲ ਲੰਮਾ ਸਮਾਂ ਰਿਹਾ ਹੈ ਅਤੇ ਉਸਦਾ ਮਨੂਵਾਦੀ ਸਰਮਾਏਦਾਰੀ ਵਿਵਸਥਾ ਨੇ ਇੱਕ ਅਤਿ ਦਰਜੇ ਦੀ ਉੱਤਮ ਸਰਕਾਰ ਵਜੋਂ ਪ੍ਰਚਾਰ ਕੀਤਾ। ਸੱਤਾ ਪਰਿਵਰਤਨ ਦੀ ਥਾਂ ਸਾਨੂੰ ਵਿਵਸਥਾ ਪਰਿਵਰਤਨ ਦੇ ਮਹੱਤਵ ਨੂੰ ਸਮਝਣ ਦੀ ਵਧੇਰੇ ਲੋੜ ਹੈ। ਵਿਵਸਥਾ ਪਰਿਵਰਤਨ ਦੀ ਸ਼ੁਰੂਆਤ ਪਹਿਲਾਂ ਸਾਨੂੰ ਆਪਣੇ ਘਰ ਅਤੇ ਆਪਣੇ ਆਪ ਤੋਂ ਕਰਨੀ ਪਵੇਗੀ। ਕਿਉਂਕਿ ਵਿਵਸਥਾ ਪਰਿਵਰਤਨ ਅਸਲ ਵਿੱਚ ਸਮਾਜਿਕ ਪਰਿਵਰਤਨ ਦਾ ਦੂਜਾ ਨਾਂ ਹੈ। ਬਾਬਾ ਸਾਹਿਬ ਡਾ: ਅੰਬੇਡਕਰ ਨੇ 16 ਜਨਵਰੀ 1949 ਨੂੰ ਮਨਮਾੜ ਵਿਖੇ ਵਰਣ ਵਿਵਸਥਾ ਦੇ ਸਤਾਏ ਲੋਕਾਂ ਨੂੰ ਨਸੀਹਤ ਦਿੰਦਿਆਂ ਕਿਹਾ ਸੀ ਕਿ "ਤੁਸੀਂ ਆਪਣਾ ਸੰਗਠਨ ਮਜ਼ਬੂਤ ਕਰੋ ਅਤੇ ਆਪਣੇ ਸੰਗਠਨ ਨੂੰ ਤੋੜ ਕੇ ਦੋ-ਚਾਰ ਲੋਕਾਂ ਨਾਲ਼ ਮਿਲ ਕੇ ਨਵਾਂ ਸੰਗਠਨ ਨਾ ਬਣਾਉ। ਅਜਿਹਾ ਕਰਕੇ ਤੁਸੀਂ ਆਪਣਾ ਹੀ ਨਾਸ਼ ਕਰੋਗੇ। ਤੁਹਾਨੂੰ ਸਾਰਿਆਂ ਨੂੰ ਚੰਗੀ ਤਰਖ਼ਾਂ ਯਾਦ ਰੱਖਣਾ ਚਾਹੀਦਾ ਹੈ ਕਿ ਆਪਣੇ ਸਮਾਜ ਵਿੱਚ ਸਾਨੂੰ ਸਾਰਿਆਂ ਨੂੰ ਇਕੱਠੇ ਰਹਿਣਾ ਚਾਹੀਦਾ ਹੈ। ਆਪਣਾ ਘਰ ਉਜਾੜ ਕੇ ਦੂਜਿਆਂ ਦੇ ਮੁਹੱਲੇ ਵਿੱਚ ਜਾਣਾ ਨਿਰੀ ਮੂਰਖਤਾ ਹੈ। ਆਪਣੀ ਝੁੱਗੀ ਹੀ ਸਾਫ਼ ਰੱਖੋ।"

ਖ਼ੁਦ ਦੀ ਤਾਕਤ 'ਤੇ ਭਰੋਸਾ ਨਾ ਕਰਦਿਆਂ ਦੂਸਰਿਆਂ ਦੇ ਸਹਾਰੇ ਚੱਲਣ ਵਾਲ਼ੇ ਲੋਕਾਂ ਨੂੰ ਸੰਬੋਧਨ ਕਰਦਿਆਂ ਬਾਬਾ ਸਾਹਿਬ ਡਾ: ਅੰਬੇਡਕਰ ਨੇ ਕਿਹਾ ਸੀ ਕਿ "ਆਪਣੇ ਵਰਗ ਤੋਂ ਇਲਾਵਾ ਕਿਰਾਏ (ਦੂਸਰੇ ਵਰਗ) ਦਾ ਕੋਈ ਵੀ ਆਦਮੀ ਸਾਡਾ ਕਲਿਆਣ ਨਹੀਂ ਕਰੇਗਾ। ਇਹ ਗੱਲ ਸਾਨੂੰ ਹਮੇਸ਼ਾਂ ਹੀ ਯਾਦ ਰੱਖਣੀ ਚਾਹੀਦੀ ਹੈ। ਆਪਸੀ ਮਤਭੇਦ ਭੁੱਲ ਕੇ ਤੁਹਾਨੂੰ ਆਪਣੇ ਸੰਗਠਨ ਦਾ ਵਿਸਥਾਰ ਕਰਨਾ ਚਾਹੀਦਾ ਹੈ ਅਤੇ ਪ੍ਰਸਥਿਤੀਆਂ ਤੋਂ ਜਾਣੂ ਹੋਣਾ ਚਾਹੀਦਾ ਹੈ।" ਸਾਨੂੰ ਆਪਣੀ ਬੁੱਧੀ ਨੂੰ ਤੀਖਣ ਅਤੇ ਸਮਰੱਥ ਬਣਾਉਣਾ ਪਵੇਗਾ ਤਾਂ ਕਿ ਅਸੀਂ ਰਾਜਨੀਤਿਕ ਤੌਰ 'ਤੇ ਆਪਣਾ ਚੰਗਾ ਮਾੜਾ ਖ਼ੁਦ ਵਿਚਾਰ ਸਕੀਏ। ਸਾਨੂੰ ਆਪਣੇ ਬੱਚਿਆਂ ਨੂੰ ਪੜਖ਼ਾਈ ਕਰਾਉਣ ਤੋਂ ਇਲਾਵਾ ਉਨਖ਼ਾਂ ਨੂੰ ਸਾਡੇ ਮਹਾਨ ਰਹਿਬਰ ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ,ਸਤਿਗੁਰੂ ਰਵਿਦਾਸ ਜੀ,ਸਤਿਗੁਰੂ ਕਬੀਰ ਜੀ ਮਹਾਰਾਜ, ਮਹਾਤਮਾ ਜੋਤੀਬਾ ਰਾਉ ਫੂਲੇ, ਨਰਾਇਣਾ ਗੁਰੂ, ਸਵਾਮੀ ਅਛੂਤਾ ਨੰਦ, ਪੈਰੀਅਰ ਈ. ਵੀ. ਰਾਮਾਸੁਆਮੀ ਨਾਈਕਰ, ਬਿਰਸਾ ਮੁੰਡਾ, ਬਾਬੂ ਮੰਗੂ ਰਾਮ ਮੁੱਗੋਵਾਲੀਆ, ਡਾ. ਬੀ. ਆਰ. ਅੰਬੇਡਕਰ ਜੀ, ਸਾਹਿਬ ਸ੍ਰੀ ਕਾਂਸੀ ਰਾਮ ਜੀ ਦੇ ਜੀਵਨ ਅਤੇ ਦਲਿਤ ਸਮਾਜ ਦੀ ਉੱਨਤੀ ਅਤੇ ਮਾਣ ਸਨਮਾਨ ਬਹਾਲ ਕਰਾਉਣ ਲਈ ਕੀਤੇ ਸੰਘਰਸ਼ ਬਾਰੇ ਦੱਸਣਾ ਪਵੇਗਾ। ਸਾਨੂੰ ਜਾਤੀ ਯੁੱਧ ਛੱਡ ਕੇ ਇੱਕ ਜਮਾਤ ਦੇ ਰੂਪ ਵਿੱਚ ਇਕੱਠਾ ਹੋਣਾ ਪਵੇਗਾ, ਕਿਰਤੀ ਲੋਕਾਂ ਦੀ ਇੱਕ ਜਮਾਤ ਜਿਹਨਾਂ ਵਿੱਚ ਊਚ-ਨੀਚ, ਛੂਆ-ਛਾਤ ਅਤੇ ਘ੍ਰਿਣਾ ਦੀ ਥਾਂ ਆਪਣੇ ਸਾਂਝੇ ਨਿਸ਼ਾਨੇ ਦੀ ਪ੍ਰਾਪਤੀ ਲਈ ਬਚਨਵੱਧਤਾ ਅਤੇ ਦ੍ਰਿੜਤਾ ਹੋਣੀ ਚਾਹੀਦੀ ਹੈ। ਘੱਟੋ ਘੱਟ ਸਾਨੂੰ ਬਹੁਜਨ ਸਮਾਜ ਦੇ ਹਿਤਾਂ ਦੀ ਪ੍ਰਵਾਹ ਕਰਨੀ ਪਵੇਗੀ ਅਤੇ ਆਪਣੇ ਆਪ ਨੂੰ ਇੰਨਾ ਕਾਬਲ ਬਣਾਉਣਾ ਪਏਗਾ ਕਿ ਅਸੀਂ ਸਹਿਜੇ ਹੀ ਸਮਝ ਸਕੀਏ ਕਿ ਸਾਡੀ ਵੋਟ ਦਾ ਅਸਲ ਹੱਕਦਾਰ ਕੌਣ ਹੈ ਅਤੇ ਕਿਉਂ ਹੈ? ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਕਿਹਾ ਸੀ ਕਿ "ਜੇਕਰ ਅਸੀਂ ਖ਼ੁਦ ਬੰਦੇ ਬਣ ਜਾਈਏ ਤਾਂ ਆਪਣੇ ਦੁਸ਼ਮਣ ਨੂੰ ਤਾਂ ਪੰਜ ਮਿੰਟਾਂ ਵਿੱਚ ਹੀ ਬੰਦੇ ਦਾ ਪੁੱਤ ਬਣਾ ਦਿਆਂਗੇ।" ਉਹਨਾਂ ਦੀ ਅੰਤਰ ਭਾਵਨਾ ਨੂੰ ਸਮਝਕੇ ਸਾਨੂੰ ਆਪਣੇ ਆਪ 'ਤੇ ਲਾਗੂ ਕਰਨ ਦੀ ਲੋੜ ਹੈ। ਭਾਵੇਂ ਭਾਰਤੀ ਸਮਾਜ ਵਿੱਚ ਮਨੂਵਾਦੀ ਵਿਵਸਥਾ ਦੀਆਂ ਜੜਖ਼ਾਂ ਬੇਹੱਦ ਡੂੰਘੀਆਂ ਹਨ, ਪਰ ਯਕੀਨਨ ਅਸੀਂ ਇਸ ਵਿਵਸਥਾ ਦਾ ਉੱਤਮ ਬਦਲ ਪੇਸ਼ ਕਰ ਸਕਦੇ ਹਾਂ, ਜੇਕਰ ਦਲਿਤ, ਪਛੜੇ ਅਤੇ ਘੱਟ ਗਿਣਤੀਆਂ ਦੇ ਲੋਕ ਸਮਾਜਿਕ ਅਤੇ ਰਾਜਨੀਤਿਕ ਤੌਰ 'ਤੇ ਆਪਸੀ ਸਾਂਝ ਨੂੰ ਪੀਢੀ ਅਤੇ ਗੂੜਖ਼ੀ ਕਰ ਲੈਣ।


# ਅਨਪੜ੍ਹਤਾ ਦੇਸ਼ ਅਤੇ ਸਮਾਜ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਹੈ



ਕੁਲਦੀਪ ਚੰਦ
91-9417563054

**ਪਹਿਲੀ ਵਾਰ 8 ਸਤੰਬਰ 1966 ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਗਿਆ ਸੀ। ਸਾਖਰਤਾ ਗਰੀਬੀ ਘਟਾਉਣ, ਲਿੰਗ ਅਨੁਪਾਤ ਸੁਧਾਰਨ, ਭ੍ਰਿਸ਼ਟਾਚਾਰ ਅਤੇ ਹੋਰ ਸਮਾਜਿਕ ਸਮੱਸਿਆਵਾਂ ਦੇ ਹੱਲ ਕਰਨ ਵਿੱਚ ਸਹਾਇਕ ਅਤੇ ਸਮਰੱਥ ਕਰਦੀ ਹੈ। ਅਰਬਾਂ ਰੁਪਏ ਖਰਚਕੇ ਵੀ ਅਸੀਂ ਸਾਖਰਤਾ ਵਿੱਚ ਕਈ ਦੇਸ਼ਾਂ ਨਾਲੋਂ ਪਿੱਛੇ। ਦੁਨੀਆਂ ਦੀ ਔਸਤ ਸਾਖਰਤਾ ਦਰ 84 ਫੀਸਦੀ ਹੈ ਪਰ ਸਾਡਾ ਦੇਸ਼ ਅਜੇ ਵੀ ਇਸਤੋਂ ਪਿੱਛੇ ਹੈ। ਸਾਡੇ ਦੇਸ਼ ਦੀ ਸਾਖਰਤਾ ਦਰ 74.4 ਫੀਸਦੀ ਹੈ ਜਿਸ ਵਿੱਚੋਂ ਪੁਰਸ਼ਾ ਦੀ ਸਾਖਰਤਾ ਦਰ 82.1 ਫੀਸਦੀ ਅਤੇ ਮਹਿਲਾਵਾਂ ਦਾ ਸਾਖਰਤਾ ਦਰ 65.5 ਫੀਸਦੀ ਹੈ।**

ਸਿੱਖਿਆ ਇਨਸਾਨ ਨੂੰ ਜੀਵਨ ਦੇ ਸਾਰੇ ਹਨੇਰਿਆਂ ਤੋਂ ਬਾਹਰ ਕੱਢਕੇ ਇੱਕ ਬਿਹਤਰ ਭਵਿੱਖ ਵੱਲ ਵਧਾਉਂਦੀ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਿਸ ਦੇਸ਼ ਅਤੇ ਸਮਾਜ ਨੇ ਸਿੱਖਿਆ ਪ੍ਰਾਪਤ ਕੀਤੀ ਹੈ ਉਸਦਾ ਵਿਕਾਸ ਦੂਜੇ ਗੈਰ ਸਿੱਖਿਅਤ ਸਮਾਜਾਂ ਦੇ ਮੁਕਾਬਲੇ ਤੇਜ਼ ਗਤੀ ਨਾਲ ਹੋਇਆ ਹੈ। ਸਿੱਖਿਆ ਦੇ ਮਹੱਤਵ ਦਾ ਵਰਣਨ ਸ਼ਬਦਾਂ ਵਿੱਚ ਕਰਨਾ ਬੇਹੱਦ ਮੁਸ਼ਕਿਲ ਹੈ ਅਤੇ ਸ਼ਾਇਦ ਇਸੇ ਲਈ ਹਰ ਸਾਲ 8 ਸਤੰਬਰ ਨੂੰ ਵਿਸ਼ਵ ਸਾਖਰਤਾ ਦਿਵਸ ਮਨਾਇਆ ਜਾਂਦਾ ਹੈ। ਸਾਖਰਤਾ ਦਿਵਸ ਦੇ ਲਈ ਸਿਰਫ ਇੱਕ ਦਿਨ ਦੇ ਕੇ ਅਸੀਂ ਆਪਣੀਆਂ ਜਿੰਮੇਵਾਰੀਆਂ ਤੋਂ ਮੂੰਹ ਨਹੀਂ ਮੋੜ ਸਕਦੇ ਪਰ ਇਸ ਇੱਕ ਦਿਨ ਫੈਲਾਈ ਗਈ ਜਾਗਰੂਕਤਾ ਦੀ ਲਹਿਰ ਸਾਖਰਤਾ ਦੇ ਖੇਤਰ ਵਿੱਚ ਇੱਕ ਵੱਡਾ ਬਦਲਾਓ ਲਿਆ ਸਕਦੀ ਹੈ। ਹਰ ਸਾਲ 08 ਸਤੰਬਰ ਨੂੰ ਅੰਤਰ-ਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਜਾਂਦਾ ਹੈ। ਜੇਕਰ ਸਾਖਰਤਾ ਦਿਵਸ ਦਾ ਪਿਛੋਕੜ ਵੇਖੀਏ ਤਾਂ 17 ਨਵੰਬਰ 1965 ਨੂੰ ਯੂਨੈਸਕੋ ਵੱਲੋਂ ਫੈਸਲਾ ਕੀਤਾ ਗਿਆ ਕਿ ਹਰ ਸਾਲ 8 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਦੇ ਤੌਰ ਤੇ ਮਨਾਇਆ ਜਾਵੇਗਾ। ਪਹਿਲੀ ਵਾਰ 8 ਸਤੰਬਰ 1966 ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਗਿਆ ਸੀ। ਸਾਖਰਤਾ ਸਿਰਫ ਕਿਤਾਬੀ ਸਿੱਖਿਆ ਪ੍ਰਾਪਤ ਕਰਨ ਤੱਕ ਹੀ ਸੀਮਿਤ ਨਹੀਂ ਹੁੰਦੀ ਬਲਕਿ ਸਾਖਰਤਾ ਦਾ ਮਤਲਬ ਲੋਕਾਂ ਵਿੱਚ ਉਹਨਾਂ ਦੇ ਅਧਿਕਾਰਾਂ ਅਤੇ ਕਰਤੱਵਾਂ ਦੇ ਪ੍ਰਤੀ ਜਾਗਰੂਕਤਾ ਲਿਆ ਕੇ ਸਮਾਜਿਕ ਵਿਕਾਸ ਦਾ ਆਧਾਰ ਬਣਾਉਣਾ ਹੈ। ਸਾਖਰਤਾ ਗਰੀਬੀ ਘਟਾਉਣ, ਲਿੰਗ ਅਨੁਪਾਤ ਸੁਧਾਰਨ, ਭ੍ਰਿਸ਼ਟਾਚਾਰ ਅਤੇ ਹੋਰ ਸਮਾਜਿਕ ਸਮੱਸਿਆਵਾਂ ਦੇ ਹੱਲ ਕਰਨ ਵਿੱਚ ਸਹਾਇਕ ਅਤੇ ਸਮਰੱਥ ਕਰਦੀ ਹੈ। ਅੱਜ ਵਿਸ਼ਵ ਵਿੱਚ ਸਾਖਰਤਾ ਦਰ ਸੁਧਰੀ ਜ਼ਰੂਰ ਹੈ ਫਿਰ ਵੀ ਕਾਫੀ ਘੱਟ ਹੈ। ਦੁਨੀਆਂ ਦੇ ਲਗਭੱਗ 35 ਦੇਸ਼ਾਂ ਵਿੱਚ ਸਾਖਰਤਾ ਦਰ 50 ਫੀਸਦੀ ਤੋਂ ਵੀ ਘੱਟ ਹੈ। ਵਿਸ਼ਵ ਪੱਧਰ ਤੇ ਦੇਖੀਏ ਤਾਂ ਦੁਨੀਆਂ ਵਿੱਚ ਕਰੀਬ ਚਾਰ ਅਰਬ ਲੋਕ ਸਾਖਰ ਹਨ ਅਤੇ 77.6 ਕਰੋੜ ਲੋਕ ਘੱਟੋ ਘੱਟ ਸਾਖਰਤਾ ਦਰ ਤੋਂ ਵੀ ਹੇਠਾਂ ਹਨ ਜਿਹਨਾਂ ਵਿੱਚੋਂ ਦੋ ਤਿਹਾਈ ਔਰਤਾਂ ਹਨ। ਵਿਸ਼ਵ ਵਿੱਚ 60.7 ਮਿਲੀਅਨ ਬੱਚੇ ਸਕੂਲਾਂ ਤੋਂ ਬਾਹਰ ਹਨ ਅਤੇ ਜ਼ਿਆਦਾਤਰ ਪੜ੍ਹਾਈ ਛੱਡ ਚੁੱਕੇ ਹਨ। ਇਸਦਾ ਮਤਲਬ ਇਹ ਹੈ ਕਿ ਹਰ ਪੰਜ ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਅਨਪੜ੍ਹ ਹੈ। ਦੁਨੀਆਂ ਦੇ ਨਾਰਵੇ, ਫਿਨਲੈਂਡ, ਐਨਡੋਰਾ, ਨੋਰਫੋਲਕ ਆਈਲੈਂਡ, ਗ੍ਰੀਨਲੈਂਡ, ਉਤਰੀ ਕੋਰੀਆ, ਲਗਜ਼ਮਬਰਗ ਵਰਗੇ ਦੇਸ਼ਾਂ ਦੀ ਸਾਖਰਤਾ ਦਰ 100 ਫੀਸਦੀ ਹੈ ਅਤੇ ਜ਼ਿਆਦਾਤਰ ਕਈ ਦੇਸ਼ਾਂ ਦੀ ਸਾਖਰਤਾ ਦਰ 98 ਫੀਸਦੀ ਤੋਂ ਵੱਧ ਹੈ। ਦੁਨੀਆਂ ਦੀ ਔਸਤ ਸਾਖਰਤਾ ਦਰ 84 ਫੀਸਦੀ ਹੈ ਪਰ ਸਾਡਾ ਦੇਸ਼ ਅਜੇ ਵੀ ਇਸਤੋਂ ਪਿੱਛੇ ਹੈ। ਸਾਡੇ ਦੇਸ਼ ਦੀ ਸਾਖਰਤਾ ਦਰ 74.4 ਫੀਸਦੀ ਹੈ ਜਿਸ ਵਿੱਚੋਂ ਪੁਰਸ਼ਾ ਦੀ ਸਾਖਰਤਾ ਦਰ 82.1 ਫੀਸਦੀ ਅਤੇ ਮਹਿਲਾਵਾਂ ਦਾ ਸਾਖਰਤਾ ਦਰ 65.5 ਫੀਸਦੀ ਹੈ। ਦੁਨੀਆਂ ਵਿੱਚ ਸਭ ਤੋਂ ਘੱਟ ਸਾਖਰਤਾ ਦਰ ਅਫਗਾਨਿਸਤਾਨ ਦੀ 28.1 ਫੀਸਦੀ ਹੈ ਜਿਸ ਵਿੱਚੋਂ ਪੁਰਸ਼ਾਂ ਦੀ ਸਾਖਰਤਾ ਦਰ 43.1 ਫੀਸਦੀ ਅਤੇ ਮਹਿਲਾਵਾਂ ਦੀ ਸਾਖਰਤਾ ਦਰ 12.6 ਫੀਸਦੀ ਹੈ। ਨੇਪਾਲ, ਪਾਕਿਸਤਾਨ ਵਰਗੇ ਸਾਡੇ ਗੁਆਂਢੀ ਦੇਸ਼ਾਂ ਵਿੱਚ ਹਾਲਤ ਸਾਡੇ ਨਾਲੋਂ ਵੀ ਖਰਾਬ ਹੈ ਪਰ ਵਿਸ਼ਵ ਵਿੱਚ ਚੀਨ ਵਰਗੇ ਦੇਸ਼ ਵੀ ਹਨ ਜਿਹਨਾਂ ਦੀ ਸਾਖਰਤਾ ਦਰ 93.3 ਫੀਸਦੀ ਹੈ। ਇਹ ਉਹ ਸੰਖਿਆ ਅਤੇ ਆਂਕੜੇ ਹਨ ਜੋ ਸਰਕਾਰੀ ਹਨ ਜੇਕਰ ਅਸੀਂ ਹਕੀਕਤ ਦੇਖੀਏ ਤਾਂ ਹਾਲਾਤ ਹੋਰ ਵੀ ਗੰਭੀਰ ਨਜ਼ਰ ਆਉਣਗੇ। ਸੁਡਾਨ, ਅਫਗਾਨਿਸਤਾਨ ਵਰਗੇ ਦੇਸ਼ ਵੀ ਹਨ ਜਿੱਥੇ ਸਾਖਰਤਾ ਦਰ ਬੇਹੱਦ ਘੱਟ ਹੈ। ਵਿਸ਼ਵ ਵਿੱਚ ਘੱਟ ਰਹੀ ਸਾਖਰਤਾ ਦਰ ਨੂੰ ਸੁਧਾਰਨ ਅਤੇ ਇਸ ਖੇਤਰ ਵਿੱਚ ਵੱਧ ਕੰਮ ਕਰਨ ਦੇ ਲਈ ਹੀ ਸੰਯੁਕਤ ਰਾਸ਼ਟਰ ਸਿੱਖਿਅਕ, ਵਿਗਿਆਨਕ ਅਤੇ ਸੰਸਕ੍ਰਿਤ ਸੰਗਠਨ (ਯੂਨੇਸਕੋ) ਦੁਆਰਾ ਹਰ ਸਾਲ 8 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਜਾਂਦਾ ਹੈ। ਇਸਦਾ ਉਦੇਸ਼ ਵਿਅਕਤੀਆਂ, ਸੰਸਥਾਵਾਂ ਅਤੇ ਸਾਰੇ ਭਾਈਚਾਰਿਆਂ ਨੂੰ ਪੜ੍ਹਾਈ ਦੇ ਮਹੱਤਵ ਤੋਂ ਜਾਣੂ ਕਰਵਾਉਂਣਾ ਹੈ। ਹਰ ਸਾਲ ਅੰਤਰਰਾਸ਼ਟਰੀ ਸਾਖਰਤਾ ਦਿਵਸ ਨੂੰ ਯੂਨੈਸਕੋ ਵੱਲੋਂ ਅੰਤਰਰਾਸ਼ਟਰੀ ਭਾਈਚਾਰੇ ਦੇ ਪੜ੍ਹਨ-ਲਿਖਣ ਦੇ ਪੱਧਰ ਬਾਰੇ ਰਿਪੋਰਟ ਜਾਰੀ ਕੀਤੀ ਜਾਂਦੀ ਹੈ। ਭਾਰਤ ਇੱਕ ਉਭੱਰਦਾ ਅਤੇ ਤੇਜ਼ੀ ਨਾਲ ਵਿਕਸਿਤ ਹੋਣ ਵਾਲਾ ਦੇਸ਼ ਹੈ। ਅੱਜ ਅਸੀਂ ਆਪਣੀ ਤੁਲਨਾ ਅਮਰੀਕਾ, ਚੀਨ ਵਰਗੇ ਦੇਸ਼ਾਂ ਨਾਲ ਕਰਦੇ ਨਹੀਂ ਥੱਕਦੇ ਪਰ ਜਦੋਂ ਅਸੀਂ ਭਾਰਤ ਦੀਆਂ ਸੜਕਾਂ ਤੇ ਚਾਹ ਦੀਆਂ ਦੁਕਾਨਾਂ ਤੇ ਕੰਮ ਕਰਨ ਵਾਲੇ ਛੋਟੇ ਬੱਚਿਆਂ ਅਤੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਬੇਰੁਜ਼ਗਾਰ ਦੇਖਦੇ ਹਾਂ ਤਾਂ ਸੋਚਦੇ ਹਾਂ ਕਿ ਵਾਕਈ ਅਸੀਂ ਸਾਖਰ ਤਾਂ ਹੋ ਗਏ ਹਾਂ ਪਰ ਸਿੱਖਿਅਤ ਨਹੀਂ ਹੋਏ ਹਾਂ। ਸਵਾਲ ਇਹ ਉਠਦਾ ਹੈ ਕਿ ਅਸੀਂ ਸਾਖਰ ਹੁੰਦੇ ਹੋਏ ਵੀ ਸਿੱਖਿਅਤ ਕਿਉਂ ਨਹੀਂ ਹਾਂ। ਸਿੱਖਿਆ ਦਾ ਮਤਲਬ ਸਿਰਫ ਪੜ੍ਹਨਾ ਲਿਖਣਾ ਅਤੇ ਬਾਹਰਵੀਂ ਕਲਾਸ ਪਾਸ ਕਰਨਾ ਨਹੀਂ ਹੁੰਦਾ। ਸਿੱਖਿਆ ਦਾ ਅਰਥ ਹੁੰਦਾ ਹੈ ਗਿਆਨ ਪ੍ਰਾਪਤ ਕਰਨਾ। ਰੱਟਾ ਲਗਾਉਣ ਨਾਲ ਤੋਤਾ ਵੀ ਬੋਲਣ ਲੱਗ ਪੈਂਦਾ ਹੈ ਪਰ ਤੋਤਾ ਕਿਸੇ ਨੂੰ ਗਿਆਨ ਨਹੀਂ ਦੇ ਸਕਦਾ ਹੈ। ਪੜ੍ਹ-ਲਿਖ ਕੇ ਅਸੀਂ ਸਾਖਰ ਤਾਂ ਬਣ ਜਾਂਦੇ ਹਾਂ ਪਰ ਗਿਆਨ ਪ੍ਰਾਪਤ ਨਹੀਂ ਕਰ ਪਾਉਂਦੇ ਹਾਂ। ਸਥਿਤੀ ਇਹ ਹੋ ਜਾਂਦੀ ਹੈ ਕਿ ਪੜ੍ਹਨ-ਲਿਖਣ ਦੇ ਬਾਵਜੂਦ ਵੀ ਨੌਕਰੀ ਨਹੀਂ ਮਿਲਦੀ ਹੈ। ਸਾਡੇ ਦੇਸ਼ ਦੇ ਸਿੱਖਿਆ ਢਾਂਚੇ ਦੀ ਇਹ ਇੱਕ ਬਹੁਤ ਵੱਡੀ ਘਾਟ ਹੈ ਕਿ ਉਹ ਸਾਖਰ ਤਾਂ ਕਰ ਦਿੰਦਾ ਹੈ ਪਰ ਸਿੱਖਿਅਤ ਹੋਣ ਵਿੱਚ ਅਸੀਂ ਪਿੱਛੇ ਰਹਿ ਜਾਂਦੇ ਹਾਂ। ਸਾਡੇ ਦੇਸ਼ ਵਿੱਚ ਲੱਖਾਂ ਬੱਚੇ ਹਰ ਸਾਲ ਡਿਗਰੀਆਂ ਹਾਸਲ ਕਰਦੇ ਹਨ ਅਤੇ ਇਹਨਾਂ ਵਿੱਚੋਂ ਜ਼ਿਆਦਾਤਰ ਬੇਰੁਜ਼ਗਾਰਾਂ ਦੀ ਭੀੜ ਵਿੱਚ ਗੁਆਚ ਜਾਂਦੇ ਹਨ। ਹਰ ਸਾਲ ਦੀ ਤਰਾਂ ਅੱਜ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਇਸ ਸਬੰਧੀ ਸਮਾਗਮ ਆਯੋਜਿਤ ਕੀਤੇ ਜਾਣਗੇ ਪਰ ਕੀ ਇਹ ਦਿਵਸ ਮਨਾਉਣ ਨਾਲ ਹੀ ਸਾਡੇ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਹੋ ਸਕਦੀ ਹੈ। ਸਰਕਾਰ ਐਜੂਕੇਸ਼ਨ ਸੈਸ ਦੇ ਨਾਮ ਤੇ ਕਰੋੜਾਂ ਰੁਪਏ ਟੈਕਸ ਇਕੱਠਾ ਕਰ ਰਹੀ ਹੈ ਪਰ ਦੂਸਰੇ ਪਾਸੇ ਪੜ੍ਹਾਈ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀਆਂ ਕੋਸ਼ਿਸ਼ਾ ਹੋ ਰਹੀਆਂ ਹਨ। ਪੜ੍ਹਾਈ ਨੂੰ ਮਹਿੰਗਾ ਕਰਕੇ ਗਰੀਬ ਲੋਕਾਂ ਦੀ ਪਹੁੰਚ ਤੋਂ ਦੂਰ ਕੀਤਾ ਜਾ ਰਿਹਾ ਹੈ। ਹਰ ਸਾਲ ਵੱਧ ਰਹੀਆਂ ਫੀਸਾਂ, ਕਿਤਾਬਾਂ ਅਤੇ ਕਾਪੀਆਂ ਦੀਆਂ ਵੱਧ ਰਹੀਆਂ ਕੀਮਤਾਂ ਨੇ ਗਰੀਬਾਂ ਦਾ ਕਚੂੰਮਰ ਕੱਢ ਕੇ ਰੱਖ ਦਿੱਤਾ ਹੈ ਜਿਸ ਕਾਰਨ ਗਰੀਬ ਵਿਦਿਆਰਥੀਆਂ ਲਈ ਸਿੱਖਿਆ ਪ੍ਰਾਪਤ ਕਰਨਾ ਇੱਕ ਸੁਪਨਾ ਬਣ ਕੇ ਰਹਿ ਗਿਆ ਹੈ। ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਕਰਨ ਲਈ ਸਰਕਾਰ ਹਰ ਸਾਲ ਕਰੋੜਾਂ-ਅਰਬਾਂ ਰੁਪਏ ਖਰਚ ਕਰ ਰਹੀ ਹੈ ਪਰ ਫਿਰ ਵੀ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਹੋਣ ਦਾ ਨਾਮ ਨਹੀਂ ਲੈ ਰਹੀ ਹੈ। ਅੱਜ ਅਸੀਂ ਭਾਵੇਂ 21ਵੀਂ ਸਦੀ ਵਿੱਚ ਪਹੁੰਚ ਚੁੱਕੇ ਹਾਂ ਪਰ ਫਿਰ ਵੀ ਦੇਸ਼ ਦੇ ਹਰ ਨਾਗਰਿਕ ਨੂੰ ਪੜ੍ਹਿਆ ਲਿਖਿਆ ਬਣਾਉਣ ਦਾ ਸੁਪਨਾ ਪੂਰਾ ਨਹੀਂ ਹੋ ਰਿਹਾ। ਦੁਨੀਆਂ ਦੇ ਵਿਕਸਿਤ ਦੇਸ਼ਾਂ ਨੇ ਪੜ੍ਹਾਈ ਦੇ ਮਹੱਤਵ ਨੂੰ ਪਹਿਲਾਂ ਹੀ ਪਹਿਚਾਣ ਲਿਆ ਸੀ ਜਿਸ ਕਾਰਨ ਵਿਕਸਿਤ ਦੇਸ਼ਾਂ ਵਿੱਚ ਹਰ ਨਾਗਰਿਕ ਪੜ੍ਹਿਆ-ਲਿਖਿਆ ਹੈ ਅਤੇ ਉਹਨਾਂ ਦੀ ਸਾਖਰਤਾ ਦਰ 100 ਫੀਸਦੀ ਹੈ। ਵਿਕਸਿਤ ਦੇਸ਼ਾਂ ਦੇ ਨਾਗਰਿਕਾਂ ਦੀ 100 ਫੀਸਦੀ ਸਾਖਰਤਾ ਦਰ ਕਾਰਨ ਹੀ ਉਥੋਂ ਦੇ ਨਾਗਰਿਕ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹਨ ਅਤੇ ਉਹਨਾਂ ਦਾ ਜੀਵਨ ਪੱਧਰ ਉਚਾ ਹੈ। ਅੱਜ ਸਾਡਾ ਦੇਸ਼ ਦੁਨੀਆਂ ਦੇ ਵਿਕਸਿਤ ਦੇਸ਼ਾਂ ਦੀ ਕਤਾਰ ਵਿੱਚ ਸ਼ਾਮਲ ਹੋਣ ਲਈ ਜ਼ੋਰ ਲਾ ਰਿਹਾ ਹੈ ਪਰ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਕੀਤੇ ਬਿਨ੍ਹਾ ਦੇਸ਼ ਨੂੰ ਵਿਕਸਿਤ ਨਹੀਂ ਕੀਤਾ ਜਾ ਸਕਦਾ। ਅਨਪੜ੍ਹ ਬੰਦਿਆਂ ਨੂੰ ਆਪਣੇ ਲਿਖਣ ਪੜ੍ਹਨ ਦੇ ਹਰ ਕੰਮ ਲਈ ਦੂਸਰਿਆਂ ਤੇ ਨਿਰਭਰ ਰਹਿਣਾ ਪੈਂਦਾ ਹੈ। ਅਨਪੜ੍ਹ ਬੰਦਾ ਆਪਣੇ ਨਫੇ-ਨੁਕਸਾਨ ਦਾ ਹਿਸਾਬ ਨਹੀਂ ਲਗਾ ਸਕਦਾ। ਸਾਡੇ ਦੇਸ਼ ਵਿੱਚ ਵਿਸ਼ਵ ਦੇ ਸਭ ਤੋਂ ਵੱਧ ਅਨਪੜ ਲੋਕ ਰਹਿੰਦੇ ਹਨ। ਮਹਿਲਾ ਸਾਖਰਤਾ ਦਰ ਦੇ ਮਾਮਲੇ ਵਿੱਚ ਸਾਡੇ ਦੇਸ਼ ਦਾਨੰਬਰ 135 ਵਿੱਚੋਂ 123ਵੇਂ ਸਥਾਨ ਤੇ ਹੈ। ਭਾਰਤ ਵਿੱਚ ਅਜੇ ਵੀ ਲੱਗਭੱਗ 60 ਲੱਖ ਬੱਚੇ ਸਕੂਲਾਂ ਤੋਂ ਬਾਹਰ ਹਨ। 92 ਫਿਸਦੀ ਸਕੂਲਾਂ ਨੇ ਅਜੇ ਤੱਕ ਸਿੱਖਿਆ ਦੇ ਅਧਿਕਾਰ ਨੂੰ ਪੂਰੀ ਤਰਾਂ ਲਾਗੂ ਨਹੀਂ ਕੀਤਾ ਹੈ। ਭਾਰਤ ਵਿੱਚ ਔਸਤਨ ਸਾਖਰਤਾ ਦਰ 74.04 ਹੈ। ਕੇਰਲਾ ਵਿੱਚ ਸਾਖਰਤਾ ਦਰ ਸਭ ਤੋਂ ਵੱਧ 93.91 ਫਿਸਦੀ ਹੈ ਜਦਕਿ ਬਿਹਾਰ ਦੀ ਸਾਖਰਤਾ ਦਰ ਸਭਤੋਂ ਘੱਟ ਸਿਰਫ 63.82 ਫਿਸਦੀ ਹੈ। ਦੇਸ਼ ਦੇ 24 ਰਾਜਾਂ ਦੀ ਸਾਖਰਤਾ ਦਰ ਦੇਸ਼ ਦੀ ਔਸਤਨ ਦਰ ਤੋਂ ਵੱਧ ਹੈ ਜਦਕਿ 12 ਰਾਜਾਂ ਦੀ ਸਾਖਰਤਾ ਦਰ ਘੱਟ ਹੈ। ਪੰਜਾਬ ਨੂੰ ਖੁਸ਼ਹਾਲ ਸੂਬਾ ਕਿਹਾ ਜਾਂਦਾ ਹੈ ਪਰ ਜੇਕਰ ਸਾਖਰਤਾ ਦੀ ਗੱਲ ਕਰੀਏ ਤਾਂ 2011 ਦੀ ਜਨਗਣਨਾ ਅਨੁਸਾਰ ਪੰਜਾਬ ਦੀ ਸਾਖਰਤਾ ਦਰ 76.7 ਫੀਸਦੀ ਹੈ ਜਿਸ ਵਿੱਚ ਪੁਰਸ਼ਾਂ ਦੀ ਸਾਖਰਤਾ ਦਰ 81.5 ਫੀਸਦੀ ਅਤੇ ਮਹਿਲਾਵਾਂ ਦੀ ਸਾਖਰਤਾ ਦਰ 71.3 ਫੀਸਦੀ ਹੈ। ਪੰਜਾਬ ਦੀ 23.3 ਫੀਸਦੀ ਜਨਸੰਖਿਆ ਭਾਵ 64,55,087 ਲੋਕ ਅਜੇ ਅਨਪੜ੍ਹ ਹਨ ਜਦਕਿ ਪੂਰੇ ਦੇਸ਼ ਦੀ ਸਾਖਰਤਾ ਦਰ 74 ਫੀਸਦੀ ਹੈ। ਪੰਜਾਬ ਦੇ 7 ਜ਼ਿਲ੍ਹਿਆ ਦੀ ਸਾਖਰਤਾ ਦਰ 60 ਫੀਸਦੀ ਤੋਂ 70 ਫੀਸਦੀ ਦੇ ਵਿਚਕਾਰ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਦੀ ਸਾਖਰਤਾ ਦਰ ਵੇਖੀਏ ਤਾਂ ਪੰਜਾਬ ਵਿੱਚ ਸਭ ਤੋਂ ਵੱਧ ਸਾਖਰ ਹੁਸ਼ਿਆਰਪੁਰ ਜ਼ਿਲ੍ਹਾ ਹੈ ਜਿੱਥੇ ਦੀ ਸਾਖਰਤਾ ਦਰ 85.4 ਫੀਸਦੀ ਹੈ, ਸਾਹਿਬਜਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੀ ਸਾਖਰਤਾ ਦਰ 84.9 ਫੀਸਦੀ ਹੈ, ਰੂਪਨਗਰ ਜ਼ਿਲ੍ਹੇ ਦੀ ਸਾਖਰਤਾ ਦਰ 83.3 ਫੀਸਦੀ ਹੈ, ਲੁਧਿਆਣਾ ਜ਼ਿਲ੍ਹੇ ਦੀ ਸਾਖਰਤਾ ਦਰ 82.5 ਫੀਸਦੀ ਹੈ, ਜਲੰਧਰ ਜ਼ਿਲ੍ਹੇ ਦੀ ਸਾਖਰਤਾ ਦਰ 82.4 ਫੀਸਦੀ ਹੈ, ਗੁਰਦਾਸਪੁਰ ਜ਼ਿਲ੍ਹੇ ਦੀ ਸਾਖਰਤਾ ਦਰ 81.1 ਫੀਸਦੀ ਹੈ, ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੀ ਸਾਖਰਤਾ ਦਰ 80.3 ਫੀਸਦੀ ਹੈ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਸਾਖਰਤਾ ਦਰ 80.3 ਫੀਸਦੀ ਹੈ, ਕਪੂਰਥਲਾ ਜ਼ਿਲ੍ਹੇ ਦੀ ਸਾਖਰਤਾ ਦਰ 80.2 ਫੀਸਦੀ ਹੈ, ਅਮ੍ਰਿੰਤਸਰ ਜ਼ਿਲ੍ਹੇ ਦੀ ਸਾਖਤਰਾ ਦਰ 77.2 ਫੀਸਦੀ ਹੈ, ਪਟਿਆਲਾ ਜ਼ਿਲ੍ਹੇ ਦੀ ਸਾਖਰਤਾ ਦਰ 76.3 ਫੀਸਦੀ ਹੈ, ਮੋਗਾ ਜ਼ਿਲ੍ਹੇ ਦੀ ਸਾਖਰਤਾ ਦਰ 71.6 ਫੀਸਦੀ ਹੈ, ਫਰੀਦਕੋਟ ਜ਼ਿਲ੍ਹੇ ਦੀ ਸਾਖਰਤਾ ਦਰ 70.6 ਫੀਸਦੀ ਹੈ, ਬਠਿੰਡਾ ਜ਼ਿਲ੍ਹੇ ਦੀ ਸਾਖਰਤਾ ਦਰ 69.9 ਫੀਸਦੀ ਹੈ, ਫਿਰੋਜ਼ਪੁਰ ਜ਼ਿਲ੍ਹੇ ਦੀ ਸਾਖਰਤਾ ਦਰ 69.8 ਫੀਸਦੀ ਹੈ, ਤਰਨਤਾਰਨ ਜ਼ਿਲ੍ਹੇ ਦੀ ਸਾਖਰਤਾ ਦਰ 69.4 ਫੀਸਦੀ ਹੈ, ਬਰਨਾਲਾ ਜ਼ਿਲ੍ਹੇ ਦੀ ਸਾਖਰਤਾ ਦਰ 68.9 ਫੀਸਦੀ ਹੈ, ਸੰਗਰੂਰ ਜ਼ਿਲ੍ਹੇ ਦੀ ਸਾਖਰਤਾ ਦਰ 68.9 ਫੀਸਦੀ ਹੈ, ਪੰਜਾਬ ਦੇ ਮੋਜੂਦਾ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੇ ਅਪਣੇ ਜਿਲ੍ਹੇ ਮੁਕਤਸਰ ਸਾਹਿਬ ਦੀ ਸਾਖਰਤਾ ਦਰ ਸਿਰਫ 66.8 ਫੀਸਦੀ ਹੈ, ਮਾਨਸਾ ਜ਼ਿਲ੍ਹੇ ਦੀ ਸਾਖਰਤਾ ਦਰ 62.8 ਫੀਸਦੀ ਹੈ। ਪੰਜਾਬ ਦੇ ਗੁਆਂਢੀ ਸੂਬਿਆਂ ਚੰਡੀਗੜ੍ਹ ਵਿੱਚ ਸਾਖਰਤਾ ਦਰ 86.43 ਫੀਸਦੀ ਹੈ, ਹਰਿਆਣਾ ਵਿੱਚ ਸਾਖਰਤਾ ਦਰ 76.64 ਫੀਸਦੀ ਹੈ ਹਿਮਾਚਲ ਪ੍ਰਦੇਸ਼ ਵਿੱਚ ਸਾਖਰਤਾ ਦਰ 83.78 ਫੀਸਦੀ ਹੈ, ਜੰਮੂ ਅਤੇ ਕਸ਼ਮੀਰ ਵਿੱਚ ਸਾਖਰਤਾ ਦਰ 68.74 ਫੀਸਦੀ ਹੈ। ਸਰਕਾਰ ਦੀਆਂ ਢਿੱਲੀਆਂ ਨੀਤੀਆਂ ਕਾਰਨ ਵੀ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਨਹੀਂ ਹੋ ਰਹੀ ਹੈ। ਸਿੱਖਿਆ ਬਜ਼ਟ ਵਿੱਚ ਹੋ ਰਹੀ ਕਟੋਤੀ ਕਾਰਨ ਸਿੱਖਿਆ ਦਾ ਢਾਂਚਾ ਲੜਖੜਾ ਰਿਹਾ ਹੈ। ਅੱਜ ਵੀ ਕਈ ਸਰਕਾਰੀ ਸਕੂਲਾਂ ਵਿੱਚ ਬੈਠਣ ਲਈ ਫਰਨੀਚਰ ਨਹੀਂ ਹੈ। ਕਈ ਸਕੂਲ ਅੱਜ ਵੀ ਅਧਿਆਪਕਾਂ ਤੋਂ ਸੱਖਣੇ ਹਨ। ਕਈ ਸਕੂਲਾਂ ਵਿੱਚ ਸਾਇੰਸ ਦੀਆਂ ਪ੍ਰਯੋਗਸ਼ਾਲਾਵਾਂ ਨਹੀਂ ਹਨ। ਕਈ ਸਕੂਲਾਂ ਦੀਆਂ ਇਮਾਰਤਾਂ ਦੀ ਹਾਲਤ ਖਸਤਾ ਹੋ ਚੁੱਕੀ ਹੈ ਪਰ ਫਿਰ ਵੀ ਉਨ੍ਹਾਂ ਦੀ ਜਗ੍ਹਾ ਤੇ ਨਵੀਆਂ ਸਕੂਲ ਦੀਆਂ ਇਮਾਰਤਾਂ ਨਹੀਂ ਬਣਾਈਆਂ ਜਾ ਰਹੀਆਂ ਹਨ। ਬੇਸ਼ੱਕ ਸਰਕਾਰ ਵਲੋਂ ਦੇਸ ਵਿੱਚ ਅਨਪੜਤਾ ਨੂੰ ਖਤਮ ਕਰਨ ਲਈ ਸਰਵ ਸਿਖਿਆ ਅਭਿਆਨ ਸ਼ੁਰੂ ਕੀਤਾ ਗਿਆ ਹੈ ਅਤੇ 6 ਤੋਂ 14 ਸਾਲ ਤੱਕ ਦੇ ਹਰ ਬੱਚੇ ਨੂੰ ਮੁਫਤ ਅਤੇ ਜਰੂਰੀ ਸਿਖਿਆ ਪ੍ਰਦਾਨ ਕਰਨ ਲਈ ਸਿਖਿਆ ਦਾ ਅਧਿਕਾਰ ਲਾਗੂ ਕੀਤਾ ਗਿਆ ਹੈ ਪਰ ਇਸਦਾ ਅਸਰ ਕਿੰਨਾ ਹੁੰਦਾ ਹੈ ਇਹ ਤਾਂ ਸਮਾਂ ਬੀਤਣ ਤੇ ਹੀ ਚਲੇਗਾ ਪਰ ਅਜੇ ਤੱਕ ਤਾਂ ਮੁਕੰਮਲ ਸਾਖਰਤਾ ਇੱਕ ਸੁਪਨਾ ਹੀ ਬਣਿਆ ਹੋਇਆ ਹੈ।




ਅੱਜ ਜਰੂਰਤ ਹੈ ਕਿ ਮਿਆਰੀ ਸਿੱਖਿਆ ਦੇਣ ਲਈ ਢੁਕਵੇਂ ਕਦਮ ਚੁੱਕੇ ਜਾਣ ਜਿਸ ਲਈ ਵਿਸ਼ੇਸ਼ ਯੋਜਨਾਵਾਂ ਬਣਾਈਆਂ ਤੇ ਲਾਗੂ ਕੀਤੀਆਂ ਜਾਣ। ਸਿੱਖਿਆ ਦੇ ਪਸਾਰ ਲਈ ਢੁਕਵਾਂ ਬਜ਼ਟ ਰੱਖਿਆ ਜਾਵੇ ਤੇ ਇਸ ਬਜ਼ਟ ਨੂੰ ਸਹੀ ਤਰੀਕੇ ਨਾਲ ਹੀ ਖਰਚਿਆ ਜਾਵੇ ਤਾਂ ਜੋ ਸਾਡੇ ਦੇਸ਼ ਦੀ ਸਾਖਰਤਾ ਦਰ ਵਿਕਸਿਤ ਦੇਸ਼ਾਂ ਦੇ ਨੇੜੇ ਪਹੁੰਚ ਸਕੇ ਅਤੇ ਅਸੀਂ ਸੱਚਮੁੱਚ ਵਿਕਸਿਤ ਦੇਸ਼ਾਂ ਦੀ ਲੜੀ ਵਿੱਚ ਸ਼ਾਮਿਲ ਹੋ ਸਕੀਏ।

---

# ਅਧਿਆਪਕ ਦਿਵਸ

ਅਮਨਪ੍ਰੀਤ ਸਿੰਘ
91-94655-54088



ਡਾਕਟਰ ਸਰਵਪਲੀ ਰਾਧਾਕ੍ਰਿਸ਼ਨਨ ਜੀ ਦਾ ਜਨਮ 5 ਸਤੰਬਰ 1988 ਨੂੰ ਮਦਰਾਸ ਵਿਖੇ ਹੋਇਆ ਸੀ। ਉਹ ਭਾਰਤ ਦੇ ਪਹਿਲੇ ਉਪ ਰਾਸ਼ਟਰਪਤੀ ਅਤੇ ਦੂਜੇ ਰਾਸ਼ਟਰਪਤੀ ਬਣੇ। ਉਹਨਾਂ ਨੇ ਮਦਰਾਸ ਵਿਖੇ ਅਸਿਸਟੈਂਟ ਲੈਕਚਰਾਰ ਦੀ ਭੂਮਿਕਾ ਵੀ ਨਿਭਾਈ ਸੀ। ਉਹ ਇੱਕ ਚੰਗੇ ਦਾਰਸ਼ਨਿਕ ਅਤੇ ਮਹਾਨ ਵਿਦਵਾਨ ਸਨ। ਅੱਜ ਅਧਿਆਪਕ ਦਿਵਸ ਹੈ, ਸੋ ਅੱਜ ਗਲ ਕਰਾਂਗੇ ਅਧਿਆਪਕ ਦਿਵਸ ਦੀ, ਸੋ ਪਹਿਲਾਂ ਇਹ ਜਾਣ ਲੈਂਦੇ ਹਾਂ ਕਿ ਅਧਿਆਪਕ ਦਿਵਸ ਕਿਉਂ ਮਨਾਇਆ ਜਾਂਦਾ ਹੈ। ਇੱਕ ਵਾਰ ਡਾਕਟਰ ਰਾਧਾ ਕ੍ਰਿਸ਼ਨਨ ਦੇ ਜਨਮ ਦਿਨ ਨੂੰ ਮਨਾਉਣ ਲਈ, ਉਹਨਾਂ ਦੇ ਮਿੱਤਰ ਅਤੇ ਉਹਨਾਂ ਦੇ ਵਿਦਿਆਰਥੀ ਇਕੱਠੇ ਹੋਏ। ਉਹ ਸਾਰੇ ਇਕੱਠੇ ਹੋ ਕੇ ਡਾਕਟਰ ਰਾਧਾ ਕ੍ਰਿਸ਼ਨਨ ਜੀ ਕੋਲ ਉਹਨਾਂ ਦੇ ਜਨਮ ਦਿਨ ਮਨਾਉਣ ਸੰਬੰਧੀ ਅਨੁਮਤੀ ਲੈਣ ਲਈ ਉਹਨਾਂ ਕੋਲ ਗਏ। ਡਾਕਟਰ ਰਾਧਾ ਕ੍ਰਿਸ਼ਨਨ ਜੀ ਨੇ ਉਹਨਾਂ ਨੂੰ ਕਿਹਾ ਕਿ ਉਹ ਸਭ ਇਕੱਠੇ ਹੋ ਕੇ ਉਹਨਾਂ ਦਾ ਜਨਮ ਦਿਨ ਅਲੱਗ ਜਿਹੇ ਮਨਾਉਣ ਦੀ ਬਜਾਏ, ਉਹ ਉਸੇ ਹੀ ਦਿਨ ਸਾਰੇ ਅਧਿਆਪਕਾਂ ਦਾ ਕੋਈ ਸਾਂਝਾ ਦਿਨ, ਯਾਨੀ ਕਿ ਅਧਿਆਪਕਾਂ ਦਾ ਦਿਨ ਹੀ ਇਕੱਠਾ ਮਨਾ ਲੈਣ, ਇਸ ਨਾਲ ਸਾਰੇ ਹੀ ਅਧਿਆਪਕਾਂ ਦੀ ਸ਼ਮੂਲੀਅਤ ਹੋ ਜਾਵੇਗੀ ਅਤੇ ਇਸ ਤਰ੍ਹਾਂ ਕਰਨ ਨਾਲ ਮੈਂ ਜ਼ਿਆਦਾ ਵਧੀਆ ਮਹਿਸੂਸ ਕਰਾਂਗਾ। ਸਾਰੇ ਡਾਕਟਰ ਰਾਧਾਕ੍ਰਿਸ਼ਨਨ ਜੀ ਨਾਲ ਸਹਿਮਤ ਹੋ ਗਏ, ਅਤੇ ਉਸ ਦਿਨ ਤੋਂ ਹੀ ਅਧਿਆਪਕ ਦਿਵਸ ਦੀ ਸ਼ੁਰੂਆਤ ਹੋ ਗਈ। ਫਿਰ ਉਸ ਤੋਂ ਬਾਅਦ ਅੱਜ ਤੱਕ 5 ਸਤੰਬਰ ਨੂੰ ਹਮੇਸ਼ਾਂ ਹੀ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਬੱਚੇ ਆਪਣੇ ਅਧਿਆਪਕਾਂ ਲਈ ਛੋਟੇ ਮੋਟੇ ਪਿਆਰੇ ਪਿਆਰੇ ਤੋਹਫ਼ੇ ਖਰੀਦਦੇ ਹਨ, ਆਪਣੀ ਜਮਾਤ ਦੀ ਸਜਾਵਟ ਕਰਦੇ ਹਨ, ਅਤੇ ਆਪਣੇ ਅਧਿਆਪਕਾਂ ਦੇ ਮਨੋਰੰਜਨ ਲਈ ਕੋਈ ਪ੍ਰੋਗਰਾਮ ਵੀ ਤਿਆਰ ਕਰਦੇ ਹਨ। ਅਧਿਆਪਕ ਦਿਵਸ ਰਾਹੀ ਸਮਾਜ ਵਿੱਚ ਸੰਦੇਸ਼ ਜਾਂਦਾ ਹੈ ਕਿ ਅਧਿਆਪਕਾਂ ਦੀ ਸਮਾਜ ਵਿੱਚ ਬਹੁਤ ਮਹੱਤਤਾ ਹੈ ਅਤੇ ਵਿਦਿਆਰਥੀਆਂ ਨੂੰ ਆਪਣੇ ਅਧਿਆਪਕਾਂ ਦੀ ਕਦਰ ਕਰਨੀ ਚਾਹੀਦੀ ਹੈ। ਆਉਣ ਵਾਲੇ ਭਾਰਤ ਦਾ ਭਵਿੱਖ ਅਧਿਆਪਕਾਂ 'ਤੇ ਹੀ ਨਿਰਭਰ ਕਰਦਾ ਹੈ। ਅਧਿਆਪਕ ਹੀ ਆਉਣ ਵਾਲੇ ਸਮਾਜ ਦੇ ਚੰਗੇ ਭਵਿੱਖ ਦੇ ਬੀਜ ਬੀਜਦੇ ਹਨ। ਅਧਿਆਪਕ ਨੂੰ ਪੁਰਾਣੇ ਸਮੇਂ ਵਿੱਚ ਗੁਰੂ ਕਿਹਾ ਜਾਂਦਾ ਸੀ, ਕਿਉਂਕਿ ਉਸ ਸਮੇਂ ਅਧਿਆਪਕ ਨੂੰ ਇੱਕ ਰੱਬ ਵਰਗਾ ਦਰਜਾ ਹੀ ਦਿੱਤਾ ਜਾਂਦਾ ਸੀ। ਅਧਿਆਪਕਾਂ ਦੀ ਉਸ ਸਮੇਂ ਬਹੁਤ ਕਦਰ ਹੁੰਦੀ ਸੀ, ਪਰ ਅੱਜ ਕੱਲ੍ਹ ਸਮਾਂ ਕੁੱਝ ਬਦਲਦਾ ਜਾ ਰਿਹਾ ਹੈ। ਅੱਜ ਅਧਿਆਪਕ ਦੀ ਉਨ੍ਹੀ ਕਦਰ ਨਹੀਂ ਰਹੀ, ਜਿੰਨੀ ਪਹਿਲਾਂ ਕਦੇ ਹੁੰਦੀ ਸੀ। ਅੱਜ ਬੱਚੇ ਅਧਿਆਪਕਾਂ ਦੇ ਅੱਗੋਂ ਬੋਲਣ ਲੱਗਿਆਂ ਮਿੰਟ ਨਹੀਂ ਲਾਉਂਦੇ। ਇਸ ਦੇ ਪਿੱਛੇ ਬਹੁਤ ਸਾਰੇ ਕਾਰਨ ਹਨ। ਕੁੱਝ ਗਲਤੀਆਂ ਤਾਂ ਅਧਿਆਪਕਾਂ ਨੇ ਵੀ ਕੀਤੀਆਂ ਹਨ ਅਤੇ ਬਹੁਤ ਸਾਰਾ ਦੋਸ਼ ਸਿੱਖਿਆ ਪ੍ਰਤੀ ਸਰਕਾਰੀ ਨੀਤੀਆਂ ਦਾ ਵੀ ਹੈ। ਪਰ ਜੋ ਵੀ ਕੁੱਝ ਹੋ ਰਿਹਾ ਹੈ, ਕਿਸੇ ਵੀ ਸਮੇਂ ਵਿੱਚ ਅਧਿਆਪਕ ਦੀ ਸਮਾਜ ਵਿੱਚ ਮਹੱਤਤਾ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਕਿਉਂਕਿ ਕਿਸੇ ਵੀ ਸੱਭਿਅਤਾ ਦੀ ਤਰੱਕੀ, ਕਿਸੇ ਵੀ ਦੇਸ਼ ਦੀ ਤਰੱਕੀ ਕੁੱਝ ਨਾ ਕੁੱਝ ਸਿੱਖਣ ਨਾਲ ਹੀ ਹੁੰਦੀ ਹੈ। ਅਤੇ ਜੇ ਕੋਈ ਕੁੱਝ ਸਿੱਖਣਾ ਚਾਹੁੰਦਾ ਹੈ, ਤਾਂ ਉਸ ਨੂੰ ਕਿਸੇ ਸਿਖਾਉਣ ਵਾਲੇ ਦੀ ਵੀ ਜ਼ਰੂਰਤ ਹੋਵੇਗੀ। ਅਤੇ ਹੁਣ ਸਿਖਾਉਣ ਵਾਲਾ ਹੋਰ ਕੋਈ ਨਹੀਂ, ਇੱਕ ਅਧਿਆਪਕ ਤਾਂ ਹੀ ਹੁੰਦਾ ਹੈ। ਸੋ ਕਹਿਣ ਤੋਂ ਭਾਵ ਇਹ ਹੈ ਕਿ ਕਿਸੇ ਵੀ ਦੇਸ਼ ਵਿੱਚ ਕੋਈ ਵੀ ਤਰੱਕੀ, ਕਿਸੇ ਵੀ ਪੱਖ ਤੋਂ ਤਰੱਕੀ ਅਧਿਆਪਕਾਂ ਤੋਂ ਬਿਨ੍ਹਾਂ ਅਸੰਭਵ ਹੈ। ਕਿਸੇ ਵੀ ਦੇਸ਼ ਵਿੱਚ ਕਿਸੇ ਵੀ ਪਦਵੀ 'ਤੇ ਬੈਠੇ ਜੋ ਵੀ ਅਫਸਰ ਬੈਠੇ ਹਨ, ਉਹ ਕਿਸੇ ਨਾ ਕਿਸੇ ਸਕੂ.ਲ ਤੋਂ ਤਾਂ ਜ਼ਰੂਰ ਹੀ ਪੜ੍ਹ ਕੇ ਆਏ ਹੋਣਗੇ। ਅਤੇ ਉਹ ਜਿਹੜੇ ਵੀ ਸਕੂਲ ਵਿੱਚ ਪੜ੍ਹੇ ਹੋਣਗੇ, ਉਸ ਸਕੂਲ ਵਿੱਚ ਅਧਿਆਪਕ ਤਾਂ ਹੁੰਦੇ ਹੀ ਹੋਣਗੇ। ਸੋ ਅਧਿਆਪਕਾਂ ਦੀ ਬਹੁਤ ਹੀ ਜ਼ਿਆਦਾ ਮਹੱਤਤਾ ਹੈ ਸਮਾਜ ਵਿੱਚ। ਦੇਸ਼ ਦੀ ਹਰ ਪਦਵੀ 'ਤੇ ਬੈਠਣ ਵਾਲੇ ਇਨਸਾਨ ਦਾ ਨਿਰਮਾਣ ਹਰ ਕਿਤੇ ਅਧਿਆਪਕ ਹੀ ਕਰਦੇ ਹਨ। ਅੱਜ ਦੇ ਬੱਚੇ ਅਧਿਆਪਕਾਂ ਦੀ ਕੁੱਝ ਜ਼ਿਆਦਾ ਕਦਰ ਨਹੀਂ ਕਰਦੇ। ਜਦ ਵੀ ਕੋਈ ਅਧਿਆਪਕ ਜਮਾਤ ਵਿੱਚ ਨੈਤਿਕਤਾ ਦੀਆਂ ਗੱਲਾਂ ਕਰਨ ਦੀ ਕੋਸ਼ਸ਼ ਕਰਦਾ ਹੈ ਤਾਂ ਬੱਚੇ ਮਨ ਹੀ ਮਨ ਉਸ ਉੱਤੇ ਹੱਸਦੇ ਹਨ, ਅਤੇ ਉਸ ਦੀਆਂ ਗੱਲਾਂ ਨੂੰ ਸਮੇਂ ਦੀ ਬਰਬਾਦੀ ਸਮਝਦੇ ਹਨ। ਪਰ ਬੱਚੇ ਹਰ ਵਾਰ ਇੱਥੇ ਹੀ ਬਹੁਤ ਵੱਡੀ ਗਲਤੀ ਕਰਦੇ ਹਨ, ਕਿਉਂਕਿ ਉਹ ਇਨ੍ਹਾਂ ਗੱਲਾਂ ਕਾਰਨ ਹੀ ਗਿਆਨ ਦੇ ਸਰੋਤ ਤੋਂ ਟੁੱਟ ਜਾਂਦੇ ਹਨ। ਇੱਕ ਛੋਟਾ ਜਿਹਾ ਮੈਂ ਤੁਹਾਨੂੰ ਤਰਕ ਦਿੰਦਾ ਹਾਂ। ਮਨ ਲਵੋ ਇੱਕ ਲੇਖਕ ਨੇ ਇੱਕ ਕਿਤਾਬ ਲਿਖੀ, ਉਸਨੇ ਉਸ ਕਿਤਾਬ ਨੂੰ ਲਿਖਣ ਲਈ ਆਪਣੀ ਸਾਰੀ ਜ਼ਿੰਦਗੀ ਲਗਾ ਦਿੱਤੀ। ਉਸਨੇ ਆਪਣੀ ਪੂਰੀ ਜ਼ਿੰਦਗੀ ਦਾ ਤਜਰਬਾ ਇੱਕ ਕਿਤਾਬ ਵਿੱਚ ਲਿਖ ਦਿੱਤਾ। ਫਿਰ ਇੱਕ ਹੋਰ ਲੇਖਕ ਆ ਗਿਆ, ਉਸਨੇ ਵੀ ਇੰਝ ਹੀ ਕੀਤਾ, ਆਪਣੀ ਜ਼ਿੰਦਗੀ ਦੀਆਂ ਸਾਰੀਆਂ ਸਮੱਸਿਆਵਾਂ ਅਤੇ ਉਸਦੇ ਸਾਰੇ ਹੱਲ ਲਿਖ ਦਿੱਤੇ। ਇੰਝ ਕਰਦੇ ਕਰਦੇ ਕੋਈ ਸੋ ਲੇਖਕਾਂ ਨੇ ਮਨ ਲਵੋ ਸੋ ਕਿਤਾਬਾਂ ਲਿਖੀਆਂ। ਫਿਰ ਇੱਕ ਹੋਰ ਇਨਸਾਨ ਆਇਆ, ਉਸਨੇ ਕੀ ਕੀਤਾ, ਉਸਨੇ ਉਹ ਸੋ ਕਿਤਾਬਾਂ ਪੜ੍ਹੀਆਂ, ਅਤੇ ਕਿਤਾਬਾਂ ਪੜ੍ਹ ਕੇ ਇਨ੍ਹਾਂ ਹੁਸ਼ਿਆਰ ਬਣ ਗਿਆ ਕਿ ਉਹ ਅਧਿਆਪਕ ਬਣ ਗਿਆ। ਹੁਣ ਅਜਿਹਾ ਅਧਿਆਪਕ ਕੇਵਲ ਇੱਕ ਆਮ ਇਨਸਾਨ ਨਹੀਂ ਹੈ, ਉਹ ਸੋ ਵਾਰ ਜੀਵਨ ਜੀਅ ਚੁੱਕਾ ਹੈ, ਉਸ ਕੋਲ ਹੁਣ ਸੋ ਜ਼ਿੰਦਗੀਆਂ ਦਾ ਤਜਰਬਾ ਹੈ। ਅਜਿਹੇ ਇਨਸਾਨ ਕੋਲੋਂ ਆਪਾਂ ਬਹੁਤ ਕੁੱਝ ਸਿੱਖ ਸਕਦੇ ਹਾਂ। ਸੋ ਕਿਤਾਬਾਂ ਤਾਂ ਮੈਂ ਬਹੁਤ ਘੱਟ ਕਹੀਆਂ ਹਨ, ਅੱਜ ਕੱਲ੍ਹ ਤਾਂ ਇੱਕ ਅਧਿਆਪਕ ਘੱਟੋ ਘੱਟ 500 ਕਿਤਾਬਾਂ ਪੜ੍ਹ ਕੇ ਹੀ ਅਧਿਆਪਕ ਬਣਦਾ ਹੈ। ਜੇ ਬੱਚੇ ਚਾਹੁਣ ਤਾਂ ਅਧਿਆਪਕ ਕੋਲੋਂ ਬਹੁਤ ਕੁੱਝ ਸਿੱਖ ਸਕਦੇ ਹਨ। ਬੱਚੇ ਛੱਡ ਕੇ ਕੋਈ ਵੀ ਇਨਸਾਨ ਅਜਿਹੇ ਅਧਿਆਪਕਾਂ ਤੋਂ ਬਹੁਤ ਕੁੱਝ ਸਿੱਖ ਸਕਦੇ ਹਨ।

# ਆਖਿਰ ਕੀ ਕਾਰਨ ਹੈ ਕਿ ਮੁਲਕ ਨੇ ਪਹਿਲੀ ਔਰਤ ਅਧਿਆਪਕਾ ਨੂੰ ਭੁਲਾ ਦਿੱਤਾ?

## ਕਿਉਂ ਅਧਿਆਪਕ ਦਿਵਸ 'ਤੇ ਮਾਂ ਸਵਿੱਤਰੀਬਾਈ ਫੂਲੇ ਦਾ ਜ਼ਿਕਰ ਨਹੀਂ ਹੁੰਦਾ?

ਮੇਰੇ ਮੁਤਾਬਕ ਅਧਿਆਪਕ ਉਹ ਹੁੰਦਾ ਹੈ ਜੋ ਤੁਹਾਨੂੰ ਜੀਵਨ ਜਿਉਣ ਦੀ ਸਿੱਖਿਆ ਦਿੰਦਾ ਹੈ। ਕਿਸੇ ਬੱਚੇ ਦੇ ਲਈ ਸਭ ਤੋਂ ਪਹਿਲੀ ਅਧਿਆਪਕ ਉਸਦੀ ਮਾਂ ਹੁੰਦੀ ਹੈ, ਉਹੀ ਉਸਨੂੰ ਅਧਿਆਪਕ ਦੀ ਸਿੱਖਿਆ ਦਿੰਦੀ ਹੈ। ਦੋਸਤੋ ਇਕ ਸਮਾਜ ਦੋ ਲੋਕਾਂ ਨੂੰ ਮਿਲ ਕੇ ਬਣਦਾ ਹੈ, ਔਰਤ ਅਤੇ ਪੁਰਸ਼। ਇਕ ਚੰਗੇ ਸਮਾਜ ਦਾ ਨਿਰਮਾਣ ਉਦੋਂ ਹੁੰਦਾ ਹੈ ਜਦੋਂ ਔਰਤ ਅਤੇ ਪੁਰਸ਼ ਨੂੰ ਬਰਾਬਰ ਅਧਿਕਾਰ ਮਿਲਣ। ਸਾਡੇ ਮੁਲਕ ਵਿਚ ਔਰਤ ਸਮਾਜ ਸਦੀਆਂ ਤੋਂ ਸਿੱਖਿਆ ਤੋਂ ਵਾਂਝਾ ਰਿਹਾ ਹੈ, ਜਦੋਂ ਧਾਰਮਿਕ ਅੰਧਵਿਸ਼ਵਾਸ, ਰੂੜੀਵਾਦ, ਛੂਤ-ਛਾਤ, ਦਲਿਤਾਂ ਅਤੇ ਖਾਸ ਕਰਕੇ ਸਾਰੇ ਵਰਗਾਂ ਦੀਆਂ ਔਰਤਾਂ 'ਤੇ ਮਾਨਸਿਕ ਅਤੇ ਸਰੀਰਕ ਅੱਤਿਆਚਾਰ ਆਪਣੇ ਸਿਖਰ 'ਤੇ ਸਨ। ਬਾਲ-ਵਿਆਹ, ਸਤੀ ਪ੍ਰਥਾ, ਲੜਕੀਆਂ ਨੂੰ ਜੰਮਦੇ ਹੀ ਮਾਰ ਦੇਣਾ, ਵਿਧਵਾ ਔਰਤ ਦੇ ਨਾਲ ਮਾੜੇ ਵਤੀਰੇ, ਅਣਮੇਲ ਵਿਆਹ, ਬਹੁਪਤਨੀ ਵਿਆਹ ਆਦਿ ਪ੍ਰਥਾਵਾਂ ਸਮਾਜ ਵਿਚ ਫੈਲੀਆਂ ਸਨ। ਸਮਾਜ ਵਿਚ ਬ੍ਰਾਹਮਣਵਾਦ ਅਤੇ ਜਾਤੀਵਾਦ ਦਾ ਬੋਲਬਾਲਾ ਸੀ। ਅਜਿਹੇ ਸਮੇਂ ਵਿਚ ਮਾਂ ਸਵਿੱਤਰੀ ਬਾਈ ਫੂਲੇ ਅਤੇ ਜਯੋਤਿਬਾ ਫੂਲੇ ਦਾ ਇਸ ਅੱਨਿਆ ਨਾਲ ਭਰੇ ਸਮਾਜ ਅਤੇ ਉਸਦੇ ਅੱਤਿਆਚਾਰਾਂ ਦੇ ਖਿਲਾਫ ਖੜ੍ਹੇ ਹੋ ਜਾਣਾ ਇਕ ਕ੍ਰਾਂਤੀ ਦਾ ਜਨਮ ਸੀ।

ਮਾਂ ਸਵਿੱਤਰੀਬਾਈ ਫੂਲੇ ਨੇ ਆਪਣੇ ਨਿਰਸਵਾਰਥ ਪ੍ਰੇਮ, ਸਮਾਜਿਕ ਵਚਨਬੱਧਤਾ, ਸਰਲਤਾ ਅਤੇ ਆਪਣੇ ਅਣਥੱਕ ਯਤਨਾਂ ਨਾਲ ਔਰਤਾਂ ਅਤੇ ਸ਼ੋਸ਼ਿਤ ਸਮਾਜ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਦਿਵਾਇਆ। ਮਾਂ ਸਵਿੱਤਰੀਬਾਈ ਫੂਲੇ ਨੇ ਧਾਰਮਿਕ ਅੰਧ ਵਿਸ਼ਵਾਸ ਅਤ ਰੂੜੀਵਾਦ ਤੋੜ ਕੇ ਨਿਡਰਤਾ ਅਤੇ ਬਹਾਦਰੀ ਨਾਲ ਘਰ-ਘਰ, ਗਲੀ-ਗਲੀ ਘੁੰਮ ਕੇ ਸੰਪੂਰਨ ਇਸਤਰੀ ਅਤੇ ਦਲਿਤ ਸਮਾਜ ਦੇ ਲਈ ਸਿੱਖਿਆ ਦੀ ਕ੍ਰਾਂਤੀ ਜਯੋਤੀ ਜਗਾਈ, ਧਰਮ-ਪੰਡਤਾਂ ਨੇ ਉਹਨਾਂ ਨੂੰ ਅਸ਼ਲੀਲ ਗਾਲੀਆਂ ਦਿੱਤੀਆਂ, ਧਰਮ ਡੁਬੋਣ ਵਾਲੀ ਕਿਹਾ ਅਤੇ ਕਈ ਦੋਸ਼ ਲਗਾਏ, ਇੱਥੋਂ ਤੱਕ ਕਿ ਉਹਨਾਂ ਤੇ ਪੱਥਰ ਅਤੇ ਗੋਬਰ ਤੱਕ ਸੁੱਟਿਆ ਗਿਆ। ਮਾਂ ਸਵਿੱਤਰੀਬਾਈ ਦੁਆਰਾ ਲੜਕੀਆਂ ਦੇ ਲਈ ਚਲਾਏ ਗਏ ਸਕੂਲ ਬੰਦ ਕਰਵਾਉਣ ਦੇ ਅਨੇਕਾਂ ਯਤਨ ਕੀਤੇ ਜਾਂਦੇ ਸਨ। ਮਾਂ ਸਵਿੱਤਰੀਬਾਈ ਡਰ ਕੇ ਘਰ ਬੈਠ ਜਾਵੇ, ਇਸ ਲਈ ਉਹਨਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਗਿਆ। ਇਕ ਵਾਰ ਤਾਂ ਉਹਨਾਂ ਤੇ ਕਿਸੇ ਵਿਅਕਤੀ ਨੇ ਸਰੀਰਕ ਹਮਲਾ ਵੀ ਕੀਤਾ ਤਾਂ ਮਾਂ ਸਵਿੱਤਰੀਬਾਈ ਫੂਲੇ ਨੇ ਬੜੀ ਬਹਾਦਰੀ ਦਿਖਾਈ ਅਤੇ ਉਸ ਵਿਅਕਤੀ ਦਾ ਮੁਕਾਬਲਾ ਕਰਦੇ ਹੋਏ ਦੋ-ਤਿੰਨ ਥੱਪੜ ਕੱਸ ਕੇ ਜੜ ਦਿੱਤੇ। ਥੱਪੜ ਖਾ ਕੇ ਉਹ ਇੰਨਾ ਸ਼ਰਮਸਾਰ ਹੋ ਗਿਆ ਕਿ ਫਿਰ ਕਦੀ ਉਸਨੇ ਸਕੂਲ ਰੋਕਣ ਦੀ ਕੋਸ਼ਿਬ ਨਹੀਂ ਕੀਤੀ। ਮਾਂ ਸਵਿੱਤਰੀਬਾਈ ਨੇ ਆਪਣੇ ਯਤਨਾਂ ਨਾਲ ਸਿੱਖਿਆ 'ਤੇ ਸਾਜਿਸ਼ਕਾਰੀ ਤਰੀਕੇ ਨਾਲ ਏਕਾਧਿਕਾਰ ਜਮਾਈ ਬੈਠੀਆਂ ਅਖੌਤੀ ਉਚ ਜਾਤੀਆਂ ਦੀ ਜ਼ਮੀਨ ਹਿਲਾ ਦਿੱਤੀ। ਮਾਂ ਸਵਿੱਤਰੀਬਾਈ ਨੂੰ ਦੇਸ਼ ਦੀ ਪਹਿਲੀ ਭਾਰਤੀ ਇਸਤਰੀ ਅਧਿਆਪਿਕਾ ਬਣਨ ਦਾ ਇਤਿਹਾਸਕ ਮਾਣ ਹਾਸਲ ਹੈ। ਉਹਨਾਂ ਨੇ ਨਾ ਕੇਵਲ ਸਿੱਖਿਆ ਦੇ ਖੇਤਰ ਵਿਚ ਲਾਮਿਸਾਲ ਕੰਮ ਕੀਤਾ, ਬਲਕਿ ਭਾਰਤੀ ਔਰਤ ਦੀ ਹਾਲਤ ਸੁਧਾਰਨ ਦੇ ਲਈ ਉਹਨਾਂ ਨੇ 1852 ਵਿਚ ਮਹਿਲਾ ਮੰਡਲ ਦਾ ਗਠਨ ਕਰਕੇ ਭਾਰਤੀ ਔਰਤ ਅੰਦੋਲਨ ਦੀ ਪਹਿਲੀ ਅਗਵਾਈ ਕੀਤੀ। ਇਸ ਮਹਿਲਾ ਮੰਡਲ ਨੇ ਬਾਲ ਵਿਆਹ, ਵਿਧਵਾ ਹੋਣ ਦੇ ਕਾਰਨ ਔਰਤਾਂ ਤੇ ਕੀਤੇ ਜਾਂਦੇ ਜ਼ੁਲਮਾਂ ਦੇ ਖਿਲਾਫ ਔਰਤਾਂ ਨੂੰ ਅਤੇ ਹੋਰ ਸਮਾਜ ਨੂੰ ਮੋਰਚਾਬੰਦ ਕਰਕੇ ਸਮਾਜਿਕ ਤਬਦੀਲੀ ਦੇ ਲਈ ਸੰਘਰਸ਼ ਕੀਤਾ। ਉਸ ਵਕਤ ਹਿੰਦੂ ਸਮਾਜ ਵਿਚ ਔਰਤ ਦੇ ਵਿਧਵਾ ਹੋਣ ਤੇ ਉਸਦਾ ਸਿਰ ਮੁੰਡ ਦਿੱਤਾ ਜਾਂਦਾ ਸੀ। ਮਾਂ ਸਵਿੱਤਰੀਬਾਈ ਫੂਲੇ ਨੇ ਨਾਈਆਂ ਨੂੰ ਵਿਧਵਾਵਾਂ ਦੇ ਵਾਲ ਨਾ ਕੱਟਣ ਦੀ ਬੇਨਤੀ ਕੀਤੀ। ਇਤਿਹਾਸ ਗਵਾਹ ਹੈ ਕਿ ਭਾਰਤ ਕੀ ਪੂਰੇ ਵਿਸ਼ਵ ਵਿਚ ਅਜਿਹਾ ਤਾਕਤਵਰ ਅੰਦੋਲਨ ਨਹੀਂ ਹੋਇਆ, ਜਿਸ ਵਿਚ ਔਰਤਾਂ ਤੇ ਹੋਣ ਵਾਲੇ ਸਰੀਰਕ ਅਤੇ ਮਾਨਸਿਕ ਅੱਤਿਆਚਾਰ ਦੇ ਖਿਲਾਫ ਔਰਤਾਂ ਦੇ ਨਾਲ ਪੁਰਸ਼ ਜਾਤੀ ਸਿੱਧੇ ਤੌਰ ਤੇ ਜੁੜੀ ਹੋਵੇ। ਇਤਿਹਾਸ ਗਵਾਹ ਹੈ ਕਿ ਸਾਡੇ ਸਮਾਜ ਵਿਚ ਔਰਤਾਂ ਦੀ ਕੀਮਤ ਇਕ ਜਾਨਵਰ ਤੋਂ ਵੀ ਘੱਟ ਸੀ। ਔਰਤ ਦੇ ਵਿਧਵਾ ਹੋਣ ਤੇ ਉਸਦੇ ਪਰਿਵਾਰ ਦੇ ਪੁਰਸ਼ ਜਿਵੇਂ ਦਿਓਰ, ਜੇਠ, ਸਹੁਰਾ ਅਤੇ ਹੋਰ ਸਬੰਧੀਆਂ ਦੁਆਰਾ ਉਸਦਾ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਸੀ। ਜਿਸ ਕਰਕੇ ਕਈ ਵਾਰ ਵਿਧਵਾ ਮਾਂ ਬਣ ਜਾਂਦੀ ਸੀ। ਬਦਨਾਮੀ ਤੋਂ ਬਚਣ ਲਈ ਵਿਧਵਾ ਜਾਂ ਤਾਂ ਆਤਮ ਹੱਤਿਆ ਕਰ ਲੈਂਦੀ ਸੀ ਜਾਂ ਫਿਰ ਆਪਣੇ ਨਜਾਇਜ਼ ਬੱਚੇ ਨੂੰ ਮਾਰ ਦਿੰਦੀ ਸੀ। ਆਪਣੇ ਨਜਾਇਜ਼ ਬੱਚੇ ਦੇ ਕਾਰਨ ਉਹ ਖੁਦ ਆਤਮ ਹੱਤਿਆ ਨਾ ਕਰੇ ਅਤੇ ਆਪਣੇ ਅਣਜੰਮੇ ਬੱਚੇ ਨੂੰ ਵੀ ਨਾ ਮਾਰੇ, ਇਸ ਉਦੇਸ਼ ਨਾਲ ਮਾਂ ਸਵਿੱਤਰੀਬਾਈ ਨੇ ਭਾਰਤ ਦਾ ਪਹਿਲਾ 'ਬਾਲ ਹੱਤਿਆ ਰੋਕੂ ਗ੍ਰਹਿ' ਅਤੇ ਬੇਸਹਾਰਾ ਔਰਤਾਂ ਦੇ ਲਈ ਅਨਾਥ ਆਸ਼ਰਮ ਖੋਲ੍ਹਿਆ। ਖੁਦ ਫੂਲੇ ਨੇ ਆਤਮ ਹੱਤਿਆ ਕਰਨ ਜਾਂਦੀ ਇਕ ਵਿਧਵਾ ਬ੍ਰਾਹਮਣ ਇਸਤਰੀ ਕਾਸ਼ੀਬਾਈ ਜੋ ਕਿ ਵਿਧਵਾ ਹੋਣ ਤੋਂ ਬਾਅਦ ਮਾਂ ਬਣਨ ਵਾਲੀ ਸੀ, ਨੂੰ ਆਤਮ ਹੱਤਿਆ ਕਰਨ ਤੋਂ ਰੋਕ ਕੇ ਉਸਦਾ ਜਣੇਪਾ ਆਪਣੇ ਘਰ ਕਰਵਾ ਕੇ ਉਸਦੇ ਬੱਚੇ ਯਸ਼ਵੰਤ ਨੂੰ ਆਪਣੇ ਗੋਦ ਲਏ ਪੁੱਤਰ ਵਜੋਂ ਰੱਖਿਆ। ਇਹ ਬੱਚਾ ਵੱਡਾ ਹੋ ਕੇ ਮਹਾਨ ਡਾਕਟਰ ਬਣਿਆ।


ਮਾਂ ਸਵਿੱਤਰੀਬਾਈ ਫੂਲੇ

ਉਸ ਅਨਾਥ ਆਸ਼ਰਮ ਦੀ ਸਾਰੀ ਵਿਵਸਥਾ ਮਾਂ ਸਵਿੱਤਰੀਬਾਈ ਫੂਲੇ ਸੰਭਾਲਦੀ ਸੀ, ਅਨਾਥ ਆਸ਼ਰਮ ਦੇ ਦਰਵਾਜ਼ੇ ਤੇ ਮਾਂ ਸਵਿੱਤਰੀਬਾਈ ਨੇ ਬੋਰਡ ਟੰਗਵਾ ਦਿੱਤਾ, ਜਿਸ ਤੇ ਲਿਖਿਆ ਸੀ, ਵਿਧਵਾ ਭੈਣਾਂ, ਇੱਥੇ ਆ ਕੇ ਗੁਪਤ ਰੀਤੀ ਨਾਲ ਅਤੇ ਸੁਰੱਖਿਅਤ ਤਰੀਕੇ ਨਾਲ ਆਪਣੇ ਬੱਚੇ ਨੂੰ ਜਨਮ ਦੇ ਸਕਦੀਆਂ ਹਨ, ਤੁਸੀਂ ਚਾਹੋ ਤਾਂ ਬੱਚਾ ਲਿਜਾ ਸਕਦੀ ਹੋ ਜਾਂ ਇੱਥੇ ਛੱਡ ਸਕਦੀ ਹੋ, ਤੁਹਾਡੇ ਬੱਚੇ ਨੂੰ ਇਥੇ ਇਕ ਮਾਂ ਵਾਂਗ ਰੱਖਿਆ ਜਾਵੇਗਾ ਅਤੇ ਉਸਦੀ ਰੱਖਿਆ ਕੀਤੀ ਜਾਵੇਗੀ।

ਮਾਂ ਸਵਿੱਤਰੀ ਬਾਈ ਫੂਲੇ ਇਕ ਮਸ਼ਾਲ ਹੈ, ਜਿਸਨੇ ਖੁਦ ਜਗ ਕੇ ਭਾਰਤੀ ਨਾਰੀ ਨੂੰ ਪਹਿਲੀ ਵਾਰ ਸਨਮਾਨ ਨਾਲ ਜੀਣਾ ਸਿਖਾਇਆ। ਮਾਂ ਸਵਿੱਤਰੀਬਾਈ ਦੇ ਯਤਨਾਂ ਨਾਲ ਸਦੀਆਂ ਤੋਂ ਭਾਰਤੀ ਔਰਤਾਂ ਜਿਹਨਾਂ ਪੁਰਾਣੀਆਂ ਕੁਰੀਤੀਆਂ ਨਾਲ ਜੂਝਦੀਆਂ ਸਨ, ਨੂੰ ਦੂਰ ਕੀਤਾ ਅਤੇ ਔਰਤਾਂ ਨੇ ਖੁੱਲ੍ਹੀ ਹਵਾ ਵਿਚ ਸਾਹ ਲਿਆ। ਔਰਤਾਂ ਨੂੰ ਸਿੱਖਿਆ ਦਾ ਅਧਿਕਾਰ ਮਿਲਿਆ।

**– ਵਿਮਲ ਵਰੁਣ**

# ਚੜ੍ਹਦੇ ਸਾਲ ਦੇ ਪਹਿਲੇ ਜਨਵਰੀ ਮਹੀਨੇ ਹੀ ਹੋਣਗੀਆਂ ਪੰਜਾਬ ਵਿਚ ਚੋਣਾਂ

(ਸਫਾ 1 ਦੀ ਬਾਕੀ)

ਚੰਡੀਗੜ੍ਹ- ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਆਮ ਆਦਮੀ ਪਾਰਟੀ (ਆਪ) ਦੀ ਪਿੱਠ 'ਤੇ ਆ ਗਏ ਹਨ। ਉਨ੍ਹਾਂ ਨੇ ਇਥੇ ਆਪਣੇ ਲੋਕ ਹਿੱਤ ਅਭਿਆਨ ਦਾ 'ਆਪ' ਨਾਲ ਪੰਜਾਬ ਦੇ ਮੁੱਦਿਆਂ ਦੇ ਆਧਾਰ 'ਤੇ ਗੱਠਜੋੜ ਕਰਨ ਦਾ ਐਲਾਨ ਕੀਤਾ। 'ਆਪ' ਦੇ ਪੰਜਾਬ ਇੰਚਾਰਜ ਸੰਜੇ ਸਿੰਘ, ਕੋ-ਇੰਚਾਰਜ ਤੇ ਦਿੱਲੀ ਤੋਂ ਵਿਧਾਇਕ ਜਰਨੈਲ ਸਿੰਘ, ਪੰਜਾਬ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ, ਸੰਸਦ ਮੈਂਬਰ ਤੇ ਪ੍ਰਚਾਰ ਕਮੇਟੀ ਦੇ ਮੁਖੀ ਭਗਵੰਤ ਮਾਨ, ਕਾਨੂੰਨੀ ਸੈੱਲ ਦੇ ਮੁਖੀ ਹਿੰਮਤ ਸਿੰਘ ਸ਼ੇਰਗਿੱਲ, ਬੁਲਾਰੇ ਸੁਖਪਾਲ ਖਹਿਰਾ ਅਤੇ ਮੈਨੀਫੈਸਟੋ ਕਮੇਟੀ ਦੇ ਮੁਖੀ ਕੰਵਰ ਸੰਧੂ ਨੇ ਸ੍ਰੀ ਬਰਾੜ ਦੇ ਲੋਕ ਹਿੱਤ ਅਭਿਆਨ ਨਾਲ ਪੰਜਾਬ ਦੇ ਮੁੱਦਿਆਂ ਦੇ ਆਧਾਰ 'ਤੇ ਗੱਠਜੋੜ ਕਰਨ ਦਾ ਐਲਾਨ ਕੀਤਾ। ਦੱਸਣਯੋਗ ਹੈ ਕਿ ਸ੍ਰੀ ਬਰਾੜ ਮੁੱਢਲੇ ਦੌਰ ਵਿੱਚ ਅਕਾਲੀ ਦਲ 'ਚ ਰਹੇ। ਉਹ ਦੋ ਵਾਰ ਆਲ ਇੰਡੀਆ ਕਾਂਗਰਸ ਕਮੇਟੀ ਛੱਡ ਕੇ ਮੁੜ ਇਸ ਵਿੱਚ ਸ਼ਾਮਲ ਹੋਏ ਸਨ। ਪਿਛਲੇ ਸਮੇਂ ਉਨ੍ਹਾਂ ਨੇ ਭਾਜਪਾ ਵਿੱਚ ਜਾਣ ਦੀ ਤਿਆਰੀ ਵੀ ਕਰ ਲਈ ਸੀ। ਹੁਣ ਕੁੱਝ ਸਮੇਂ ਤੋਂ ਸ੍ਰੀ ਬਰਾੜ 'ਆਪ' ਦਾ ਗੁਣਗਾਨ ਕਰਦੇ ਆ ਰਹੇ ਸਨ ਅਤੇ ਅਖੀਰ ਉਨ੍ਹਾਂ ਨੇ ਇਸ ਪਾਰਟੀ ਨਾਲ ਮੁੱਦਿਆਂ 'ਤੇ ਆਧਾਰ 'ਤੇ ਗੱਠਜੋੜ ਕਰਨ ਦਾ ਐਲਾਨ ਕੀਤਾ ਹੈ।

### ਛੋਟੇਪੁਰ ਵੱਲੋਂ ਗੁਰਦਾਸਪੁਰ ਤੋਂ ਪਰਿਵਰਤਨ ਯਾਤਰਾ ਸ਼ੁਰੂ

ਗੁਰਦਾਸਪੁਰ- ਆਮ ਆਦਮੀ ਪਾਰਟੀ ਵਿੱਚੋਂ ਸੂਬਾ ਕਨਵੀਨਰ ਦੇ ਅਹੁਦੇ ਤੋਂ ਹਟਾਏ ਗਏ ਸੁੱਚਾ ਸਿੰਘ ਛੋਟੇਪੁਰ ਨੇ ਇੱਥੇ ਰੈਲੀ ਕਰਕੇ ਪੰਜਾਬ ਵਿੱਚ ਪਰਿਵਰਤਨ ਯਾਤਰਾ ਦੀ ਸ਼ੁਰੂਆਤ ਕੀਤੀ। ਉਨ੍ਹਾਂ ਸਥਾਨਕ ਪ੍ਰੈਜ਼ੀਡੈਂਟ ਪਾਰਕ ਵਿੱਚ ਆਪਣੇ ਹਮਾਇਤੀਆਂ ਦਾ ਇੱਕਠ ਕੀਤਾ।

ਰੈਲੀ ਮੌਕੇ ਸੰਬੋਧਨ ਕਰਦਿਆਂ ਸ੍ਰੀ ਛੋਟੇਪੁਰ ਨੇ ਕਿਹਾ ਕਿ ਉਨ੍ਹਾਂ ਨੇ ਸਾਰੀ ਜ਼ਿੰਦਗੀ ਇਮਾਨਦਾਰੀ ਨਾਲ ਬਿਤਾਈ ਹੈ ਅਤੇ ਦਿਨ-ਰਾਤ ਇੱਕ ਕਰਕੇ 'ਆਪ' ਨੂੰ ਬੁਲੰਦੀਆਂ 'ਤੇ ਪਹੁੰਚਾਇਆ ਸੀ ਪ੍ਰੰਤੂ ਲੇਕਿਨ ਅਰਵਿੰਦ ਕੇਜਰੀਵਾਲ ਨੇ ਆਪਣਾ ਰਾਹ ਸਾਫ਼ ਕਰਨ ਲਈ ਬੇਬੁਨਿਆਦ ਦੋਸ਼ ਲਾ ਕੇ ਉਨ੍ਹਾਂ ਦੇ ਸਿਆਸੀ ਜੀਵਨ ਦਾ ਕਤਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਸਾਥ ਦੇ ਕੇ ਉਨ੍ਹਾਂ ਨੂੰ ਨਵਾਂ ਜੀਵਨ ਦਿੱਤਾ ਹੈ ਅਤੇ ਹੁਣ ਕੇਜਰੀਵਾਲ ਨਾਲ ਖੜ੍ਹਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਦਮਗਜ਼ੇ ਮਾਰਨ ਵਾਲੀ 'ਆਪ' ਨੇ 20 ਅਜਿਹੇ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆ ਹਨ, ਜਿਨ੍ਹਾਂ ਖਿਲਾਫ਼ ਵੱਖ-ਵੱਖ ਮਾਮਲੇ ਦਰਜ ਹਨ। 'ਆਪ' ਨੇ ਪੈਸਿਆਂ ਦੀ ਖ਼ਾਤਰ ਭ੍ਰਿਸ਼ਟ ਅਤੇ ਅਪਰਾਧੀ ਕਿਸਮ ਦੇ ਲੋਕਾਂ ਨੂੰ ਟਿਕਟਾਂ ਦਿੱਤੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਵਾਲੰਟੀਅਰਾਂ ਦੇ ਦੇ ਬਲਬੂਤੇ ਉਨ੍ਹਾਂ ਨੇ ਦਿੱਲੀ ਸਰਕਾਰ ਬਣਾਉਣ ਮੌਕੇ ਕੇਜਰੀਵਾਲ ਨੂੰ 22 ਲੱਖ ਰੁਪਏ ਦਿੱਤੇ ਸਨ। ਉਨ੍ਹਾਂ ਨੇ 'ਬੇਈਮਾਨ ਭਜਾਓ ਪੰਜਾਬ ਬਚਾਓ' ਯਾਤਰਾਵਾਂ ਅਤੇ ਦਰਜਨਾਂ ਕਾਨਫੰਰਸਾਂ ਕਰਕੇ ਲੱਖਾਂ ਰੁਪਏ ਖਰਚ ਕੀਤੇ ਸਨ ਪ੍ਰੰਤੂ ਕੇਜਰੀਵਾਲ ਨੇ ਕਦੇ ਇੱਕ ਫੁੱਟੀ-ਕੌਡੀ ਵੀ ਨਹੀਂ ਦਿੱਤੀ ਸੀ। ਸ੍ਰੀ ਛੋਟੇਪੁਰ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਅਕਾਲੀ-ਭਾਜਪਾ ਅਤੇ ਕਾਂਗਰਸ ਤੋਂ ਤੰਗ ਹੋਣ ਕਰਕੇ 'ਆਪ' ਤੋਂ ਇੱਕ ਨਵਾਂ ਬਦਲ ਆਉਣ ਦੀ ਆਸ ਕੀਤੀ ਸੀ। ਹੁਣ ਉਹ 16 ਸਤੰਬਰ ਤੱਕ ਪੰਜਾਬ ਭਰ ਵਿੱਚ ਪਰਿਵਰਤਰਨ ਯਾਤਰਾ ਦੌਰਾਨ ਸੂਬੇ ਦੇ ਅਮਨ-ਪਸੰਦ ਅਤੇ ਪੰਜਾਬ ਦਾ ਭਲਾ ਚਾਹੁਣ ਵਾਲੇ ਵਾਲੰਟੀਅਰਾਂ ਦੀ ਸਹਿਮਤੀ ਨਾਲ ਪਾਰਟੀ ਬਣਾਉਣ ਦਾ ਫ਼ੈਸਲਾ ਲੈਣਗੇ।

### ਮਦਰ ਟੈਰੇਸਾ ਨੂੰ "ਸੰਤ" ਦੀ ਉਪਾਧੀ

ਤਿੰਨ ਹਜ਼ਾਰ ਸੁਰੱਖਿਆ ਕਰਮਚਾਰੀ ਤਾਇਨਾਤ ਸਨ। ਭੀੜ ਵਿੱਚ ਮਿਸ਼ਨਰੀ ਆਫ ਚੈਰਿਟੀ ਦੀਆਂ ਇਤਾਲਵੀ ਮਦਰ ਟੈਰੇਸਾ ਬਰਾਂਚਾਂ ਦੇ ਕੁੱਲ 1500 ਗਰੀਬ ਵਿਅਕਤੀ ਹਾਜ਼ਰ ਸਨ। ਧਾਰਮਿਕ ਰਸਮਾਂ ਤੋਂ ਬਾਅਦ ਵੈਟੀਕਨ ਵਿੱਚ ਪੋਪ ਦੇ ਇਨ੍ਹਾਂ ਮਹਿਮਾਨਾਂ ਨੂੰ ਵੱਡ ਆਕਾਰੀ ਪਿਜ਼ਾ ਲੰਚ ਪਰੋਸਿਆ ਗਿਆ।

ਮਦਰ ਟੈਰੇਸਾ ਨੇ ਆਪਣਾ ਬਾਲਗ ਜੀਵਨ ਭਾਰਤ ਵਿੱਚ ਗੁਜ਼ਾਰਿਆ, ਜਿੱਥੇ ਉਨ੍ਹਾਂ ਪਹਿਲਾਂ ਅਧਿਆਪਕ ਦਾ ਕਾਰਜ ਕੀਤਾ। ਇਸ ਮਗਰੋਂ ਦੀਨ ਦੁਖੀਆਂ ਦੀ ਸੇਵਾ ਕੀਤੀ। ਉਸ ਸਮੇਂ ਓਟੋਮਨ ਸਾਮਰਾਜ ਅਤੇ ਹੁਣ ਮਕਦੂਨੀਆ ਦੀ ਰਾਜਧਾਨੀ ਸਕੋਪਜੇ ਵਿੱਚ ਕੋਸੋਵਨ ਅਲਬਾਨਿਆਈ ਮਾਪਿਆਂ ਦੇ ਘਰ ਪੈਦਾ ਹੋਈ ਮਦਰ ਟੈਰੇਸਾ ਨੂੰ 1979 ਵਿੱਚ ਨੋਬੇਲ ਸ਼ਾਂਤੀ ਪੁਰਸਕਾਰ ਮਿਲਿਆ ਸੀ। ਧਰਮ ਨਿਰਪੱਖ ਆਲੋਚਕਾਂ ਨੇ ਉਨ੍ਹਾਂ ਦੀ ਇਸ ਗੱਲੋਂ ਆਲੋਚਨਾ ਵੀ ਕੀਤੀ ਕਿ ਉਹ ਗਰੀਬਾਂ ਦੇ ਜੀਵਨ ਵਿੱਚ ਸੁਧਾਰ ਨਾਲੋਂ ਉਨ੍ਹਾਂ ਨੂੰ ਇਸਾਈ ਮੱਤ ਵਿੱਚ ਤਬਦੀਲ ਕਰਨ ਉਤੇ ਵੱਧ ਕੇਂਦਰਿਤ ਹਨ।

# ਸੰਸਦੀ ਸਕੱਤਰਾਂ ਬਾਰੇ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦੇਵੇਗੀ ਬਾਦਲ ਸਰਕਾਰ

**ਚੰਡੀਗੜ੍ਹ–** ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਬਾਦਲ ਸਰਕਾਰ ਵੱਲੋਂ ਨਿਯੁਕਤ ਕੀਤੇ ਮੁੱਖ ਸੰਸਦੀ ਸਕੱਤਰਾਂ ਵਿੱਚੋਂ 18 ਦੀਆਂ ਨਿਯੁਕਤੀਆਂ ਰੱਦ ਕੀਤੇ ਜਾਣ ਦੇ ਫ਼ੈਸਲੇ ਨੂੰ ਸਰਕਾਰ ਸੁਪਰੀਮ ਕੋਰਟ 'ਚ ਚੁਣੌਤੀ ਦੇਵੇਗੀ।

ਸੂਤਰਾਂ ਅਨੁਸਾਰ ਐਡਵੋਕੇਟ ਜਨਰਲ ਨੇ ਬਾਦਲ ਸਰਕਾਰ ਨੂੰ ਕਾਨੂੰਨੀ ਸਲਾਹ ਦਿੰਦਿਆਂ ਕਿਹਾ ਸੀ ਕਿ ਹਾਈ ਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਜਾ ਸਕਦੀ ਹੈ। ਐਡਵੋਕੇਟ ਜਨਰਲ ਦੀ ਸਲਾਹ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਮੁੱਖ ਸੰਸਦੀ ਸਕੱਤਰਾਂ ਦੀਆਂ ਕੁਰਸੀਆਂ ਕਾਇਮ ਰੱਖਣ ਲਈ ਸਰਵਉੱਚ ਅਦਾਲਤ ਤੱਕ ਪਹੁੰਚ ਕਰਨ ਦੇ ਕੇਸ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸਰਕਾਰ ਵੱਲੋਂ ਸਾਰਾ ਕੇਸ ਤਿਆਰ ਕਰਕੇ ਫਾਈਲ ਐਡਵੋਕੇਟ ਜਨਰਲ ਨੂੰ ਭੇਜ ਦਿੱਤੀ ਗਈ ਹੈ ਤੇ ਇਸ ਹਫ਼ਤੇ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਜਾਵੇਗੀ। ਸੂਤਰਾਂ ਮੁਤਾਬਕ ਸਰਕਾਰ ਵੱਲੋਂ ਸੁਪਰੀਮ ਕੋਰਟ 'ਚ ਕੇਸ ਦਾਇਰ ਕਰਦਿਆਂ ਦਲੀਲ ਦਿੱਤੀ ਜਾ ਰਹੀ ਹੈ ਕਿ ਮੁੱਖ ਸੰਸਦੀ ਸਕੱਤਰਾਂ ਨੂੰ ਮੰਤਰੀਆਂ ਦੀ ਸਹਾਇਤਾ ਲਈ ਨਿਯੁਕਤ ਕੀਤਾ ਗਿਆ ਹੈ। ਸੂਬਾ ਸਰਕਾਰ ਵੱਲੋਂ ਕੋਈ ਉਪ ਮੰਤਰੀ ਜਾਂ ਰਾਜ ਮੰਤਰੀ ਨਹੀਂ ਬਣਾਇਆ ਗਿਆ ਤੇ ਸਾਰੇ ਕੈਬਨਿਟ ਮੰਤਰੀ ਬਣਾਏ ਗਏ ਹਨ, ਇਸ ਲਈ ਮੰਤਰੀਆਂ ਨੂੰ ਆਪਣਾ ਕੰਮ ਚਲਾਉਣ ਲਈ ਮੁੱਖ ਸੰਸਦੀ ਸਕੱਤਰਾਂ ਦੀ ਮਦਦ ਦੀ ਜ਼ਰੂਰਤ ਹੈ। ਸਰਕਾਰ ਦਾ ਇਹ ਵੀ ਤਰਕ ਹੈ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਸੰਸਦੀ ਸਕੱਤਰਾਂ ਦੇ ਅਹੁਦੇ ਨੂੰ 'ਲਾਭ ਦੇ ਅਹੁਦੇ' ਤੋਂ ਬਾਹਰ ਰੱਖਿਆ ਗਿਆ ਹੈ ਤੇ ਇਸ ਲਈ ਕਾਨੂੰਨੀ ਤੌਰ 'ਤੇ ਵਿਵਸਥਾ ਕੀਤੀ ਗਈ ਹੈ।



ਸੂਤਰਾਂ ਮੁਤਾਬਕ ਬਾਦਲ ਸਰਕਾਰ ਵੱਲੋਂ ਇਹ ਵੀ ਤਰਕ ਪੇਸ਼ ਕੀਤਾ ਜਾ ਰਿਹਾ ਹੈ ਕਿ ਪੰਜਾਬ ਵਿੱਚ ਇਸ ਤੋਂ ਪਹਿਲੀਆਂ ਦੋ ਸਰਕਾਰਾਂ ਵਿੱਚ ਵੀ ਮੁੱਖ ਸੰਸਦੀ ਸਕੱਤਰ ਨਿਯੁਕਤ ਕੀਤੇ ਗਏ ਸਨ। ਇਨ੍ਹਾਂ ਦਲੀਲਾਂ ਸਹਾਰੇ ਸਰਕਾਰ ਵੱਲੋਂ ਮੁੱਖ ਸੰਸਦੀ ਸਕੱਤਰਾਂ ਦੇ ਅਹੁਦੇ ਮੁੜ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੂਤਰਾਂ ਦਾ ਦੱਸਣਾ ਹੈ ਕਿ ਸੂਬਾ ਸਰਕਾਰ ਨੇ ਇਨ੍ਹਾਂ ਸਿਆਸੀ ਅਹੁਦੇਦਾਰਾਂ ਦੀਆਂ ਕੁਰਸੀਆਂ ਬਚਾਉਣ ਲਈ ਸੁਪਰੀਮ ਕੋਰਟ 'ਚ ਚੋਟੀ ਦੇ ਵਕੀਲ ਦੀਆਂ ਸੇਵਾਵਾਂ ਲੈਣ ਦਾ ਫ਼ੈਸਲਾ ਕੀਤਾ ਹੈ। ਸਰਕਾਰ ਵੱਲੋਂ ਹਾਈ ਕੋਰਟ ਵਿੱਚ ਵੀ ਮੁੱਖ ਸੰਸਦੀ ਸਕੱਤਰਾਂ ਦੇ ਅਹੁਦੇ ਬਚਾਉਣ ਲਈ ਕੇਸ ਲੜਨ ਖ਼ਾਤਰ ਦਿੱਲੀ ਦੇ ਇੱਕ ਵਕੀਲ ਦੀਆਂ ਸੇਵਾਵਾਂ ਲਈਆਂ ਗਈਆਂ ਸਨ। ਦੱਸਣਯੋਗ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ 12 ਅਗਸਤ ਨੂੰ ਸੁਣਾਏ ਫ਼ੈਸਲੇ ਨਾਲ 18 ਮੁੱਖ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਰੱਦ ਹੋ ਗਈਆਂ ਸਨ। ਸੀਨੀਅਰ ਅਧਿਕਾਰੀਆਂ ਅਨੁਸਾਰ ਹਾਈ ਕੋਰਟ ਦਾ ਫ਼ੈਸਲਾ ਤੁਰੰਤ ਪ੍ਰਭਾਵ ਤੋਂ ਲਾਗੂ ਕਰ ਦਿੱਤਾ ਗਿਆ ਸੀ। ਹਾਈ ਕੋਰਟ ਦੇ ਫ਼ੈਸਲੇ ਤੋਂ ਤੁਰੰਤ ਬਾਅਦ ਸਰਕਾਰ ਸੁਪਰੀਮ ਕੋਰਟ 'ਚ ਪਹੁੰਚ ਕਰਨ ਦੇ ਮਾਮਲੇ 'ਤੇ ਦੁਚਿੱਤੀ ਵਿੱਚ ਸੀ ਪਰ ਵਿਧਾਇਕਾਂ ਦੇ ਦਬਾਅ ਕਾਰਨ ਸਰਕਾਰ ਸਰਵਉੱਚ ਅਦਾਲਤ ਤੱਕ ਪਹੁੰਚ ਕਰ ਰਹੀ ਹੈ। ਉਂਜ ਸਿਆਸੀ ਤੌਰ 'ਤੇ ਸੀਨੀਅਰ ਆਗੂਆਂ ਨੇ ਸੁਪਰੀਮ ਕੋਰਟ ਨਾ ਜਾਣ ਦੀ ਸਲਾਹ ਦਿੱਤੀ ਸੀ। ਮਹੱਤਵਪੂਰਨ ਤੱਥ ਇਹ ਹੈ ਕਿ ਸਰਕਾਰ ਵੱਲੋਂ ਸੁਪਰੀਮ ਕੋਰਟ 'ਚ ਮੁੱਖ ਸੰਸਦੀ ਸਕੱਤਰਾਂ ਨੂੰ ਮੰਤਰੀਆਂ ਦੀ ਸਹਾਇਤਾ ਲਈ ਤਾਇਨਾਤ ਕੀਤੇ ਹੋਣ ਦਾ ਦਾਅਵਾ ਤਾਂ ਕੀਤਾ ਜਾ ਰਿਹਾ ਹੈ ਪਰ ਮੰਤਰੀਆਂ ਵੱਲੋਂ ਮੁੱਖ ਸੰਸਦੀ ਸਕੱਤਰਾਂ ਨੂੰ ਫਾਈਲਾਂ ਭੇਜੀਆਂ ਹੀ ਨਹੀਂ ਜਾਂਦੀਆਂ। ਇਹ ਅਹੁਦੇ ਮਹਿਜ਼ ਸਰਕਾਰੀ ਸਹੂਲਤਾਂ ਦਾ 'ਆਨੰਦ' ਮਾਨਣ ਤੱਕ ਹੀ ਸੀਮਤ ਰਹਿ ਗਏ ਸਨ।

# ਭਾਰਤ ਵੱਲੋਂ ਮਹਿੰਗਾਈ ਦਰ ਹੇਠਾਂ ਰੱਖਣ ਨੂੰ ਪਹਿਲ ਦੇਣ ਦੀ ਉਮੀਦ: ਰਾਜਨ

**ਨਿਊਯਾਰਕ–** ਰਿਜ਼ਰਵ ਬੈਂਕ ਆਫ ਇੰਡੀਆ (ਆਰਬੀਆਈ) ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਉਮੀਦ ਜ਼ਾਹਿਰ ਕੀਤੀ ਹੈ ਕਿ ਦੇਸ਼ ਵਿੱਚ ਬੈਂਕਾਂ ਦੀ ਸਫ਼ਾਈ ਦੀ ਪ੍ਰਕਿਰਿਆ ਪੂਰੀ ਹੋ ਜਾਵੇਗੀ ਅਤੇ ਸਰਕਾਰ ਮਹਿੰਗਾਈ ਦਰ ਨੂੰ ਹੇਠਾਂ ਰੱਖਣ ਨੂੰ ਤਰਜੀਹ ਦਿੰਦੀ ਰਹੇਗੀ। ਹਾਲਾਂਕਿ ਉਨ੍ਹਾਂ ਨੇ ਆਲਮੀ ਪੱਧਰ ਉਤੇ ਘੱਟ ਵਿਆਜ ਦਰਾਂ ਪ੍ਰਤੀ ਚਿਤਾਵਨੀ ਦਿੱਤੀ ਹੈ।

ਦੱਸਣਯੋਗ ਹੈ ਕਿ ਸ੍ਰੀ ਰਾਜਨ ਦਾ ਕਾਰਜਕਾਲ ਭਾਰਤ ਦੇ ਕੇਂਦਰੀ ਬੈਂਕ ਵਿੱਚ 4 ਸਤੰਬਰ ਨੂੰ ਸਮਾਪਤ ਹੋਇਆ ਹੈ।

ਉਨ੍ਹਾਂ 'ਨਿਊਯਾਰਕ ਟਾਈਮਜ਼' ਨਾਲ ਇੰਟਰਵਿਊ ਵਿੱਚ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਦੇਸ਼ ਬੈਂਕਾਂ ਦੀ ਸਫ਼ਾਈ ਪ੍ਰਕਿਰਿਆ ਪੂਰੀ ਕਰ ਲਵੇਗਾ, ਜੋ ਹਾਲੇ ਚੱਲ ਰਹੀ ਹੈ। ਉਨ੍ਹਾਂ ਦੀਆਂ ਸਖ਼ਤ ਮੁਦਰਾ ਨੀਤੀ ਕਾਰਨ ਭਾਰਤ ਦੀ ਮਹਿੰਗਾਈ ਦਰ ਨੂੰ ਸਰਕਾਰ ਦੇ ਟੀਚੇ ਦੇ ਉਪਰਲੇ ਦਾਇਰੇ ਤੋਂ ਹੇਠਾਂ ਲਿਆਉਣ 'ਚ ਮਦਦ ਮਿਲੀ ਜੋ ਫ਼ਿਲਹਾਲ ਛੇ ਫ਼ੀਸਦ ਹੈ। ਸ੍ਰੀ ਰਾਜਨ ਨੇ ਕਿਹਾ, 'ਮੈਨੂੰ ਲੱਗਦਾ ਹੈ ਕਿ ਅਸੀਂ ਉਹੀ ਕੀਤਾ ਜਿਸ ਦੀ ਲੋੜ ਸੀ।' ਉਨ੍ਹਾਂ ਕਿਹਾ ਕਿ ਕੇਂਦਰੀ ਬੈਂਕ ਨੂੰ ਮਹਿੰਗਾਈ ਦਰ ਨੂੰ ਹੇਠਾਂ ਰੱਖਣ ਨੂੰ ਤਰਜੀਹ ਦੇਣਾ ਜਾਰੀ ਰੱਖਣਾ ਚਾਹੀਦਾ ਹੈ।

ਵਿਸ਼ਵ ਦੀਆਂ ਕੇਂਦਰੀ ਬੈਂਕਾਂ, ਜੋ ਵਿਕਾਸ ਦਰ ਨੂੰ ਵਧਾਉਣ ਲਈ ਜੱਦੋ-ਜਹਿਦ ਕਰ ਰਹੀਆਂ ਹਨ, ਨੂੰ ਸ੍ਰੀ ਰਾਜਨ ਨੇ ਚਿਤਾਵਨੀ ਦਿੱਤੀ ਹੈ ਕਿ ਆਲਮੀ ਪੱਧਰ ਉਤੇ ਘੱਟ ਵਿਆਜ ਦਰਾਂ ਨਾਲ ਬਾਜ਼ਾਰ ਅਸਰਅੰਦਾਜ਼ ਹੋ ਸਕਦਾ ਹੈ ਅਤੇ ਇਸ ਨੂੰ ਛੱਡਣਾ ਮੁਸ਼ਕਲ ਹੋ ਜਾਵੇਗਾ। ਅਮਰੀਕਾ ਤੇ ਯੂਰਪ ਸਮੇਤ ਵਿਸ਼ਵ ਭਰ ਦੇ ਵੱਖ ਵੱਖ ਦੇਸ਼ਾਂ ਦਾ ਵਿਕਾਸ ਉਤਸ਼ਾਹਿਤ ਕਰਨ ਲਈ ਵਿਆਜ ਦਰਾਂ ਘੱਟ ਰੱਖਣ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਮੁਲਕਾਂ ਨੂੰ ਡਰ ਘੇਰ ਲਵੇਗਾ ਅਤੇ ਜਦੋਂ ਉਹ ਅਖ਼ੀਰ ਦਰਾਂ ਵਧਾਉਣਗੇ ਤਾਂ ਵਿਕਾਸ ਦਰ ਘੱਟ ਜਾਵੇਗੀ।

ਉਨ੍ਹਾਂ ਕਿਹਾ ਕਿ ਘੱਟ ਵਿਆਜ ਦਰਾਂ ਹੋਰ ਨੀਤੀਗਤ ਕਦਮਾਂ ਅਤੇ ਵੱਖ ਵੱਖ ਸੁਧਾਰਾਂ ਦਾ ਬਦਲ ਨਹੀਂ ਹੋਣੀ ਚਾਹੀਦੀ। ਉਨ੍ਹਾਂ ਇਸ ਗੱਲ ਵਿਰੋਧ ਕੀਤਾ ਕਿ ਸਖ਼ਤ ਮੁਦਰਾ ਨੀਤੀਆਂ ਕਾਰਨ ਉਨ੍ਹਾਂ ਨੂੰ ਸਰਕਾਰ ਦਾ ਸਮਰਥਨ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਜਾਨਸ਼ੀਨ ਊਰਜਿਤ ਪਟੇਲ ਨੇ ਦੇਸ਼ ਦੇ ਸਖਤ ਮੁਦਰਾ ਟੀਚੇ ਤੈਅ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਲੰਬੇ ਸਮੇਂ ਲਈ ਵਿਕਾਸ ਵਾਸਤੇ ਬਿਹਤਰ ਪ੍ਰਣਾਲੀ ਹੈ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

## ਅਧਿਆਪਕ ਦਿਵਸ 'ਤੇ

ਕੋਰੇ ਮਨ ਦੇ ਕਾਗਜ਼ ਤੇ ਬੜਾ ਕੁਝ ਵਾਹ ਦੇਵੇ ਅਧਿਆਪਕ
ਮਿਲੇ ਜੇ ਸਹੀ ਤਾਲ ਤਾਂ ਜ਼ਿੰਦਗੀ ਬਣਾ ਦੇਵੇ ਅਧਿਆਪਕ

ਮਨ ਸਮੰਦਰ ਵਿੱਚ ਜੋ ਛੱਲਾਂ ਉੱਠੀਆਂ ਨਾਲ ਸਵਾਲਾਂ ਦੇ
ਦੇ ਜਵਾਬ ਉਹਨਾਂ ਦੇ ਸਭ ਸ਼ਾਂਤ ਕਰਵਾ ਦੇਵੇ ਅਧਿਆਪਕ

ਸੋਨੇ ਜਿਹੀ ਸਹੀ ਚਮਕ ਆਉਂਦੀ ਹੈ ਇਨਸਾਨ ਦੇ ਮਨੋਂ
ਜਦ ਸਹੀ ਗਿਆਨ ਦੀ ਭੱਠੀ ਚ ਤਪਾ ਦੇਵੇ ਅਧਿਆਪਕ

ਹੁੰਦਾ ਵਰਕਾ ਕੋਰਾ ਹੈ ਸ਼ੁਰੂ ਸ਼ੁਰੂ ਚ ਸਿੱਖਣ ਵਾਲੇ ਦਾ ਤਾਂ
ਦੇ ਗਿਆਨ ਦੇ ਅੱਖਰ ਪੂਰੀ ਕਿਤਾਬ ਬਣਾ ਦੇਵੇ ਅਧਿਆਪਕ

ਦਿਸ਼ਾ ਨਹੀਂ ਮਿਲਦੀ ਬਿਨ ਕਿਸੇ ਦੇ ਦੱਸੇ ਤੋਂ ਕਿਸੇ ਨੂੰ ਵੀ
ਦੇ ਦਿਸ਼ਾ ਸਹੀ ਮੰਜਿਲ ਤੇ ਤੁਹਾਨੂੰ ਪੁਹੰਚਾ ਦੇਵੇ ਅਧਿਆਪਕ

ਹੁੰਦਾ ਬੰਦਾ ਇੱਕ ਗਵਾਚੇ ਜੰਗਲ ਵਾਂਗੂ ਬਿਨ ਗਿਆਨ ਤੋਂ
ਦੇ ਮਸ਼ਾਲ ਗਿਆਨ ਦੀ ਚਾਨਣ ਤੱਕ ਪੁਹੰਚਾ ਦੇਵੇ ਅਧਿਆਪਕ

**– ਹਰਦੀਪ ਬਿਰਦੀ**
91-90416-00900

## ਗੀਤ/ ਦੁਨੀਆਦਾਰੀ

ਕੀ ਕਰੀਏ ਇਤਬਾਰ, ਇਹ ਦੁਨੀਆਂਦਾਰੀ ਏ,
ਸਭ ਮਤਲਬ ਦੇ ਯਾਰ, ਹਾਏ! ਖੁਦ-ਮੁਖਤਾਰੀ ਏ।

ਹਾਂ-ਹਾਂ, ਜੀ-ਜੀ ਕਹਿਕੇ ਵਕਤ ਲੰਘਾਉਂਦੇ ਨੇ,
ਆਪਣੇ ਬਣ ਕੇ, ਪਿੱਠ ਤੇ ਛੁਰੀ ਚਲਾਉਂਦੇ ਨੇ।



ਤਿੱਖੀ ਤੇਜ ਕਟਾਰ, ਦੁਨੀਆਂ ਦੋ-ਧਾਰੀ ਏ,
ਸਭ ਮਤਲਬ ਦੇ ਯਾਰ,........
ਗਰੀਬ ਵਿਚਾਰੇ, ਤੋਬਾ-ਤੋਬਾ ਹੀ ਕਰਦੇ ਨੇ,
ਭੁੱਖੇ ਮਰਦੇ, ਦੁੱਖ ਜ਼ਿੰਦੜੀ ਤੇ ਜਰਦੇ ਨੇ।

ਕਦਮ ਕਦਮ ਤੇ, ਗਰੀਬ ਦੀ ਕਿਸਮਤ ਹਾਰੀ ਏ,
ਸਭ ਮਤਲਬ ਦੇ ਯਾਰ,........

ਚੋਰ-ਲੁਟੇਰੇ ਫਿਰਦੇ, ਬਾਘੀਆਂ ਪਾਉਂਦੇ ਨੇ,
ਚਾਰੋ ਪਾਸੇ ਹੀ ਹਾਹਾਕਾਰ ਮਚਾਉਂਦੇ ਨੇ।

ਚੋਰੀ-ਠਗੀ ਦੀ ਅੱਜ ਪੂਰੀ ਗਰਮ-ਬਜਾਰੀ ਏ,
ਸਭ ਮਤਲਬ ਦੇ ਯਾਰ,........
ਭਾਈ, ਭਾਈ ਨਾਲ ਕਹਿਰ ਕਮਾਈ ਜਾਂਦੇ ਨੇ,
ਸਧਰਾਂ ਦੇ ਸਭ ਮਹੱਲ ਹੀ ਢਾਈ ਜਾਂਦੇ ਨੇ।

ਪੈਸੇ ਬਦਲੇ 'ਕੋਮਲ', ਫੇਰ ਦਿੰਦੇ ਗਲ ਆਰੀ ਏ,
ਸਭ ਮਤਲਬ ਦੇ ਯਾਰ,........

**-ਕਮਲਜੀਤ ਕੌਰ ਕੋਮਲ**
91-81959-25110

## ਸਿਆਸੀ ਖ਼ਾਕਾ-ਏ-ਪੰਜਾਬ !

**ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268



ਕਾਲ਼ੀ ਸ਼ਾਹ ਸਿਆਸਤ ਦੀ ਧੂੜ ਅੰਦਰ
ਚਿੱਟੇ ਵਸਤਰ ਪਾ ਦਾਗੀ ਕਿਰਦਾਰ ਫਿਰਦੇ।

ਸੁੱਚੇ-ਸੱਚੇ ਜੋ ਹੋਣ ਦੇ ਕਰਨ ਦਾਵੇ
ਪਰਦੇ ਚੁੱਕ ਕੇ ਵੇਖੋ ਬਦਕਾਰ ਫਿਰਦੇ।

ਹੱਥ ਜੋੜ ਕੇ ਖੜ੍ਹੇ ਜੋ 'ਬੈਨਰਾਂ' 'ਤੇ
ਖਾਤਰ ਅਹੁਦਿਆਂ ਕਰਦੇ ਤਕਰਾਰ ਫਿਰਦੇ।

ਕਿਤਿਉਂ ਰੁੱਸਦੇ ਕਿਸੇ ਨੂੰ ਜੱਫੀਆਂ ਪਾ
ਦਾਅ ਲਾਉਣ ਲਈ ਹੋਏ ਲਾਚਾਰ ਫਿਰਦੇ।

ਕੁਰਸੀ ਖਾਤਰ ਹੀ ਤੜਫਣਾ ਬਹੁਤਿਆਂ ਦੀ
ਸੌਦੇਬਾਜ਼ੀਆਂ ਕਰਨ ਲਈ ਤਿਆਰ ਫਿਰਦੇ।

ਸੌਖਾ ਵੰਡਣਾ 'ਇਕ ਅਨਾਰ' ਸੌ ਨੂੰ
ਹੁਣ ਤਾਂ ਕਈ ਹਜ਼ਾਰ 'ਬਿਮਾਰ' ਫਿਰਦੇ!

## ਮਾਡਲ ਗ੍ਰਾਮ

ਸਹੇਲੀਆਂ ਨੇ ਖਤ ਮੈਨੂੰ ਪਾਇਆ, ਸਹੁਰੀਂ ਬੇਬੇ ਨੇ ਫੜਾਇਆ
ਨੀ ਮੇਰੀ ਵੱਡੀ ਮਜ਼ਬੂਰੀ ਜਿਹੜਾ ਫਿਕਰ ਤਾ ਲਾਇਆ
ਪਰ ਹੁਣ ਸਾਰੀਆਂ ਹੀ ਦੇਵੋ ਤਾਂ ਵਧਾਈ ਕੁੜੀਓ
ਜਿਹੜੇ ਪਿੰਡ ਦੀਆਂ ਗੱਲਾਂ ਸੀ ਮੈਂ ਕਰਦੀ ਉਸੇ ਪਿੰਡ ਹੀ ਤਾਂ ਗਈ
ਮੈਂ ਵਿਆਹੀ ਕੁੜੀਓ ...

ਨਾ ਕੋਈ ਪਿੰਡ ਬਹੁਤਾ ਦੂਰ ਬਾਕੀ ਨੇੜੇ ਸੰਗਰੂਰ
ਤੁਸੀਂ ਨਾ ਕਰੋ ਕਾਹਲੀ ਮੈਂ ਤਾਂ ਦੱਸਾਂਗੀ ਜ਼ਰੂਰ
ਇੱਥੇ ਦੱਸਣ ਤਾਂ ਇੱਥੇ ਹੁਣ ਆਈ ਕੁੜੀਓ
ਜਿਹੜੇ ਦੀ ਗੱਲਾਂ ਸੀ ਮੈਂ ਕਰਦੀ ਉਸੇ ਪਿੰਡ ....

ਸਹੁਰੇ ਭੈਣ ਦੇ ਵੀ ਨੇੜੇ ਭਾਗ ਖੁੱਲ੍ਹ ਗਏ ਮੇਰੇ
ਨੀ ਤੂੰ ਮੌਕੇ ਨਾ ਖੁੰਝਾਈ ਭੈਣ ਮਾਰਦੀ ਸੀ ਗੇੜੇ
ਉਹਨੇ ਜੀਜੇ ਨਾਲ ਕੀਤੀ ਹੀ ਪੜ੍ਹਾਈ ਕੁੜੀਓ
ਜਿਹੜੇ ਪਿੰਡ ਦੀ ਗੱਲਾਂ ਸੀ ਮੈਂ ਕਰਦੀ ਉਸੇ ....

## ਬਲਬੀਰੋ-ਸੁੱਚਾ

ਵੇ ਤੂੰ ਕੀਤੀਆਂ ਪੜ੍ਹਾਈਆਂ ਸਭ ਖੂਹ ਦੇ ਵਿਚ ਪਾਈਆਂ
ਤੈਨੂੰ ਭਰਤੀ ਕਰਾਇਆ ਮੈਨੂੰ ਮਿਲੀਆਂ ਵਧਾਈਆਂ
ਕਹਿਣ ਦਿਉਰ ਤੇਰਾ ਕਰੂਗਾ ਕਮਾਈ ਸੁਰਿਆ
ਤੈਨੂੰ ਘੱਲਿਆ ਤੇ ਕੀ ਲੈ ਕੇ ਆ ਗਿਆ
ਮੈਨੂੰ ਲੱਗਦਾ ਤੂੰ ਹੋ ਗਿਆ ਸ਼ੁਦਾਈ ਸੁਰਿਆ ...

ਗੱਲਾਂ ਕਰਦੇ ਸ਼ਰੀਕ ਹੋਈ ਸੁਣ ਕੇ ਮੈਂ ਸੀਤ
ਨਾ ਤੂੰ ਫੌਜ 'ਚੋਂ ਕਟਾ ਕੇ ਵੇ ਤੂੰ ਬਣ ਗਿਆ ਢੀਠ
ਕਿਹੜੇ ਚੰਦਰੇ ਨੇ ਚਿੱਠੀ ਤੈਨੂੰ ਪਾਈ ਸੁੱਚਿਆ
ਤੈਨੂੰ ਘੱਲਿਆ ਤੇ ਕੀ ਲੈ ਕੇ ਆ ਗਿਆ ....



ਲੱਗ ਜਾਣੇ ਸੀ ਸਟਾਰ ਬਣ ਜਾਣਾ ਸੂਬੇਦਾਰ
ਲੈ ਕੇ ਰਫਲ ਦੁਨਾਲੀ ਰਹੀ ਖੇਡਦਾ ਸ਼ਿਕਾਰ
ਮਾਰ ਤਿੱਤਰ, ਬਟੇਰੇ ਨਿੱਤ ਖਾਈਂ ਸੁੱਚਿਆ
ਤੈਨੂੰ ਘੱਲਿਆ ਤੇ ਕੀ ਲੈ ਕੇ ਆਗਿਆ ਮੈਨੂੰ ...

**ਦੇਵ ਘੋਲੀਆ**
1-559-232-7764

# ਪਿੰਡ ਦੀਵਾਲਾ ਦਾ ਗੁੱਗਾ ਮਾੜੀ ਮੇਲਾ



**ਤਸਵਿੰਦਰ ਸਿੰਘ ਬੜੈਚ**
91-98763-22677

ਪੰਜਾਬ ਦੀ ਇਸ ਧਰਤੀ ਤੇ ਅਨੇਕਾਂ ਗੁਰੂਆਂ, ਪੀਰਾ, ਸਾਧੂ, ਸੰਤਾਂ, ਭਗਤਾਂ, ਸੂਰਬੀਰ ਯੋਧਿਆਂ ਨੇ ਜਨਮ ਲੈ ਕੇ ਮਨੁੱਖਤਾ ਨੂੰ ਸਿੱਧੇ ਰਾਹ ਪਾਉਣ ਲਈ ਪ੍ਰੇਰਿਆ ਅਤੇ ਲੋਕਾਈ ਨੂੰ ਸੱਚ ਨਾਲ ਜੋੜਨ ਦਾ ਮਹਾਨ ਉਪਰਾਲਾ ਕੀਤਾ, ਜਿਨ੍ਹਾਂ ਦੀ ਯਾਦ ਵਿਚ ਸਲਾਨਾ ਮੇਲੇ ਅਕਸਰ ਲੱਗਦੇ ਰਹਿੰਦੇ ਹਨ। ਅਜਿਹਾ ਹੀ ਇਕ ਮੇਲਾ ਹਰ ਸਾਲ ਭਾਦੋਂ ਦੀ ਚਾਂਦਨੀ ਚੋਂਦਸ ਨੂੰ ਗੁੱਗਾ ਜਾਹਰ ਪੀਰ ਦੀ ਯਾਦ 'ਚ ਤਹਿਸੀਲ ਸਮਰਾਲਾ ਤੋਂ ਪੰਜ ਕਿਲੋਮੀਟਰ ਦੇ ਫਾਸਲੇ 'ਤੇ ਪਿੰਡ ਦਿਵਾਲਾ ਵਿਖੇ ਗੁੱਗਾ ਮਾੜੀ ਦੇ ਸਥਾਨ 'ਤੇ ਲੱਗਦਾ ਹੈ। ਪੰਜਾਬ ਵਿਚ ਪ੍ਰਚੀਨ ਕਾਲ ਤੋਂ ਚੱਲੀ ਆ ਰਹੀ ਨਾਗ ਪੂਜਨ ਪ੍ਰੰਪਰਾ ਦਾ ਇਹ ਪ੍ਰਸਿੱਧ ਮੇਲਾ ਹੈ। ਦੰਦ-ਕਥਾਂ ਅਨੁਸਾਰ ਗੁੱਗਾ ਚੋਹਾਨ ਰਾਜਪੂਤ ਸੀ। ਉਨ੍ਹਾਂ ਦਾ ਜਨਮ ਬੀਕਾਨੇਰ ਦੇ ਰਾਜਾ ਜੈਮਲ ਦੀ ਬੇਔਲਾਦ ਰਾਣੀ ਬਾਂਛਲ ਦੀ ਕੁੱਖੋਂ ਗੁਰੂ ਗੋਰਖ ਨਾਥ ਦੇ ਅਸ਼ੀਰਵਾਦ ਤੇ ਚਮਤਕਾਰ ਨਾਲ ਉਡੇਰੇ ਪਿੰਡ ਵਿਚ ਹੋਇਆ ਸੀ। ਗੁੱਗੇ ਦੀ ਸੁੰਦਰ, ਗੁਣਵਾਨ ਤੇ ਮਨਮੋਹਨੀ ਪਤਨੀ ਦਾ ਨਾਂਅ ਸਿਲੀਅਰ ਸੀ। ਗੁੱਗੇ ਦੀ ਆਪਣੇ ਚਚੇਰੇ ਭਰਾਵਾਂ ਸੁਰਜਨ ਤੇ ਅਰਜਨ

ਨਾਲ ਸਜਾਏ ਝੰਡੇ ਲੈ ਕੇ ਹੁੰਮ-ਹੁੰਮਾ ਕੇ ਪੁੱਜਦੇ ਹਨ। ਸ਼ਰਧਾਲੂ ਅਨਾਜ, ਖਿੱਲਾਂ, ਪਤਾਸਿਆਂ ਦੇ ਪ੍ਰਸ਼ਾਦ ਚੜ੍ਹਾਉਂਦੇ ਹਨ ਤੇ 7-7 ਵਾਰ ਮਿੱਟੀ ਕੱਢਦੇ ਹਨ ਅਤੇ ਮਨ ਦੀਆ ਮੁਰਾਦਾਂ ਪੂਰੀਆਂ ਕਰਦੇ ਹਨ। ਦੁਪਹਿਰ 12 ਤੋਂ 2 ਵਜੇ ਤੱਕ ਮੇਲਾ ਪੂਰੇ ਜੋਬਨ 'ਤੇ ਹੁੰਦਾ ਹੈ। ਗੁੱਗੇ ਦੀ ਮਾੜੀ ਤੋਂ ਅਜੀਬ ਕਿਸਮ ਦਾ ਦਿਲ ਮੋਹਣਾ ਸੰਗੀਤ ਸੁਣ ਰਿਹਾ ਹੁੰਦਾ ਏ, ਕਿਧਰੇ ਗੁੱਗੇ ਦੀਆ ਬਖਸ਼ਿਸ਼ਾਂ ਦਾ ਸ਼ਬਦ ਜਾਂ ਭਜਨ ਕਿਧਰੇ ਛੋਟੇ-ਵੱਡੇ ਪੰਘੂੜਿਆਂ ਦੀ ਰੀਂ-ਰੀਂ ਦੀਆਂ ਅਵਾਜ਼ਾਂ ਸੁਣਨ ਵਿਚ ਆਉਂਦੀਆ ਨੇ। ਮੇਲੇ ਵਿਚ ਗਵਈਏ, ਕਵੀਸ਼ਰ, ਢਾਡੀ, ਭਾਂਤ-ਭਾਂਤ ਦੇ ਦੁਕਾਨਦਾਰ, ਮਸ਼ੀਨੀ





ਨਾਲ ਪਤਨੀ ਸਿਲੀਅਰ ਦੇ ਕਾਰਨ ਲੜਾਈ ਹੋਈ ਜਿਸ ਵਿਚ ਗੁੱਗੇ ਨੇ ਦੋਵਾਂ ਨੂੰ ਮਾਰ ਮੁਕਾਇਆ, ਜਿਸ 'ਤੇ ਗੁੱਗੇ ਦੀ ਮਾਂ ਗੁੱਸੇ ਹੋਈ ਤੇ ਉਸਨੇ ਗੁੱਗੇ ਨੂੰ ਧਰਤੀ ਵਿਚ ਸਮਾ ਜਾਣ ਦਾ ਬਚਨ ਕੀਤਾ। ਗੁੱਗਾ ਆਪਣੇ ਘੋੜੇ ਸਮੇਤ ਧਰਤੀ ਮਾਤਾ ਦੀ ਹੋਂਦ ਵਿਚ ਸਮਾ ਗਿਆ। ਜਿਸ ਥਾਂ 'ਤੇ ਗੁੱਗਾ ਮਾੜੀ ਸੁਸ਼ੋਭਿਤ ਹੈ, ਜਿਥੇ ਹਰ ਵਰ੍ਹੇ ਭਾਰੀ ਮੇਲਾ ਲੱਗਦਾ ਹੈ। ਰਾਜਸਥਾਨ ਦੇ ਇਸ ਬਾਂਗੜ ਪਿੰਡ ਤੋਂ ਹੀ ਸਵਾ ਸੌ ਸਾਲ ਪਹਿਲਾਂ ਗੁੱਗੇ ਦੇ ਭਾਗਤਾਂ ਨੇ ਗੱਗਾ ਮਾੜੀ ਦੀ ਮਿੱਟੀ, ਇੱਟਾਂ ਲਿਆ ਦੇ ਪਿੰਡ ਦੀਵਾਲਾ ਵਿਖੇ ਮੌਜੂਦਾ ਗੁੱਗਾ ਮਾੜੀ ਦੀ ਸਥਾਪਨਾਂ ਕੀਤੀ ਸੀ। ਪਿਛਲੇ ਵਰ੍ਹਿਆਂ ਵਿਚ ਗਰਾਮ ਪੰਚਾਇਤ ਦੀ ਦੇਖ-ਰੇਖ ਵਿਚ ਮਾੜੀ ਦੁਆਲੇ ਵਿਕਾਸ ਦੇ ਭਰਪੂਰ ਕੰਮ ਕੀਤੇ ਗਏ ਅਤੇ ਗੁਰੂ ਗੋਰਖ ਨਾਥ ਦਾ ਵਿਸ਼ਾਲ ਬੁੱਤ ਸਥਾਪਿਤ ਕੀਤਾ ਗਿਆ। ਇਸੇ ਹੀ ਜਗ੍ਹਾ 'ਤੇ ਹਰ ਸਾਲ ਭਾਰੀ ਮੇਲਾ ਲੱਗਦਾ ਹੈ। ਮੇਲੇ ਤੋਂ ਕਈ ਕਈ ਦਿਨ ਪਹਿਲਾਂ ਪਿੰਡ ਵਿਚ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਘਰਾਂ ਨੂੰ ਬੜੇ ਉਤਸ਼ਾਹ ਨਾਲ ਸਿੰਗਾਰਿਆ ਜਾਂਦਾ ਹੈ। ਮੇਲੇ ਤੋਂ ਪਹਿਲਾਂ ਹੀ ਹਰੇਕ ਘਰ 'ਚ ਰਿਸ਼ਤੇਦਾਰਾਂ ਦੀ ਆਮਦ ਸ਼ੁਰੂ ਹੋ ਜਾਂਦੀ ਹੈ। ਭਾਦੋਂ ਦੀ ਚਾਂਦਨੀ ਚੋਂਦਸ ਵਾਲੇ ਦਿਨ ਸਵੇਰੇ 4 ਕੁ ਵਜੇ ਤੋਂ ਹੀ ਪੰਜਾਬ ਦੇ ਹਰ ਕੋਨੇ 'ਚੋ ਸ਼ਰਧਾਲੂ ਵੀ ਮਾੜੀ 'ਚ ਪੁੱਜਣੇ ਸ਼ੁਰੂ ਹੋ ਜਾਂਦੇ ਹਨ। ਮੇਲੇ ਵਿਚ ਵੱਖ-ਵੱਖ ਤਬਕਿਆਂ ਦੇ ਲੋਕ ਮੋਰਾਂ ਦੇ ਖੰਭਾਂ ਅਤੇ ਰੰਗ ਬਰੰਗੀਆਂ ਟਾਕੀਆ

ਝੂਲੇ ਵਾਲੇ ਭਾਰੀ ਗਿਣਤੀ ਵਿਚ ਸ਼ਮਿਲ ਹੁੰਦੇ ਹਨ। ਦੁਕਾਨਦਾਰ ਮੇਲੇ ਵਿਚ ਦੁਕਾਨਾਂ ਲਾਉਣ ਲਈ ਮਹੀਨਾ ਪਹਿਲਾਂ ਹੀ ਥਾਂ ਮੱਲ ਲੈਂਦੇ ਹਨ। ਅਸਮਾਨ ਛੂੰਹਦੇ ਚੰਡੋਲ ਕਈ ਦਿਨ ਪਹਿਲਾਂ ਮੇਲੇ ਦਾ ਸਿੰਗਾਰ ਬਣ ਜਾਂਦੇ ਹਨ। ਮਾੜੀ ਦੇ ਆਲੇ ਦੁਆਲੇ ਮੇਲਾ ਇਕ ਜਾਦੂ ਨਗਰੀ ਜਾਪਦਾ ਹੈ। ਇਸ ਮੇਲੇ ਦਾ ਇਕੱਠ ਆਪਣੀ ਮਿਸ਼ਾਲ ਆਪ ਹੈ। ਤਹਿਸੀਲ ਸਮਰਾਲਾ ਦਾ ਇਹ ਸਭ ਤੋਂ ਵੱਡਾ ਗੁੱਗਾ ਮਾੜੀ ਮੇਲਾ ਹੈ।

ਇਸ ਮੇਲੇ ਦੀ ਵਿਲੱਖਣਤਾ ਇਹ ਹੈ ਕਿ ਇਸ ਮੇਲੇ ਵਿਚੋਂ ਛਪਾਰ ਦੇ ਮੇਲੇ ਦਾ ਹੂ-ਬ-ਹੂ ਰੂਪ ਦੇਖਣ ਨੂੰ ਮਿਲ ਜਾਂਦਾ ਹੈ। ਦੁਪਹਿਰ 2 ਕੁ ਵਜੇ ਤੋਂ ਬੜਾ ਭਾਰੀ ਛਿੰਝ ਮੇਲਾ ਵੀ ਬੜੀ ਸ਼ਾਲੋ ਸ਼ੋਕਤ ਨਾਲ ਕਰਵਾਇਆ ਜਾਂਦਾ ਹੈ। ਜਿਸ 'ਚ ਪੰਜਾਬ ਅਤੇ ਨੇੜਲੇ ਸੂਬਿਆਂ ਦੇ ਨਾਮੀ-ਗਰਾਮੀ ਪਹਿਲਵਾਨ ਸਿਰਕਤ ਕਰਦੇ ਹਨ।

ਇਹ ਮੇਲਾ ਵੀ ਪੰਜਾਬ ਦੇ ਮਸ਼ਹੂਰ ਮੇਲਿਆਂ ਦੀ ਕਤਾਰੀ 'ਚ ਸ਼ਾਮਲ ਹੋ ਗਿਆ ਹੈ। ਇਹ ਮੇਲਾ ਜਿੱਥੇ ਆਪਸੀ ਰਿਸ਼ਤਿਆਂ ਵਿਚ ਨਿੱਘ ਵਧਾਉਂਦਾ ਹੈ, ਉੱਥੇ ਸਭਿਆਚਾਰ ਦੀ ਜਿਊਂਦੀ ਜਾਗਦੀ ਤਸਵੀਰ ਵੀ ਹੈ। ਐਤਕੀ ਇਹ ਮੇਲਾ 15 ਸਤੰਬਰ 2016 ਦਿਨ ਵੀਰਵਾਰ ਨੂੰ ਭਰੇਗਾ। ਜਿਥੋਂ ਲੱਖਾਂ ਸ਼ਰਧਾਲੂ ਆਪਣੀਆਂ ਮੰਨਤਾਂ ਮੰਗਣ ਲਈ ਗੁੱਗਾ ਮਾੜੀ ਵਿਖੇ ਗੁੱਗੇ ਦੀ ਪੂਜਾ ਕਰਨਗੇ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com





5 ਸਤੰਬਰ 2016 ਨੂੰ ਅਧਿਆਪਕ ਦਿਵਸ ਦੇ ਮੌਕੇ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪ੍ਰਸਿੱਧ ਕਵੀ ਅਤੇ ਆਲੋਚਕ ਡਾ. ਮੋਹਨ ਸਿੰਘ ਤਿਆਗੀ ਦਾ ਸਨਮਾਨ ਕਰਦੇ ਹੋਏ, ਉਹਨਾਂ ਦੇ ਪੀ-ਐਚ.ਡੀ. ਦੇ ਖੋਜ ਵਿਦਿਆਰਥੀ ਅਤੇ ਸਹਿਯੋਗੀ। ਸਨਮਾਨ ਦੀ ਰਸਮ ਵਿੱਚ ਗੁਰਿੰਦਰਪਾਲ ਸਿੰਘ, ਵਿਕਰਮ ਸਿੰਘ, ਮਨੋਹਰ ਲਾਲ, ਗੁਰਦੀਪ ਸਿੰਘ, ਗੁਰਪ੍ਰਤੀ ਕੌਰ, ਚਰਨਜੀਤ ਸਿੰਘ, ਜਸਵੰਤ ਸਿੰਘ, ਗੁਰਵਿੰਦਰ ਸਿੰਘ ਅਤੇ ਮਨਜੀਤ ਕੌਰ ਸ਼ਾਮਿਲ ਹੋਏ। devmann999@gmail.com

# ਆਓ 15 ਸਤੰਬਰ ਨੂੰ ਫਰਿਜ਼ਨੋ ਚੱਲੀਏ..!



ਪੰਜਾਬ ਨੂੰ ਨਸ਼ਿਆਂ, ਭ੍ਰਿਸ਼ਟਾਚਾਰ ਅਤੇ ਗੁੰਡਾ ਰਾਜ ਤੋਂ ਮੁਕਤ ਕਰਾਉਣ ਲਈ ਆਓ, ਆਮ ਆਦਮੀ ਪਾਰਟੀ ਦਾ ਸਾਥ ਦੇਈਏ ਅਤੇ ਪੰਜਾਬ ਨੂੰ ਆਸ ਦੀ ਇਕ ਕਿਰਨ ਦਿਖਾਉਣ ਲਈ ਹੰਭਲਾ ਮਾਰੀਏ।

ਪਰਦੇਸੀ ਪੰਜਾਬੀਆਂ ਪੰਜਾਬ ਦੇ ਹਾਲਾਤ ਦੱਸਣ ਅਤੇ ਆਮ ਆਦਮੀ ਪਾਰਟੀ ਦੇ ਏਜੰਡੇ ਤੋਂ ਜਾਣੂੰ ਕਰਵਾਉਣ ਅਮਰੀਕਾ ਆ ਰਹੇ ਪਾਰਟੀ ਦੀ ਪੰਜਾਬ ਇਕਾਈ ਦੇ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ 15 ਸਤੰਬਰ, ਦਿਨ ਵੀਰਵਾਰ ਨੂੰ ਫਰਿਜ਼ਨੋ ਪਹੁੰਚ ਰਹੇ ਹਨ। ਉਨ੍ਹਾਂ ਦੇ ਮਾਣ ਵਿਚ ਇਕ ਇਕੱਠ ਉਸੇ ਦਿਨ ਸ਼ਾਮੀਂ 6 ਵਜੇ ਇਥੇ ਐਡੀਸਨ ਸੋਸ਼ਲ ਕਲੱਬ ਵਿਚ ਰੱਖਿਆ ਗਿਆ ਹੈ। ਇਸ ਮੌਕੇ ਹੋਰ ਬੁਲਾਰਿਆਂ ਵਿਚ ਸ. ਤਰਲੋਚਨ ਸਿੰਘ ਦੁਪਾਲਪੁਰ ਤੇ ਡਾ. ਗੁਰਮੀਤ ਸਿੰਘ ਬਰਸਾਲ ਵੀ ਪਹੁੰਚ ਰਹੇ ਹਨ।

## 15 ਸਤੰਬਰ 2016, ਦਿਨ ਵੀਰਵਾਰ ਸ਼ਾਮੀਂ 6 ਵਜੇ

ਹਾਲ ਦਾ ਪਤਾ– Edison Social Club 3325 W. Clinton Ave, Fresno CA 93722

**ਆਪ ਆਓ ਤੇ ਹੋਰਨਾਂ ਨੂੰ ਨਾਲ ਲਿਆਓ! ਗੁਰਪ੍ਰੀਤ ਸਿੰਘ ਘੁੱਗੀ ਦੇ ਵਿਚਾਰ ਸੁਣੋ ਅਤੇ ਆਪਣੇ ਵਿਚਾਰ ਉਨ੍ਹਾਂ ਨਾਲ ਸਾਂਝੇ ਕਰੋ।**

### ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰਨੇਕ ਸਿੰਘ ਬਾਗੜੀ (559) 916-6953
ਅਮੋਲਕ ਸਿੰਘ ਸਿੱਧੂ (559) 709-0089
ਜੰਗੀਰ ਸਿੰਘ ਗਿੱਲ (559) 260-1240
ਪ੍ਰਮੋਦ ਲੋਈ (559) 903-5667




**Media Sponsors : NEETA MACHHIKE & KULWANT DHALIAN**

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ

## ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ, ਜਥਾ ਕਰਨਗੇ ਸ਼ਬਦ ਗਾਇਨ



ਸ੍ਰੀ ਗੁਰੂ ਰਵਿਦਾਸ ਜੀ

ਸਿੱਖ ਪੰਥ ਦਾ ਪ੍ਰਸਿੱਧ ਰਾਗੀ ਜਥਾ
ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ
11 ਸਤੰਬਰ 2016 (ਦਿਨ ਐਤਵਾਰ) ਨੂੰ
ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ)
ਵਿਖੇ ਰਸ ਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ
ਕਰਨਗੇ। ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ
ਸਤਿਕਾਰਯੋਗ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ
ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ੁਭ ਅਵਸਰ
'ਤੇ ਆਪ ਆਪਣੇ ਪਰਿਵਾਰਕ ਮੈਂਬਰਾਂ ਨਾਲ ਹਾਜ਼ਰੀਆਂ
ਲਗਵਾ ਕੇ ਰਸ-ਭਿੰਨਾ ਸ਼ਬਦ ਸਰਵਣ ਕਰੋ ਜੀ।



ਭਾਈ ਹਰਜਿੰਦਰ ਸਿੰਘ ਜੀ (ਸ੍ਰੀਨਗਰ ਵਾਲੇ)

4 ਸਤੰਬਰ 2016 ਨੂੰ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰ ਦੀ ਸੇਵਾ ਭਾਈ ਸੁਰਿੰਦਰ ਰੱਤੂ ਅਤੇ ਬੀਬੀ ਮੀਨਾ ਰੱਤੂ ਦੁਆਰਾ ਆਪਣੀ ਭਤੀਜੀ ਸ਼ਵੇਤਾ ਅਤੇ ਸਾਲੇ ਦਿਨੇਸ਼ ਰੱਤੂ ਦੀ ਚੰਗੀ ਸਿਹਤ ਦੀ ਅਰਦਾਸ ਕਰਦਿਆਂ ਕੀਤੀ। ਵਾਹਿਗੁਰੂ ਇਸ ਗੁਰੂ ਘਰ ਨੂੰ ਸਮਰਪਿਤ ਪਰਿਵਾਰ ਨੂੰ ਚੜ੍ਹਦੀ ਕਲਾ ਬਖਸ਼ੇ।

ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

ਫਕੀਰਾ (ਰਮੇਸ਼) ਮਹਿਮੀ
(925) 698-1341

ਦਿਲਬਾਗ ਸਿੰਘ
(209) 834- 4641

## SRI GURU RAVIDASS TEMPLE PITTSBARG (CA)

## 2150 CRESTVIEW DRIVE, PITTSBURG, CA 94565




# MAJESTIC HOMES

**PRICE REDUCED**
$1,655,555
Berkeley


**GORGEOUS HOME IN BERKELEY HILLS**

Gorgeous 4000+ sqft home in Claremont Hills with 4 Bedrooms and 3.5 bathrooms. Stunning bay, & city lights views. Beautiful hardwood floors throughout. Granite counters, stainless steel appliance in the kitchen. Bonus room and a bar. Fire sprinklers, intercom and many upgrades. Court location. Just minutes away from the City. You have to see it to appreciate this GEM

**COMING SOON**
$428,888
Pittsburg

**4 Bedrooms and 2 bath Home in Pittsburg**

2135 sqft home with 4 Bedrooms+loft, 2.5 bathrooms and 2 car garage in a gated community. Granite kitchen counter tops cherry cabinets, hardwood floors, some carpet. Short distance to BART and Highway 4. Conventient location.







**COMING SOON**
$278,888
Sacramento

**3 Bedrooms and 2 Bathrooms - Home in Sacramento**

Seller got tired of leasing 3 Bedrooms, 2 bath and 2 car garage. Over 10,000 sqft lot, big enough to add a pool. Central heating and air conditioning. Needs some TLC. Single story home. Court location.

**COMING SOON**
$338,888
Antioch



**3 Bedrooms and 2 Bathrooms - Home in Antioch**

Cozy 3 Bedrooms, 2 bath and 2 car garage in a court location on a 6600 sqft lot. Dual pane windows. Storage shed in the backyard. Possible RV parking. Fire place in living room. Central heating and air conditioning. Single story home. Court location.



**Ramesh Suman, Broker**
BRE - 00871752 GRI, CDPE, RCS-D
RES.NET AMP REO Certified
HAFA Short Sale Specialist
Director - East Bay Regional Data, Inc.
(925) 779-1234



**Deo Raj "Dave" Singh, Realtor**
BRE License - 01789784
Direct: (925)766-3280
E-mail: Dave@MajesticHomes.us



**Rajbir S. Sarkaria, Realtor**
BRE License - 01499991
Direct: (925)766-5784
E-mail: Raj@MajesticHomes.us

**SALE PENDING**
$348,888
Antioch

**4 Bedrooms and 2 bath Home in Antioch**

4 Bedrooms, 2 bath and 2 car garage. Upgraded kitchen, bath and Carpet about 8 years ago. 2 bedrooms and a bath down stairs. Very convenient location.



## 2006 A Street, Suite 219, Antioch, CA 94509

**Service Excellence - Experience the Difference**

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।

WWW.MajesticHomes.US
Email: Ramesh@RameshSuman.com